Punjabi Parwaz

# ਪੰਜਾਬੀ ਪਰਵਾਜ਼

ਅੰਕ 21ਵਾਂ (ਸ਼ਿਕਾਗੋ): 2 ਮਾਰਚ ਤੋਂ 15 ਮਾਰਚ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਸ਼ੁਭਕਰਨ ਦੇ ਕਾਤਲਾਂ ਖਿਲਾਫ ਕੇਸ ਦਰਜ ਕਰਨ 'ਤੇ ਅੜਿਆ ਕਿਸਾਨ ਮੋਰਚਾ

*ਪੁਲਿਸ ਜਬਰ ਕਾਰਨ 7 ਮੌਤਾਂ, 250 ਕਿਸਾਨ ਜ਼ਖਮੀ, 20 ਦੀ ਹਾਲਤ ਗੰਭੀਰ *ਚਾਰ ਕਿਸਾਨਾਂ ਦੀ ਨਜ਼ਰ ਜਾਣ ਦਾ ਖਦਸ਼ਾ

**ਜਸਵੀਰ ਸਿੰਘ ਸ਼ੀਰੀ**

ਨੌਜਵਾਨ ਕਿਸਾਨ ਸ਼ੁਭਕਰਨ ਦੀ ਮੌਤ ਅਤੇ 250 ਕਿਸਾਨਾਂ ਦੇ ਜ਼ਖਮੀ ਹੋਣ ਨਾਲ ਕਿਸਾਨ ਸੰਘਰਸ਼ ਅਮੋੜ ਸਥਿਤੀ ਵਿੱਚ ਪਹੁੰਚ ਗਿਆ ਵਿਖਾਈ ਦਿੰਦਾ ਹੈ। ਲੱਗਦਾ ਹੈ, ਇੱਥੋਂ ਵਾਪਸ ਮੁੜਨਾ ਕਿਸਾਨ ਆਗੂਆਂ ਲਈ ਇਖਲਾਕੀ ਖ਼ੁਦਕੁਸ਼ੀ ਕਰਨ ਵਾਂਗ ਹੋਵੇਗਾ। ਦੂਜੇ ਪਾਸੇ ਸੰਯੁਕਤ ਕਿਸਾਨ ਮੋਰਚਾ (ਰਾਜੇਵਾਲ) ਅਤੇ ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ ਵਿਚਕਾਰ ਤਫਰਕੇ ਜਾਰੀ ਹਨ ਅਤੇ ਏਕਤਾ ਦੀ ਗੱਲ ਸ਼ੰਭੂ ਮੋਰਚੇ 'ਤੇ ਹੋ ਰਹੇ ਤਸ਼ੱਦਦ ਦੇ ਬਾਵਜੂਦ ਨੇੜੇ ਲੱਗਦੀ ਵਿਖਾਈ ਨਹੀਂ ਦੇ ਰਹੀ। ਯਾਦ ਰਹੇ, ਸੰਯੁਕਤ ਕਿਸਾਨ ਮੋਰਚਾ (ਰਾਜੇਵਾਲ-ਦਰਸ਼ਨਪਾਲ) ਵੱਲੋਂ ਆਪਣੀ 22 ਫਰਵਰੀ ਵਾਲੀ ਪ੍ਰੈਸ ਕਾਨਫਰੰਸ ਵਿੱਚ ਇਕ ਛੇ ਮੈਂਬਰੀ ਕਮੇਟੀ ਦੇ ਗਠਨ ਦਾ ਐਲਾਨ ਕੀਤਾ ਸੀ, ਜਿਸ ਨੇ ਸੰਯੁਕਤ ਮੋਰਚਾ {ਗੈਰ ਸਿਆਸੀ} ਨਾਲ ਏਕਤਾ ਲਈ ਵਾਰਤਾ ਆਰੰਭ ਕਰਨੀ ਸੀ। ਇਸ ਵਾਰਤਾ ਸਬੰਧੀ ਨਾ ਤਾਂ ਸ਼ੰਭੂ ਮੋਰਚੇ ਵਾਲੇ ਆਗੂਆਂ ਵੱਲੋਂ ਕੋਈ ਹੁੰਘਾਰਾ ਭਰਿਆ ਗਿਆ ਹੈ



ਹਿਨਾ ਨਾਂ ਦੀ ਨਰਸ ਇੱਕ ਜ਼ਖਮੀ ਕਿਸਾਨ ਦੀ ਮਦਦ ਕਰਦੀ ਹੋਈ

ਅਤੇ ਨਾ ਹੀ ਦੂਜੇ ਪਾਸਿਉਂ ਕਿਸੇ ਮੀਟਿੰਗ ਲਈ ਯਤਨ ਹੋਏ ਹਨ। ਦੋਵੇਂ ਧਿਰਾਂ ਫੁੱਟ ਲਈ ਇੱਕ ਦੂਜੇ ਨੂੰ ਜ਼ਿੰਮੇਵਾਰ ਠਹਿਰਾ ਰਹੀਆਂ ਹਨ। ਦੋਹਾਂ ਧਿਰਾਂ ਵੱਲੋਂ ਆਪੋ-ਆਪਣੇ ਸਮਾਨੰਤਰ ਪ੍ਰੋਗਰਾਮ ਦੇ ਦਿੱਤੇ ਗਏ ਹਨ। ਭਾਵੇਂ ਕਿ ਸ਼ੰਭੂ-ਖਨੌਰੀ ਮੋਰਚੇ 'ਤੇ ਪੁਲਿਸ ਵੱਲੋਂ ਕੀਤੇ ਗਏ ਜਬਰ ਦਾ ਦੂਜੀ ਧਿਰ ਵੱਲੋਂ ਵੀ ਜ਼ੋਰਦਾਰ ਵਿਰੋਧ ਕੀਤਾ ਗਿਆ ਹੈ।

ਸੰਯੁਕਤ ਮੋਰਚੇ (ਰਾਜੇਵਾਲ-ਦਰਸ਼ਨਪਾਲ) ਵਾਲੇ ਆਗੂਆਂ ਦਾ ਆਖਣਾ ਹੈ ਕਿ ਗੈਰ-ਸਿਆਸੀ ਧਿਰ ਵੱਲੋਂ ਸੰਘਰਸ਼ ਸ਼ੁਰੂ ਕਰਨ ਤੋਂ ਪਹਿਲਾਂ ਉਨ੍ਹਾਂ ਨਾਲ ਤਾਲਮੇਲ ਨਹੀਂ ਕੀਤਾ ਗਿਆ, ਜਦੋਂ ਕਿ ਗੈਰ-ਸਿਆਸੀ ਧਿਰ ਵੱਲੋਂ ਪੰਧੇਰ ਅਤੇ ਡੱਲੇਵਾਲ ਨੇ ਆਪੋ ਆਪਣੀਆਂ ਪ੍ਰੈਸ ਕਾਨਫਰੰਸਾਂ ਕਰਕੇ ਦੱਸਿਆ ਕਿ ਪਿਛਲੇ ਸਾਲ ਅੱਠ ਅਕਤੂਬਰ ਤੋਂ ਬਾਅਦ ਦੋਹਾਂ ਧਿਰਾਂ ਵਿਚਕਾਰ 13 ਮੀਟਿੰਗਾਂ ਹੋਈਆਂ। ਇਨ੍ਹਾਂ ਮੀਟਿੰਗਾਂ ਵਿੱਚ ਸਹਿਮਤੀ ਨਾ ਬਣਨ ਕਾਰਨ ਹੀ ਸੰਘਰਸ਼ ਦੀ ਰੂਪਰੇਖਾ ਉਲੀਕੀ ਗਈ। ਲੱਗਦਾ ਹੈ, ਕਿਸਾਨ ਹਿੱਤਾਂ ਉੱਤੇ ਆਗੂਆਂ ਦੀ ਹਉਮੈ ਭਾਰੂ ਪੈ ਰਹੀ ਹੈ। ਸ਼ੰਭੂ ਮੋਰਚੇ ਵਾਲੇ ਆਗੂ ਆਖ ਰਹੇ ਹਨ ਕਿ ਹੁਣ ਵੀ ਕੋਈ ਹੋਰ ਧਿਰ

⇒ ਬਾਕੀ ਸਫਾ 4 ਉਤੇ ਪੜ੍ਹੋ

## ਰਾਜ ਸਭਾ ਚੋਣਾਂ: ਹਿਮਾਚਲ, ਯੂ.ਪੀ. ਅਤੇ ਕਰਨਾਟਕਾ 'ਚ ਹੋਈ ਕਰਾਸ ਵੋਟਿੰਗ

**ਪੰਜਾਬੀ ਪਰਵਾਜ਼ ਬਿਊਰੋ**

ਹਿਮਾਚਲ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਕਰਨਾਟਕਾ ਵਿੱਚ ਰਾਜ ਸਭਾ ਦੀਆਂ 15 ਸੀਟਾਂ 'ਤੇ ਹੋਈ ਚੋਣ ਨੇ ਇਹ ਤੱਥ ਫੇਰ ਸਾਬਤ ਕਰ ਦਿੱਤਾ ਹੈ ਕਿ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਦੇ ਮਾਮਲੇ ਵਿੱਚ ਭਾਰਤੀ ਜਨਤਾ ਪਾਰਟੀ ਕਿਸੇ ਹੱਦ ਤੱਕ ਵੀ ਜਾ ਸਕਦੀ ਹੈ। ਬੀਤੇ ਦਿਨ (27 ਫਰਵਰੀ) ਹਿਮਾਚਲ ਦੀ ਇੱਕ, ਕਰਨਾਟਕ ਦੀਆਂ ਚਾਰ ਅਤੇ ਉੱਤਰ ਪ੍ਰਦੇਸ਼ ਦੀਆਂ 10 ਰਾਜ ਸਭਾ ਸੀਟਾਂ 'ਤੇ ਚੋਣ ਹੋਈ, ਜਿਨਾਂ ਵਿੱਚੋਂ ਭਾਜਪਾ ਨੇ 8 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ, ਜਦਕਿ ਵਿਰੋਧੀਆਂ ਦੇ ਹੱਥ 7 ਸੀਟਾਂ ਆਈਆਂ ਹਨ। ਭਾਜਪਾ ਨੇ ਉੱਤਰ ਪ੍ਰਦੇਸ਼ ਵਿੱਚ 10 ਵਿੱਚੋਂ 8 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ, ਜਦਕਿ ਕਰਨਾਟਕਾ ਵਿੱਚ ਭਾਜਪਾ ਨੂੰ ਇੱਕ ਸੀਟ ਪ੍ਰਾਪਤ ਹੋਈ ਹੈ ਅਤੇ ਤਿੰਨ ਕਾਂਗਰਸ ਪਾਰਟੀ ਨੇ ਜਿੱਤੀਆਂ ਹਨ। ਇੱਥੇ ਕਾਂਗਰਸ ਦੇ ਪੱਖ ਵਿੱਚ ਕਰਾਸ ਵੋਟਿੰਗ ਵੇਖੀ ਗਈ।

ਹਿਮਾਚਲ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਹੋਣ ਦੇ ਬਾਵਜੂਦ ਭਾਜਪਾ ਰਾਜ ਸਭਾ ਦੀ ਇੱਕੋ-ਇੱਕ ਸੀਟ ਜਿੱਤਣ ਵਿੱਚ ਕਾਮਯਾਬ ਹੋ ਗਈ ਹੈ। ਰਾਜ ਸਭਾ ਲਈ ਚੋਣਾਂ ਦਾ ਮਾਮਲਾ ਹਿਮਾਚਲ ਅਤੇ ਉੱਤਰ ਪ੍ਰਦੇਸ਼ ਵਿੱਚ ਖਾਸ ਤੌਰ 'ਤੇ ਦਿਲਚਸਪ ਰਿਹਾ, ਜਿੱਥੇ ਭਾਜਪਾ ਨੇ ਕਰਾਸ ਵੋਟਿੰਗ ਕਰਵਾਉਣ ਲਈ ਵੱਡਾ ਤਰੱਦਦ ਕੀਤਾ। ਕੁੱਲ 68 ਸੀਟਾਂ ਵਾਲੀ ਹਿਮਾਚਲ ਅਸੈਂਬਲੀ ਵਿੱਚ ਕਾਂਗਰਸ ਪਾਰਟੀ ਕੋਲ 40 ਸੀਟਾਂ ਹਨ, ਜਦਕਿ ਭਾਰਤੀ ਜਨਤਾ ਪਾਰਟੀ ਕੋਲ 25 ਸੀਟਾਂ ਹਨ। ਇਸ ਤੋਂ ਇਲਾਵਾ ਤਿੰਨ ਆਜ਼ਾਦ ਅਸੈਂਬਲੀ ਮੈਂਬਰ ਹਨ। 6 ਕਾਂਗਰਸ ਅਤੇ ਤਿੰਨ ਆਜ਼ਾਦ ਵਿਧਾਇਕ ਜਿਨ੍ਹਾਂ ਨੇ ਕਾਂਗਰਸ ਪਾਰਟੀ ਦੇ ਉਲਟ ਵੋਟਿੰਗ ਕੀਤੀ, ਉਨ੍ਹਾਂ ਨੂੰ ਭਾਜਪਾ ਵੱਲੋਂ ਹਰਿਆਣਾ ਪੁਲਿਸ ਅਤੇ ਸੀ.ਆਰ.ਪੀ.ਐਫ. ਦੀ ਮਦਦ ਨਾਲ ਹਿਮਾਚਲ ਪ੍ਰਦੇਸ਼ ਤੋਂ ਬਾਹਰ ਰੱਖਿਆ ਗਿਆ। ਵੋਟਿੰਗ ਹੋਣ ਤੋਂ ਬਾਅਦ ਵੀ ਉਪਰੋਕਤ ਫੋਰਸਾਂ ਦੀ ਮਦਦ ਨਾਲ ਉਨ੍ਹਾਂ ਨੂੰ ਰਾਜ ਦੇ ਬਾਹਰ ਲਿਜਾ ਕੇ ਪੰਚਕੂਲਾ ਦੇ ਕਿਸੇ ਨਿੱਜੀ ਹੋਟਲ ਵਿੱਚ ਰੱਖਿਆ ਗਿਆ। ਜੇ ਕਾਂਗਰਸ ਪਾਰਟੀ ਬਜਟ ਪਾਸ ਕਰਵਾਉਣ ਵਿੱਚ ਅਸਫਲ ਰਹਿੰਦੀ ਹੈ ਜਾਂ ਭਾਜਪਾ ਬਜਟ ਕੱਟ ਮੋਸ਼ਨ ਲੈ ਆਉਂਦੀ ਹੈ ਤਾਂ ਰਾਜ ਦੀ ਸਰਕਾਰ ਡਿੱਗ ਸਕਦੀ ਹੈ।

ਇਸ ਤੋਂ ਇਲਾਵਾ ਬਹੁਮੱਤ ਗਵਾ ਲੈਣ ਦੀ ਸੂਰਤ ਵਿੱਚ ਭਾਜਪਾ ਕਾਂਗਰਸ ਦੀ ਸਰਕਾਰ ਖਿਲਾਫ ਬੇਵਸਾਹੀ ਮਤਾ ਵੀ ਲਿਆ ਸਕਦੀ ਹੈ। ਹਿਮਾਚਲ ਅਸੈਂਬਲੀ ਵਿੱਚ ਕਾਂਗਰਸ ਨੂੰ ਬਹੁਮੱਤ ਸਾਬਤ ਕਰਨ ਲਈ 35 ਮੈਂਬਰਾਂ ਦੀ ਲੋੜ ਹੈ, ਜਦਕਿ ਰਾਜ ਸਭਾ ਦੀ ਸੀਟ ਲਈ ਵੋਟਿੰਗ ਵਿੱਚ ਉਸ ਦੇ ਉਮੀਦਵਾਰ ਨੂੰ 34 ਅਸੈਂਬਲੀ ਮੈਂਬਰਾਂ ਨੇ ਵੋਟਾਂ ਪਾਈਆਂ ਹਨ। ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਆਪਣੇ ਅਸੈਂਬਲੀ ਮੈਂਬਰਾਂ ਦੀ ਖਰੀਦੋ-ਫਰੋਖਤ ਲਈ ਭਾਜਪਾ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਭਾਜਪਾ ਗੁੰਡਾਗਰਦੀ 'ਤੇ ਉੱਤਰ ਆਈ ਹੈ। ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਸਾਡੇ ਵਿਧਾਇਕਾਂ ਨੂੰ ਗੈਰ-ਕਾਨੂੰਨੀ ਢੰਗ ਨਾਲ ਅਗਵਾ ਕਰਕੇ ਰੱਖਿਆ ਗਿਆ। ਕਿਸੇ ਨੂੰ ਵੀ ਉਨ੍ਹਾਂ ਨਾਲ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਇੱਥੇ ਜ਼ਿਕਰਯੋਗ ਹੈ ਕਿ ਕਾਂਗਰਸ ਪਾਰਟੀ ਵਲੋਂ ਅਭਿਸ਼ੇਕ ਮਨੂ ਸਿੰਘਵੀ ਨੇ ਹਿਮਾਚਲ ਰਾਜ ਸਭਾ ਚੋਣ ਲੜੀ ਸੀ, ਪਰ ਕਰਾਸ ਵੋਟਿੰਗ ਕਾਰਨ ਭਾਜਪਾ ਦੇ ਉਮੀਦਵਾਰ ਹਰਸ਼ ਮਹਾਜਨ ਉਨ੍ਹਾਂ ਦੇ ਬਰਾਬਰ ਵੋਟਾਂ ਲੈ ਗਏ। ਦੋਹਾਂ ਉਮੀਦਵਾਰਾਂ ਨੂੰ 34-34 ਵੋਟਾਂ ਪਈਆਂ। ਬਾਅਦ ਵਿੱਚ ਹੋਈ ਟਾਸ ਵਿੱਚ ਭਾਜਪਾ ਉਮੀਦਵਾਰ ਨੂੰ ਜੇਤੂ ਕਰਾਰ ਦੇ ਦਿੱਤਾ ਗਿਆ।

ਇਸ ਦਰਮਿਆਨ ਕਾਂਗਰਸ ਪਾਰਟੀ ਦੇ ਕੌਮੀ ਪ੍ਰਧਾਨ ਮਲਿਕਾਰੁਜਨ ਖੜਗੇ ਨੇ ਕਿਹਾ ਕਿ ਉਹ ਹਿਮਾਚਲ ਵਿੱਚ ਹੋਈ ਰਾਜ ਸਭਾ ਦੀ ਚੋਣ ਨੂੰ ਅਦਾਲਤ ਵਿੱਚ ਚਣੌਤੀ ਦੇਣਗੇ। ਉਨ੍ਹਾਂ ਕਿਹਾ ਕਿ ਟਾਸ ਦੇ ਆਧਾਰ 'ਤੇ ਕਿਸੇ ਉਮੀਦਵਾਰ ਨੂੰ ਜੇਤੂ ਕਰਾਰ ਨਹੀਂ ਦਿੱਤਾ ਜਾ ਸਕਦਾ। ਉਨ੍ਹਾਂ ਹੋਰ ਕਿਹਾ ਕਿ ਜਿਸ ਢੰਗ ਨਾਲ ਖਰੀਦੋ-ਫਰੋਖਤ ਕਰ ਕੇ ਭਾਜਪਾ ਚੁਣੀਆਂ ਹੋਈਆਂ ਸਰਕਾਰਾਂ ਨੂੰ ਤੋੜ ਰਹੀ ਹੈ, ਇਸ ਨਾਲ ਜਮਹੂਰੀਅਤ ਤਬਾਹ ਹੋ ਜਾਵੇਗੀ। ਇੱਥੇ ਇਹ ਪੱਖ ਵੀ ਧਿਆਨ ਦੇਣ ਯੋਗ ਹੈ ਕਿ ਕਾਂਗਰਸ ਵਿੱਚੋਂ ਟੁੱਟ ਕੇ ਆਏ ਮੈਂਬਰਾਂ ਨੂੰ ਭਾਜਪਾ ਵਿੱਚ ਸ਼ਾਮਲ ਕਰਨ ਲਈ ਪਾਰਟੀ ਕੋਲ ਘੱਟੋ ਘੱਟ 26 ਵਿਧਾਇਕ ਚਾਹੀਦੇ ਹਨ, ਜਦਕਿ ਉਨ੍ਹਾਂ ਦੇ ਆਪਣੇ ਅਸੈਂਬਲੀ ਮੈਂਬਰਾਂ ਦੀ ਗਿਣਤੀ 25 ਹੈ। ਇਸ ਹਾਲਤ ਵਿੱਚ ਹਿਮਾਚਲ ਸਰਕਾਰ ਜੇ ਘੱਟਗਿਣਤੀ ਵਿੱਚ ਰਹਿ ਜਾਂਦੀ ਹੈ ਤਾਂ ਰਾਸ਼ਟਰਪਤੀ ਰਾਜ ਹੀ ਇੱਕੋ ਇੱਕ ਬਦਲ ਬਚਦਾ ਹੈ।

ਜਿੱਥੋਂ ਤੱਕ ਉੱਤਰ ਪ੍ਰਦੇਸ਼ ਦਾ ਸਵਾਲ ਹੈ, ਭਾਜਪਾ ਕੋਲ ਇੱਥੇ 252 ਅਸੈਂਬਲੀ ਮੈਂਬਰ ਹਨ। ਸਮਾਜਵਾਦੀ ਪਾਰਟੀ ਦੇ 108 ਮੈਂਬਰ ਹਨ ਅਤੇ ਕਾਂਗਰਸ ਦੇ ਦੋ ਵਿਧਾਇਕ ਹਨ। ਉੱਤਰ ਪ੍ਰਦੇਸ਼ ਵਿੱਚ ਭਾਜਪਾ ਅਤੇ ਸਪਾ ਕੋਲ ਕ੍ਰਮਵਾਰ 7 ਅਤੇ 3 ਮੈਂਬਰ ਰਾਜ ਸਭਾ ਵਿੱਚ ਭੇਜਣ ਲਈ ਗਿਣਤੀ ਮੌਜੂਦ ਸੀ, ਪਰ ਭਾਜਪਾ ਵੱਲੋਂ ਅੱਠਵਾਂ ਉਮੀਦਵਾਰ ਵੀ ਖੜ੍ਹਾ ਕੀਤਾ ਗਿਆ, ਜਿਹੜਾ ਸਪਾ ਵਿਧਾਇਕਾਂ ਵੱਲੋਂ ਕੀਤੀ ਗਈ ਕਰਾਸ ਵੋਟਿੰਗ ਕਾਰਨ ਜਿੱਤ ਗਿਆ। ਇੰਜ ਸਮਾਜਵਾਦੀ ਪਾਰਟੀ ਦੇ ਯੂ.ਪੀ. ਵਿੱਚੋਂ ਦੋ ਮੈਂਬਰ ਹੀ ਰਾਜ ਸਭਾ ਵਿੱਚ ਪੁੱਜ ਸਕੇ।

ਕਰਨਾਟਕਾ ਹੀ ਇੱਕ ਅਜਿਹਾ ਰਾਜ ਰਿਹਾ, ਜਿਸ ਵਿੱਚ ਕਾਂਗਰਸ ਪਾਰਟੀ ਨੇ ਕਰਾਸ ਵੋਟਿੰਗ ਦੀ ਉਲਟੀ ਖੇਡ ਖੇਡੀ। ਕਰਨਾਟਕ ਵਿੱਚ ਤਿੰਨ ਉਮੀਦਵਾਰ ਕਾਂਗਰਸ ਦੇ ਜਿੱਤੇ ਤੇ ਇੱਕ ਉਤੇ ਭਾਜਪਾ ਜੇਤੂ ਰਹੀ। ਇੱਥੇ ਇਕ ਭਾਜਪਾ ਵਿਧਾਇਕ ਐਸ ਸੋਮਾਸ਼ੇਖਰ ਨੇ ਕਾਂਗਰਸੀ ਉਮੀਦਵਾਰ ਅਜੈ ਮਾਕਨ ਨੂੰ ਵੋਟ ਪਾਈ, ਜਦਕਿ ਇੱਕ ਹੋਰ ਵਿਧਾਇਕ ਏ.ਸ਼ਿਵਰਾਮ ਵੋਟਿੰਗ ਸਮੇਂ ਗੈਰ-ਹਾਜ਼ਰ ਰਹੇ। ਯਾਦ ਰਹੇ, ਵੱਖ ਵੱਖ ਰਾਜਾਂ ਵਿੱਚ ਰਾਜ ਸਭਾ ਲਈ 56 ਮੈਂਬਰ ਚੁਣੇ ਜਾਣੇ ਸਨ, ਜਿਨ੍ਹਾਂ ਵਿਚੋਂ 41 ਬਿਨਾ ਵਿਰੋਧ ਚੁਣੇ ਗਏ ਜਦਕਿ 15 'ਤੇ ਵੋਟਿੰਗ ਹੋਈ।



# ਨਵੇਲਨੀ ਦੀ ਮੌਤ ਨਾਲ ਰੂਸੀ ਵਿਰੋਧੀ ਧਿਰ ਲਾਵਾਰਸ ਹੋਈ

**ਜੇ.ਐਸ. ਮਾਂਗਟ**

## ਅਮਰੀਕਾ ਅਤੇ ਯੂਰਪ ਨੇ ਆਰਥਕ ਪਾਬੰਦੀਆਂ ਹੋਰ ਸਖ਼ਤ ਕੀਤੀਆਂ

ਸੰਸਾਰ ਪ੍ਰਸਿੱਧ ਪੂਤਿਨ ਵਿਰੋਧੀ ਆਗੂ ਅਲੈਕਸੀ ਨਵੇਲਨੀ ਦੀ ਜੇਲ੍ਹ ਵਿੱਚ ਮੌਤ ਹੋ ਗਈ ਹੈ। ਉਸ ਦੀ ਮੌਤ ਪੋਲਰ ਵੌਲਫ ਆਰਕਟਿਕ ਕਲੋਨੀ ਵਿੱਚ ਹੋਈ, ਜਿੱਥੇ ਉਹ ਲੰਮੀ ਜੇਲ੍ਹ ਭੋਗ ਰਿਹਾ ਸੀ। ਲੰਮੇ ਉਚੇ ਕੱਦ ਦਾ ਨੀਲੀਆਂ ਅੱਖਾਂ ਵਾਲਾ ਸੋਹਣਾ ਸੁਨੱਖਾ ਨਵੇਲਨੀ ਆਪਣੀਆਂ ਰਾਜਨੀਤਿਕ ਅਤੇ ਸਮਾਜਕ ਸਰਗਰਮੀ ਕਾਰਨ ਦੁਨੀਆਂ ਪੱਧਰ ਉਤੇ ਜਾਣਿਆ ਜਾਂਦਾ ਸੀ। ਉਸ ਦਾ ਝੁਕਾਅ ਭਾਵੇਂ ਸੱਜੇ ਪੱਖੀ ਸੀ, ਪਰ ਉਹ ਪੱਛਮ ਪੱਖੀ ਜਮਹੂਰੀ ਅਤੇ ਵਿੱਤੀ ਸੁਧਾਰਾਂ ਦੇ ਹਿੱਤ ਵਿੱਚ ਆਪਣੀ ਆਵਾਜ਼ ਉਠਾ ਰਿਹਾ ਸੀ। ਉਹ ਪੂਤਿਨ ਦੀ 'ਯੁਨਾਈਟਿਡ ਰਸ਼ੀਆ' ਪਾਰਟੀ ਨੂੰ 'ਚੋਰਾਂ ਤੇ ਬਦਮਾਸ਼ਾਂ ਦਾ ਟੋਲਾ' ਆਖਦਾ ਸੀ। ਅਲੈਕਸੀ ਨੇ ਰੂਸੀ ਸੱਤਾ ਦੇ ਉਪਰਲੇ ਗਲਿਆਰਿਆਂ ਵਿੱਚ ਫੈਲੇ ਭ੍ਰਿਸ਼ਟਾਚਾਰ ਨੂੰ ਨੰਗਾ ਕਰਨ ਲਈ ਵੱਡਾ ਜ਼ੋਖਮ ਉਠਾਇਆ ਅਤੇ ਆਖਿਰ ਇਸ ਦਾ ਮੁੱਲ ਆਪਣੀ ਜਾਨ ਦੇ ਕੇ ਤਾਰਿਆ।

ਰੂਸੀ ਸੱਤਾ ਵਿੱਚ ਕਿਸ ਕਿਸਮ ਦੀ ਬੇਹਇਆਈ ਅਤੇ ਘੋਰ ਬੇਰਹਿਮੀ ਪਸਰੀ ਹੋਈ ਹੈ, ਇਸ ਦਾ ਪਤਾ ਉਦੋਂ ਲਗਦਾ ਹੈ ਜਦੋਂ ਨਵੇਲਨੀ ਨੂੰ ਕੁਝ ਸਮਾਂ ਪਹਿਲਾਂ ਜੇਲ੍ਹ ਵਿੱਚ ਸੋਵੀਅਤ ਯੁੱਗ ਦਾ ਮਸ਼ਹੂਰ ਜ਼ਹਿਰ (ਨੋਵੀਚੋਕ) ਦੇ ਕੇ ਮਾਰਨ ਦਾ ਯਤਨ ਕੀਤਾ ਗਿਆ। ਉਸ ਦਾ ਪਰਿਵਾਰ ਅਤੇ ਯਾਰ ਬੇਲੀ ਉਸ ਨੂੰ ਜਰਮਨੀ ਦੇ ਇੱਕ ਹਸਪਤਾਲ ਵਿੱਚ ਲੈ ਗਏ ਸਨ, ਜਿੱਥੇ ਉਸ ਦੀ ਜਾਨ ਤਾਂ ਬਚ ਗਈ, ਪਰ ਨੋਵੀਚੋਕ ਦਾ ਹਮਲਾ ਉਸ ਦੇ ਨਾੜੀ ਪ੍ਰਬੰਧ (ਨਰਵਸ ਸਿਸਟਮ) 'ਤੇ ਗਹਿਰੇ ਦੂਰ-ਪ੍ਰਭਾਵ ਛੱਡ ਗਿਆ। ਗੋਰੇ ਦਗਦੇ ਚਿਹਰੇ ਨਾਲ ਇਹ ਰੂਸੀ ਆਗੂ ਇਸ ਜਾਨਲੇਵਾ ਹਮਲੇ ਪਿੱਛੋਂ ਵੀ ਰੂਸ ਪਰਤ ਆਇਆ ਸੀ, ਪਰ ਦੇਸ਼ ਪਰਤਦਿਆਂ ਹੀ ਅੱਤਵਾਦ (ਐਕਸਟਰੀਮਇਜ਼ਮ) ਦੇ ਕੇਸ ਪਾ ਕੇ ਉਸ ਨੂੰ ਜੇਲ੍ਹ ਵਿੱਚ ਧੱਕ ਦਿੱਤਾ ਗਿਆ। ਜੇਲ੍ਹ 'ਚੋਂ ਹੀ ਉਸ ਨੇ ਆਪਣੀ ਸਰਗਰਮੀ ਸ਼ੁਰੂ ਕਰ ਦਿੱਤੀ। ਨਲੇਵਨੀ ਨੇ ਰੂਸ ਵੱਲੋਂ ਯੂਕਰੇਨ 'ਤੇ ਕੀਤੇ ਫੌਜੀ ਹਮਲੇ ਦਾ ਵੀ ਜ਼ੋਰਦਾਰ ਵਿਰੋਧ ਕੀਤਾ ਸੀ।

ਉਸ ਦੇ ਨਜ਼ਦੀਕੀਆਂ ਅਨੁਸਾਰ ਪੋਸਟ ਮਾਰਟਮ ਮਗਰੋਂ ਨਲੇਵਨੀ ਦੀ ਲਾਸ਼ ਆਖਰ 24 ਫਰਵਰੀ ਨੂੰ ਉਸ ਦੀ ਮਾਂ ਨੂੰ ਸੌਂਪ ਦਿੱਤੀ ਗਈ, ਪਰ ਉਸ 'ਤੇ ਅਲੈਕਸੀ ਦੀਆਂ ਅੰਤਿਮ ਰਸਮਾਂ ਗੁਪਤ ਰੂਪ ਵਿੱਚ ਕੀਤੇ ਜਾਣ ਲਈ ਦਬਾਅ ਪਾਇਆ ਜਾਂਦਾ ਰਿਹਾ। ਨਵੇਲਨੀ ਦੀ ਐਂਟੀ ਕੁਰੱਪਸ਼ਨ ਫਾਊਂਡੇਸ਼ਨ ਦੇ ਡਾਇਰੈਕਟਰ ਇਵਾਨ ਜਧਾਨੋਵਾ ਨੇ ਉਸ ਹਰ ਸ਼ਖਸ ਦਾ ਧੰਨਵਾਦ ਕੀਤਾ ਹੈ, ਜਿਸ ਨੇ ਨਵੇਲਨੀ ਦੀ ਮ੍ਰਿਤਕ ਦੇਹ ਪਰਿਵਾਰ ਨੂੰ ਵਾਪਸ ਕਰਨ ਲਈ ਜ਼ੋਰ ਪਾਇਆ। ਅਲੈਕਸੀ ਨਵੇਲਨੀ ਦੀ ਅਚਾਨਕ ਮੌਤ ਤੋਂ ਬਾਅਦ ਲੋਕਾਂ ਨੇ ਜਨਤਕ ਥਾਵਾਂ 'ਤੇ ਉਸ ਲਈ ਫੁੱਲ ਰੱਖ ਕੇ ਨੋਟ ਲਿਖੇ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਨਵੇਲਨੀ ਦੀ ਵਿਧਵਾ ਪਤਨੀ ਜੁਲੀਆ ਨਲੇਵਨੀ ਨੇ ਦੋਸ਼ ਲਾਏ ਸਨ ਕਿ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਉਸ ਦੇ ਪਤੀ ਦੀ ਹੱਤਿਆ ਲਈ ਜ਼ਿੰਮੇਵਾਰ ਹੈ। ਉਸ ਦੇ ਕਥਿਤ ਕਤਲ ਦੀ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਸਮੇਤ ਕਈ ਯੂਰਪੀਨ ਆਗੂਆਂ ਨੇ ਨਿੰਦਾ ਕੀਤੀ ਹੈ ਅਤੇ ਇਸ ਲਈ ਪੂਤਿਨ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਅਮਰੀਕਾ ਅਤੇ ਯੂਰਪ ਵੱਲੋਂ ਰੂਸ 'ਤੇ ਆਰਥਕ ਪਾਬੰਦੀਆਂ ਵੀ ਹੋਰ ਸਖਤ ਕਰ ਦਿੱਤੀਆਂ ਗਈਆਂ ਹਨ।

ਯਾਦ ਰਹੇ, ਨਲੇਵਨੀ ਦੀ 16 ਫਰਵਰੀ ਨੂੰ ਆਰਕਟਿਕ ਪੈਨਲ ਕਾਲੋਨੀ ਵਿੱਚ ਅਣਕਿਆਸੇ ਢੰਗ ਨਾਲ ਮੌਤ ਹੋ ਗਈ ਸੀ। ਸੈਰ ਕਰਨ ਦੇ ਬਾਅਦ ਉਸ ਨੂੰ ਕੁਝ ਬੇਚੈਨੀ ਮਹਿਸੂਸ ਹੋਈ ਅਤੇ ਫਿਰ ਬੇਹੋਸ਼ ਹੋ ਗਿਆ। ਸਿਹਤ ਅਮਲੇ ਨੇ ਉਸ ਦੀ ਜਾਨ ਬਚਾਉਣ ਲਈ ਅੰਤਿਮ ਵਾਹ ਲਾਈ, ਪਰ ਬੇਹੋਸ਼ ਹੋਣ ਤੋਂ ਅੱਧੇ ਘੰਟੇ ਬਾਅਦ ਉਸ ਦੀ ਮੌਤ ਹੋ ਗਈ। ਇੱਕ ਵੀਡੀਓ ਸੁਨੇਹੇ ਵਿੱਚ ਨਵੇਲਨੀ ਦੀ ਪਤਨੀ ਜੂਲੀਆ ਨਵੇਲਨੀ ਨੇ ਉਨ੍ਹਾਂ ਲੋਕਾਂ ਦਾ ਧੰਨਵਾਦ ਕੀਤਾ, ਜਿਸ ਨੇ ਵਿਛੜੇ ਆਗੂ ਲਈ ਹਮਦਰਦੀ ਦੇ ਕੁਝ ਸ਼ਬਦ ਕਹੇ ਜਾਂ ਸ਼ਰਧਾਂਜਲੀ ਦਿੱਤੀ। ਉਹਨੇ ਅਲੈਕਸੀ ਦੀ ਮੌਤ ਲਈ ਪੂਤਿਨ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ, "ਤੁਸੀਂ ਉਸ 'ਤੇ ਜਿਉਂਦੇ ਜੀ ਤਸ਼ੱਦਦ ਕੀਤਾ ਅਤੇ ਹੁਣ ਉਸ ਦੀ ਲਾਸ਼ ਦੀ ਬੇਹੁਰਮਤੀ ਕਰ ਰਹੇ ਹੋ।" ਜੂਲੀਆ ਨੇ ਹੋਰ ਕਿਹਾ, "ਕੋਈ ਵੀ ਅਸਲ ਇਸਾਈ ਇਸ ਤਰ੍ਹਾਂ ਨਹੀਂ ਕਰ ਸਕਦਾ। ਤੁਸੀਂ ਉਸ ਦੀ ਲਾਸ਼ ਦਾ ਕੀ ਕਰੋਗੇ, ਜਿਸ ਨੂੰ ਤੁਸੀਂ ਕਤਲ ਕਰ ਦਿੱਤਾ? ਤੁਸੀਂ ਉਸ ਦੀ ਲਾਸ਼ ਦਾ ਮਜ਼ਾਕ ਉਡਾਉਣ ਤੱਕ ਗਿਰ ਗਏ ਹੋ।"

ਨਲੇਵਨੀ ਦੀ ਮੌਤ ਦੇ ਨੌਵੇਂ ਦਿਨ ਬੀਤੇ ਸ਼ਨੀਵਾਰ ਉਸ ਦੇ ਚਾਹੁਣ ਵਾਲੇ ਉਸ ਨੂੰ ਸ਼ਰਧਾਂਜਲੀ ਦੇਣ ਲਈ ਰੂਸੀ ਚਰਚਾਂ ਵਿੱਚ ਇਕੱਠੇ ਹੋਏ। ਰੂਸੀ ਪੁਲਿਸ ਦੇ ਮੁਲਾਜ਼ਮ ਕਈ ਥਾਂਈਂ ਲੋਕਾਂ ਨੂੰ ਸ਼ਰਧਾਂਜਲੀ ਸਮਾਗਮਾਂ ਵਿੱਚ ਜਾਣ ਤੋਂ ਰੋਕਦੇ ਰਹੇ। ਸ਼ਨੀਵਾਰ ਵਾਲੇ ਦਿਨ ਘੱਟੋ ਘੱਟ 38



ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ। ਪ੍ਰਦਸ਼ਨਕਾਰੀਆਂ ਵਿੱਚ ਰੂਸ ਦੀ ਮਸ਼ਹੂਰ ਕਲਾਕਾਰ 78 ਸਾਲਾ ਓਲੀਨਾ ਉਸੀਪੋਵਾ ਵੀ ਸ਼ਾਮਲ ਸੀ, ਜਿਹੜੀ ਇੱਕ ਪੋਸਟਰ ਲੈ ਕੇ ਸੜਕ 'ਤੇ ਖੜੀ ਸੀ, ਜਿਸ ਵਿੱਚ ਨਵੇਲਨੀ ਨੂੰ ਪਰਾਂ ਵਾਲੇ ਫਰਿਸ਼ਤੇ ਦਾ ਰੂਪ ਦਿੱਤਾ ਗਿਆ ਸੀ। 64 ਸਾਲਾ ਸਰਗੇਈ ਕਰਬਾਤੋਵ ਰਾਜਨੀਤਿਕ ਤਸ਼ੱਦਦ ਦੇ ਸ਼ਿਕਾਰ ਹੋਏ ਲੋਕਾਂ ਲਈ ਬਣਾਈ ਗਈ ਯਾਦਗਾਰ 'ਤੇ ਪੁੱਜਾ ਅਤੇ ਉਸ ਦੀ ਯਾਦ ਵਿੱਚ ਫੁੱਲ ਅਰਪਣ ਕੀਤੇ ਤੇ ਲਿਖਿਆ, "...ਇਹ ਨਾ ਸੋਚਣਾ ਕਿ ਸਭ ਖਤਮ ਹੋ ਗਿਆ ਹੈ।"

ਇੱਥੇ ਜ਼ਿਕਰਯੋਗ ਹੈ ਕਿ ਨਵੇਲਨੀ ਦਾ ਜਨਮ 4 ਜੂਨ 1976 ਨੂੰ ਰੂਸ ਦੇ ਬੂਟਿਆਨ ਵਿੱਚ ਹੋਇਆ ਸੀ। ਪੇਸ਼ੇ ਵਜੋਂ ਉਹ ਵਕੀਲ ਸੀ। ਉਹ ਘਰੇਲੂ ਪੱਧਰ ਦੀ ਰਾਜਨੀਤੀ ਵਿੱਚ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦਾ ਸਭ ਤੋਂ ਵੱਡਾ ਵਿਰੋਧੀ ਸੀ। ਸਾਲ 2020 ਵਿੱਚ ਵੀ ਉਸ ਨੂੰ ਨੋਵੀਚੋਕ ਜ਼ਹਿਰ ਦਿੱਤਾ ਗਿਆ ਸੀ। ਨਵੇਲਨੀ ਦਾ ਪਿਤਾ ਸੋਵੀਅਤ ਫੌਜ ਵਿੱਚ ਅਫਸਰ ਸੀ। ਉਸ ਦਾ ਬਹੁਤ ਸਾਰਾ ਬਚਪਨ ਮਾਸਕੋ ਦੇ ਲਾਗੇ-ਚਾਗੇ ਫੌਜੀ ਗੋਲਬੰਦੀ ਵਾਲੇ ਸੁਰੱਖਿਅਤ ਸ਼ਹਿਰਾਂ ਵਿੱਚ ਗੁਜ਼ਰਿਆ, ਪਰ ਗਰਮੀਆਂ ਵਿੱਚ ਉਹ ਚਰਨੋਬਿਲ ਨਜ਼ਦੀਕ ਆਪਣੀ ਦਾਦੀ ਦੇ ਪਿੰਡ ਚਲਾ ਜਾਂਦਾ ਸੀ। ਅਪ੍ਰੈਲ 1986 ਵਿੱਚ ਚਰਨੋਬਿਲ ਪ੍ਰਮਾਣੂ ਲੀਕ ਤੋਂ ਬਾਅਦ ਉਸ ਦੇ ਰਿਸ਼ਤੇਦਾਰਾਂ ਨੂੰ ਉਥੋਂ ਕੱਢ ਲਿਆ ਗਿਆ ਸੀ, ਪਰ ਇਸ ਦੌਰਾਨ ਇਸ ਹਾਦਸੇ 'ਤੇ ਕਿਸ ਤਰ੍ਹਾਂ ਪਰਦਾ ਪਾਇਆ ਗਿਆ, ਇਹ ਉਸ ਨੇ ਅੱਖੀਂ ਵੇਖ ਲਿਆ ਸੀ। ਪ੍ਰਮਾਣੂ ਰੇਡੀਏਸ਼ਨ ਦੀ ਲਾਗ ਦੇ ਅਸਰ ਨੂੰ ਘਟਾ ਕੇ ਵਿਖਾਉਣ ਲਈ ਸੋਵੀਅਤ ਸਰਕਾਰ ਵੱਲੋਂ ਸਥਾਨਕ ਕਿਸਾਨਾਂ ਨੂੰ ਪ੍ਰਮਾਣੂ ਕਿਰਨਾਂ ਨਾਲ ਪ੍ਰਦੂਸ਼ਿਤ ਹੋਈ ਜ਼ਮੀਨ ਵਿੱਚ ਆਲੂ ਬੀਜਣ ਲਈ ਮਜ਼ਬੂਰ ਕੀਤਾ ਗਿਆ ਸੀ।

ਨਵੇਲਨੀ ਆਪਣੀ ਮੁਢਲੀ ਸਿੱਖਿਆ ਤੋਂ ਬਾਅਦ ਮਾਸਕੋ ਦੀ ਪੀਪਲਜ਼ ਯੂਨੀਵਰਸਿਟੀ ਆਫ ਮਾਸਕੋ ਵਿੱਚ ਪੜ੍ਹਿਆ। ਇੱਥੋਂ ਉਸ ਨੇ 1998 ਵਿੱਚ ਕਾਨੂੰਨ ਦੀ ਪੜ੍ਹਾਈ ਵਿੱਚ ਗਰੈਜੂਏਸ਼ਨ ਕੀਤੀ। ਉਹ ਆਪਣੀ ਵਕੀਲ ਵਜੋਂ ਪ੍ਰੈਕਟਿਸ ਅਤੇ ਪੜ੍ਹਾਈ ਜਾਰੀ ਰੱਖਣ ਲਈ ਮਾਸਕੋ ਵਿੱਚ ਹੀ ਰਿਹਾ। ਸਾਲ 2000 ਵਿੱਚ ਉਸ ਨੇ ਰੂਸ ਦੀ ਇੱਕ ਸਰਕਾਰੀ ਯੂਨੀਵਰਸਿਟੀ ਵਿੱਚ ਵਿੱਤੀ ਮਾਮਲਿਆਂ ਵਿੱਚ ਡਿਗਰੀ ਪ੍ਰਾਪਤ ਕੀਤੀ। ਆਪਣੇ ਵਿਦਿਆਰਥੀ ਜੀਵਨ ਦੌਰਾਨ ਹੀ ਉਹ ਯਾਬਲੋਕੋ ਨਾਂ ਦੀ ਇੱਕ ਰਾਜਨੀਤਿਕ ਪਾਰਟੀ ਵਿੱਚ ਸ਼ਾਮਲ ਹੋ ਗਿਆ ਸੀ। ਇਸ ਵਿੱਚ ਰਹਿੰਦਿਆਂ ਉਸ ਨੇ ਲਿਬਰਲ ਡੈਮੋਕਰੇਸੀ ਅਤੇ ਖੁੱਲ੍ਹੀ ਮੰਡੀ ਵਾਲੀ ਆਰਥਿਕਤਾ ਦੀ ਪੈਰਵੀ ਕੀਤੀ। ਪੂਤਿਨ ਦੇ ਸੱਤਾ ਵਿੱਚ ਆਉਣ ਦੇ ਮੁਢਲੇ ਦਿਨਾਂ ਵਿੱਚ ਇਹ ਜਾਪਦਾ ਸੀ ਕਿ ਸਟੇਟ ਡੂੰਮਾ ਵਿੱਚ ਵਿਰੋਧੀ ਧਿਰਾਂ ਦੀ ਹਾਜ਼ਰੀ ਰਹੇਗੀ ਤੇ ਵਧੇਗੀ, ਪਰ ਪੂਤਿਨ ਪੱਖੀ ਪਾਰਟੀਆਂ ਦੇ 'ਯੂਨਾਈਟਿਡ ਰਸ਼ੀਆ' ਵਿੱਚ ਇਕੱਠੇ ਹੋ ਜਾਣ ਤੋਂ ਬਾਅਦ ਇਹ ਅਮਲ ਮੱਠਾ ਪੈ ਗਿਆ। ਨਵੇਲਨੀ ਆਪਣੀ ਪਾਰਟੀ ਯਾਬੋਲਕੋ ਵਿੱਚ ਸਥਾਨਕ ਅਹੁਦੇ 'ਤੇ ਕਾਬਜ਼ ਹੋ ਗਿਆ, ਪਰ ਉਸ ਨੂੰ 2007 ਵਿੱਚ ਇਸ ਪਾਰਟੀ ਤੋਂ ਕੱਢ ਦਿੱਤਾ ਗਿਆ। ਪਾਰਟੀ ਲੀਡਰਸ਼ਿਪ ਨੇ ਦੋਸ਼ ਲਾਇਆ ਕਿ ਨਵੇਲਨੀ ਆਪਣੀਆਂ ਕੌਮਪ੍ਰਸਤ (ਨੈਸ਼ਨਲਿਸਟਿਕ) ਸਰਗਰਮੀਆਂ ਨਾਲ ਪਾਰਟੀ ਨੂੰ ਨੁਕਸਾਨ ਪਹੁੰਚਾ ਰਿਹਾ ਸੀ।

ਸਾਲ 2008 ਵਿੱਚ ਨਵੇਲਨੀ ਨੇ ਪਬਲਿਕ ਸੈਕਟਰ ਦੀ ਮਾਲਕੀ ਵਾਲੀਆਂ ਕੰਪਨੀਆਂ ਖਿਲਾਫ 'ਸਟੇਕਹੋਲਡਰ ਐਕਟਿਵਿਜ਼ਮ' ਮੁਹਿੰਮ ਦਾ ਆਰੰਭ ਕੀਤਾ। ਉਸ ਨੇ ਛੋਟੇ ਪੱਧਰ ਦੇ ਸ਼ੇਅਰ ਖਰੀਦੇ ਅਤੇ ਸ਼ੇਅਰ ਹੋਲਡਰਾਂ ਦੀਆਂ ਮੀਟਿੰਗਾਂ ਵਿੱਚ ਸ਼ਾਮਲ ਹੋਣ ਦਾ ਰਾਹ ਬਣਾ ਲਿਆ। ਇੱਕ ਵਾਰ ਉਸ ਨੇ ਕਾਰਪੋਰੇਟ ਅਫਸਰਾਂ ਨੂੰ ਵਿੱਤੀ ਘੁਟਾਲਿਆਂ ਦੇ ਮਾਮਲੇ ਵਿੱਚ ਘੇਰ ਲਿਆ, ਪਰ ਬਹੁਤੇ ਕਾਰਪੋਰੇਟ ਅਫਸਰ ਪੂਤਿਨ ਦੇ ਨਜ਼ਦੀਕੀ ਸਨ। ਉਸ ਦੇ ਇਸ ਤਰ੍ਹਾਂ ਦੇ ਯਤਨ ਉਸ ਨੂੰ ਪੂਤਿਨ ਨਾਲ ਰਾਜਨੀਤਿਕ ਟਕਰਾ ਵੱਲ ਲੈ ਗਏ। ਇਨ੍ਹਾਂ ਵਿੱਤੀ ਬੇਨਿਯਮੀਆਂ 'ਤੇ ਹੀ ਉਸ ਨੇ ਆਪਣੇ ਰਾਜਨੀਤਿਕ ਵਿਰੋਧ ਦੀ ਮਹਿੰਮ ਦੀ ਉਸਾਰੀ ਕੀਤੀ। ਆਪਣੇ ਇਨ੍ਹਾਂ ਯਤਨਾਂ ਨੂੰ ਹੀ ਉਸ ਨੇ ਆਪਣੀਆਂ ਬਲੌਗ ਪੋਸਟਾਂ ਵਿੱਚ ਪ੍ਰਗਟ ਕਰਨਾ ਸ਼ੁਰੂ ਕੀਤਾ, ਜਿਹੜਾ ਬਾਅਦ ਵਿੱਚ ਰੂਸੀ ਪ੍ਰੈਸ ਦੇ ਖੇਤਰ ਵਿੱਚ ਮਸ਼ਹੂਰ ਹੋ ਗਿਆ। ਦਮਿਤਰੀ ਮੇਦਾਦੇਵ, ਪੂਤਿਨ ਨਾਲ ਸੱਤਾ ਸਾਂਝੀਵਾਲ ਦੇ ਸਮਝੌਤੇ ਤਹਿਤ 2008 ਤੋਂ 2012 ਤੱਕ ਸੱਤਾ ਵਿੱਚ ਰਿਹਾ, ਉਸ ਨੇ ਰੂਸ ਵਿੱਚ ਵੱਡੀ ਪੱਧਰ 'ਤੇ ਫੈਲੇ ਭ੍ਰਿਸ਼ਟਾਚਾਰ ਦੇ ਤੱਥਾਂ ਨੂੰ ਸਵੀਕਾਰ ਕੀਤਾ। ਮੇਦਾਦੇਵ ਅਨੁਸਾਰ ਸਟੇਟ ਖਰੀਦੋ-ਫਰੋਖਤ ਵਿੱਚੋਂ ਉਦੋਂ 31 ਬਿਲੀਅਨ ਦਾ ਘੁਟਾਲਾ ਕੀਤਾ ਜਾ ਰਿਹਾ ਸੀ। ਦਸੰਬਰ 2010 ਵਿੱਚ ਨਵੇਲਨੀ ਨੇ ਇਨ੍ਹਾਂ ਘੁਟਾਲਿਆਂ ਖਿਲਾਫ ਵਿਸਲ ਬਲੋਅਰ ਦਾ ਕੰਮ ਸ਼ੁਰੂ ਕੀਤਾ। ਜਦੋਂ ਉਸ ਨੇ ਪੂਤਿਨ ਦੀ ਪਾਰਟੀ ਯੂਨਾਈਟਿਡ ਰਸ਼ੀਆ ਨੂੰ ਚੋਰਾਂ ਅਤੇ ਬਦਮਾਸ਼ਾਂ ਦਾ ਟੋਲਾ ਕਹਿਣਾ ਸ਼ੁਰੂ ਕੀਤਾ ਤਾਂ ਉਹਦੇ ਹੱਕ ਵਿੱਚ ਪ੍ਰਦਰਸ਼ਨ ਕਰਨ ਵਾਲੇ ਲੋਕਾਂ ਦਾ ਇਹ ਮਨ ਭਾਉਂਦਾ ਨਾਹਰਾ ਬਣ ਗਿਆ।

2011 ਵਿੱਚ ਉਸ ਨੇ ਸੋਵੀਅਤ ਯੂਨੀਅਨ ਦੇ ਢਹਿ ਜਾਣ ਤੋਂ ਬਾਅਦ ਭ੍ਰਿਸ਼ਟਾਚਾਰ ਦੇ ਖਿਲਾਫ ਰੂਸ ਵਿੱਚ ਸਭ ਤੋਂ ਵੱਡੇ ਪ੍ਰਦਰਸ਼ਨ ਜਥੇਬੰਦ ਕੀਤੇ। 2012 ਵਿੱਚ ਜਦੋਂ ਪੂਤਿਨ ਸੱਤਾ ਵਿੱਚ ਆਇਆ ਤਾਂ ਉਸ ਨੇ ਸੱਤਾ ਵਿਰੋਧੀਆਂ ਉੱਤੇ ਸ਼ਿਕੰਜਾ ਕਸਣਾ ਸ਼ੁਰੂ ਕੀਤਾ। ਨਵੇਲਨੀ ਵੀ ਉਨ੍ਹਾਂ ਵਿਰੋਧੀਆਂ ਵਿੱਚੋਂ ਇੱਕ ਸੀ, ਜਿਨ੍ਹਾਂ ਦੇ ਘਰਾਂ 'ਤੇ ਇਨਫੋਰਸਮੈਂਟ ਅਫਸਰਾਂ ਵੱਲੋਂ ਛਾਪੇਮਾਰੀ ਕੀਤੀ ਗਈ। ਜਿਹੜੇ ਵਿਅਕਤੀ ਵੱਲੋਂ ਬਿਨਾ ਇਜਾਜ਼ਤ ਰੈਲੀਆਂ ਕੀਤੀਆਂ ਜਾ ਰਹੀਆਂ ਸਨ, ਪੂਤਿਨ ਨੇ ਉਨ੍ਹਾਂ ਖਿਲਾਫ ਤਿਖੀਆਂ ਸਜ਼ਾਵਾਂ ਦਾ ਪ੍ਰਬੰਧ ਕੀਤਾ। ਜੁਲਾਈ 2013 ਵਿੱਚ ਉਸ ਨੇ ਮਾਸਕੋ ਦੇ ਮੇਅਰ ਦੀ ਚੋਣ ਵੀ ਲੜੀ, ਪਰ ਉਸ ਨੂੰ ਵਿੱਤੀ ਹੇਰਾ-ਫੇਰੀ ਦਾ ਦੋਸ਼ੀ ਕਰਾਰ ਦੇ ਦਿੱਤਾ ਗਿਆ ਅਤੇ ਪੰਜ ਸਾਲਾਂ ਲਈ ਜੇਲ੍ਹ ਦੀ ਸਜ਼ਾ ਸੁਣਾ ਦਿਤੀ ਗਈ। ਇਸ ਸਜ਼ਾ ਨੂੰ ਵੱਡੀ ਪੱਧਰ 'ਤੇ ਲੋਕਾਂ ਵੱਲੋਂ ਰਾਜਨੀਤਿਕ ਬਦਲਾਖੋਰੀ ਸਮਝਿਆ ਗਿਆ। ਹਜ਼ਾਰਾਂ ਪ੍ਰਦਰਸ਼ਨਕਾਰੀ ਮਾਸਕੋ ਦੀਆਂ ਸੜਕਾਂ 'ਤੇ ਆ ਗਏ। ਕੁਝ ਦਿਨਾਂ ਬਾਅਦ ਉਸ ਨੂੰ ਰਿਹਾਅ ਕਰ ਦਿੱਤਾ ਗਿਆ। ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਸ ਨੇ ਆਪਣੀ ਮਹਿੰਮ ਫਿਰ ਸ਼ੁਰੂ ਕੀਤੀ। ਪੂਤਿਨ ਦਾ ਉਮੀਦਵਾਰ ਪੰਜਾਹ ਫੀਸਦੀ ਵੋਟਾਂ ਲੈ ਕੇ ਜਿੱਤ ਗਿਆ, ਪਰ ਨਵੇਲਨੀ ਨੂੰ ਵੀ ਕਿਆਸ ਨਾਲੋਂ ਵੱਧ ਵੋਟਾਂ ਪਈਆਂ। ਇਸ ਤੋਂ ਬਾਅਦ ਉਸ ਨੇ ਪਿੱਛਾ ਮੁੜ ਕੇ ਨਹੀਂ ਵੇਖਿਆ। ਉਹ ਪੂਤਿਨ ਦਾ ਸਭ ਤੋਂ ਕੱਟੜ ਵਿਰੋਧੀ ਬਣ ਗਿਆ। 2020 ਵਿੱਚ ਜਦੋਂ ਉਹ ਸਥਾਨਿਕ ਚੋਣਾਂ ਤੋਂ ਪਹਿਲਾਂ ਸਾਇਬੇਰੀਆ ਵਿੱਚ ਮੁਹਿੰਮ 'ਤੇ ਸੀ ਤਾਂ 20 ਅਗਸਤ ਵਾਲੇ ਦਿਨ ਉਹ ਗੰਭੀਰ ਰੂਪ ਵਿੱਚ ਬਿਮਾਰ ਪੈ ਗਿਆ। ਇਸ ਮੌਕੇ ਉਹ ਟੋਮਸਕ ਤੋਂ ਮਾਸਕੋ ਲਈ ਹਵਾਈ ਜਹਾਜ਼ 'ਤੇ ਸਫਰ ਕਰ ਰਿਹਾ ਸੀ। ਪੂਤਿਨ ਦੇ ਡਰ ਕਾਰਨ ਉਸ ਦਾ ਪਰਿਵਾਰ ਉਸ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਇਲਾਜ ਲਈ ਜਰਮਨ ਲੈ ਗਿਆ। ਬਰਲਿਨ ਦੇ ਇੱਕ ਹਸਪਤਾਲ ਵਿੱਚ ਪੁਸ਼ਟੀ ਹੋਈ ਕਿ ਨਵੇਲਨੀ ਨੂੰ ਨੋਵੀਚੋਕ ਜ਼ਹਿਰ ਦਿੱਤਾ ਗਿਆ ਹੈ, ਪਰ ਕ੍ਰੈਮਲਿਨ ਨੇ ਇਸ ਮਾਮਲੇ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ। ਬੇਹੋਸ਼ੀ ਵਿੱਚ ਰਹਿਣ ਦੇ ਕਾਫੀ ਸਮੇਂ ਬਾਅਦ ਉਸ ਨੂੰ ਹੋਸ਼ ਆਈ। ਉਸ ਨੂੰ ਜਰਮਨ ਵੱਲੋਂ ਰਾਜਨੀਤਿਕ ਸ਼ਰਨ ਦੀ ਪੇਸ਼ਕਸ਼ ਕੀਤੀ ਗਈ, ਪਰ ਮੌਤ ਦੀਆਂ ਅੱਖਾਂ ਵਿੱਚ ਅੱਖਾਂ ਪਾਉਣ ਦੀ ਜ਼ਿੱਦ ਉਸ ਨੂੰ ਮੁੜ ਰੂਸ ਲੈ ਆਈ ਅਤੇ ਪੂਤਿਨ ਨੇ ਆਉਂਦਿਆਂ ਹੀ ਉਸ ਨੂੰ ਫਿਰ ਹਿਰਾਸਤ ਵਿੱਚ ਲੈ ਲਿਆ ਅਤੇ 70 ਸਾਲ ਦੀ ਉਮਰ ਤੱਕ ਜੇਲ੍ਹ ਵਿੱਚ ਰਹਿਣ ਦੀ ਸਜ਼ਾ ਸੁਣਾ ਦਿੱਤੀ।

ਜ਼ਹਿਰ ਦੇ ਆਪਣੇ ਸਰੀਰ 'ਤੇ ਹੋਏ ਅਸਰਾਂ ਬਾਰੇ ਰੂਸੀ ਅਦਾਲਤ ਕੋਲ ਉਸ ਨੇ ਬਥੇਰੀਆਂ ਸ਼ਿਕਾਇਤਾਂ ਕੀਤੀਆਂ, ਪਰ ਉਸ ਦੀ ਇੱਕ ਨਾ ਸੁਣੀ ਗਈ। ਕਹਿੰਦੇ ਹਨ, ਮੌਤ ਤੋਂ ਕੁਝ ਦਿਨ ਪਹਿਲਾਂ ਅਦਾਲਤ ਵਿੱਚ ਹੋਈ ਵਿਰਚੂਅਲ ਪੇਸ਼ੀ ਵਿੱਚ ਉਹ ਚੰਗਾ ਭਲਾ ਦਿਖਾਈ ਦਿੰਦਾ ਸੀ। ਉਹਨੇ ਆਪਣੀਆਂ ਸਿਹਤ ਸੰਬੰਧੀ ਸ਼ਿਕਾਇਤਾਂ ਵੀ ਰੱਖੀਆਂ ਅਤੇ ਜੱਜ ਨਾਲ ਮਜ਼ਾਕੀਆ ਲਹਿਜੇ ਵਿੱਚ ਗੱਲਾਂ ਵੀ ਕਰਦਾ ਰਿਹਾ। ਉਸ ਦੀ ਮੌਤ 'ਤੇ ਰੂਸ ਦੇ ਇੱਕ ਨੋਬਲ ਇਨਾਮ ਜੇਤੂ ਸ਼ਖਸ ਨੇ ਬੇਹੱਦ ਢੁਕਵੀਂ ਟਿੱਪਣੀ ਕੀਤੀ, "ਨਵੇਲਨੀ ਸਾਨੂੰ ਸ਼ਾਨ ਨਾਲ ਫੇਲ੍ਹ ਹੋਣਾ ਸਿਖਾ ਗਿਆ ਹੈ।"

ONE STOP FOR YOUR DREAM EVENTS
• Weddings/Destination Weddings
• Social & Corporate Events
• Quinceañera/Themed Parties
• Catered Events
• Bridal Makeup/Henna
• Designer Dresses/Rental for Bride/Groom/Family/Friends
• Photography/Videography
• Photobooth rental of all types!
• Custom Decor
• DJ/Singer/Emcee/Lighting
• Venues
SONA WEDDING & EVENT PLANNERS
for more information and details contact us:
Mona Bhalla
Planner & Event Consultant
224.369.6100
info@sona-events.com
www.sona-events.com
sonaeventss
sonaeventss

Prepare for Tomorrow Now With Comprehensive Retirement Planning
■Annuities ■Life Insurance ■Long-Term Care
■Medicare Planning ■Disability Income

Call Gurpreet Singh
Retirement and Insurance Advisor
Cell: 630-677-6144
Email: Preetisingh@ffig.com
FUTURITY FIRST
Retirement | Life | Health
Futurity First Insurance Group

# ਚੋਣ ਬਾਂਡ ਰੱਦ ਕਰਨ ਦੇ ਫੈਸਲੇ ਨਾਲ ਰਾਜਨੀਤਿਕ ਭ੍ਰਿਸ਼ਟਾਚਾਰ ਘਟਣ ਦੇ ਆਸਾਰ

***ਪਾਰਦਰਸ਼ਤਾ ਵੱਲ ਵਧੇਗਾ ਜਮਹੂਰੀ ਅਮਲ**
***ਸਰਬਉਚ ਅਦਾਲਤ ਵਲੋਂ ਚੋਣ ਬਾਂਡ ਦੀ ਥਾਂ ਚੋਣ ਟਰੱਸਟ ਸਥਾਪਤ ਕਰਨ ਦੀ ਤਜਵੀਜ਼**

**ਪੰਜਾਬੀ ਪਰਵਾਜ਼ ਬਿਊਰੋ**

ਧਾਰਾ 370, ਰਾਮ ਮੰਦਰ ਅਤੇ ਗਿਆਨੀ ਵਿਆਪੀ ਮਸਜਿਦ ਬਾਰੇ ਫੈਸਲਿਆਂ ਨਾਲ ਭਾਰਤੀ ਨਿਆਂ ਪ੍ਰਬੰਧ ਦੇ ਚਿੱਬੇ ਹੋਏ ਅਕਸ ਨੂੰ ਇਲੈਕਟੋਰਲ ਬਾਂਡ ਸਬੰਧੀ ਅਤੇ ਚੰਡੀਗੜ੍ਹ ਦੇ ਮੇਅਰ ਦੀ ਚੋਣ ਦੇ ਮਾਮਲੇ ਵਿੱਚ ਆਏ ਸੁਪਰੀਮ ਕੋਰਟ ਦੇ ਫੈਸਲਿਆਂ ਨੇ ਕੁਝ ਸਿੱਧਾ ਕਰਨ ਦਾ ਯਤਨ ਕੀਤਾ ਹੈ। ਬੀਤੀ 15 ਫਰਵਰੀ ਨੂੰ ਚੀਫ ਜਸਟਿਸ ਡੀ.ਵਾਈ. ਚੰਦਰਚੂਹੜ ਦੀ ਅਗਵਾਈ ਵਿੱਚ ਪੰਜ ਮੈਂਬਰੀ ਬੈਂਚ ਵੱਲੋਂ ਚੋਣ ਬਾਂਡ ਸਬੰਧੀ ਦਿੱਤੇ ਗਏ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਚੋਣ ਬਾਂਡ ਸਕੀਮ ਨੂੰ ਗੈਰ-ਜਮਹੂਰੀ ਕਰਾਰ ਦਿੰਦਿਆਂ ਰੱਦ ਕਰ ਦਿੱਤਾ। ਆਪਣੇ ਫੈਸਲੇ ਵਿੱਚ ਅਦਾਲਤ ਨੇ ਲਿਖਿਆ ਕਿ ਚੋਣ ਬਾਂਡ ਸਕੀਮ ਬੋਲਣ ਦੇ ਅਧਿਕਾਰ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਉਲੰਘਣਾ ਕਰਦੀ ਹੈ। ਅਦਾਲਤ ਨੇ ਕਿਹਾ ਕਿ ਇਹ ਨਾਗਰਿਕਾਂ/ਵੋਟਰਾਂ ਦੇ ਸੂਚਨਾ ਦੇ ਅਧਿਕਾਰ ਦੀ ਵੀ ਉਲੰਘਣਾ ਹੈ।

ਯਾਦ ਰਹੇ, 2018 ਵਿੱਚ ਲਿਆਂਦੀ ਗਈ ਚੋਣ ਬਾਂਡ ਸਕੀਮ ਰਾਹੀਂ ਸਿਆਸੀ ਪਾਰਟੀਆਂ ਨੂੰ 16 ਹਜ਼ਾਰ ਕਰੋੜ ਰੁਪਏ ਦੀ ਰਾਸ਼ੀ ਪ੍ਰਾਪਤ ਹੋਈ ਹੈ। ਇਸ ਵਿੱਚੋਂ ਸਭ ਤੋਂ ਵੱਡਾ ਹਿੱਸਾ ਭਾਜਪਾ (11 ਹਜ਼ਾਰ ਕਰੋੜ ਤੋਂ ਵੱਧ) ਦੇ ਹਿੱਸੇ ਆਇਆ ਹੈ। ਦੂਜੇ ਤੀਜੇ ਨੰਬਰ 'ਤੇ ਕ੍ਰਮਵਾਰ ਕਾਂਗਰਸ ਪਾਰਟੀ ਅਤੇ ਤ੍ਰਿਣਮੂਲ ਕਾਂਗਰਸ ਰਹੀਆਂ। ਚੋਣ ਬਾਂਡ ਸਕੀਮ 2018 ਵਿੱਚ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਲਿਆਂਦੀ ਗਈ ਸੀ। ਇਸ ਸਕੀਮ ਨੂੰ ਲਿਆਉਣ ਤੋਂ ਪਹਿਲਾਂ ਸਰਕਾਰ ਵੱਲੋਂ ਵਿੱਤੀ ਲੈਣ-ਦੇਣ ਸਬੰਧੀ ਤਿੰਨ ਕਾਨੂੰਨਾਂ ਵਿੱਚ ਸੋਧ ਕੀਤੀ ਗਈ ਸੀ। ਇਸ ਸਕੀਮ ਤਹਿਤ ਕੋਈ ਵਿਅਕਤੀ, ਕੰਪਨੀ ਜਾਂ ਸੰਸਥਾ ਹਾਲ ਹੀ ਦੀਆਂ ਚੋਣਾਂ ਵਿੱਚ 1 ਫੀਸਦੀ ਵੋਟ ਪ੍ਰਾਪਤ ਕਰਨ ਵਾਲੀ ਪਾਰਟੀ ਦੇ ਚੋਣ ਬਾਂਡ ਖਰੀਦ ਸਕਦੀ ਹੈ। ਇਹ ਚੋਣ ਬਾਂਡ 1000 ਰੁਪਏ ਤੋਂ ਲੈ ਕੇ ਇੱਕ ਕਰੋੜ ਤੱਕ ਹੋ ਸਕਦੇ ਸਨ। ਖਰੀਦਦਾਰ ਜਿੰਨੀ ਮਰਜ਼ੀ ਗਿਣਤੀ ਵਿੱਚ ਬਾਂਡ ਖਰੀਦ ਸਕਦਾ ਸੀ। ਇਹ ਬਾਂਡ ਵੇਚਣ ਦਾ ਅਧਿਕਾਰ ਸਿਰਫ ਸਟੇਟ ਬੈਂਕ ਆਫ ਇੰਡੀਆ ਨੂੰ ਹੀ ਦਿੱਤਾ ਗਿਆ ਸੀ। ਸਕੀਮ ਨੂੰ ਸ਼ੁਰੂ ਕਰਦਿਆਂ ਸਰਕਾਰ ਵੱਲੋਂ ਰਾਜਨੀਤਿਕ ਪਾਰਟੀਆਂ ਨੂੰ ਡੋਨੇਸ਼ਨ ਦੇਣ ਵਾਲੇ ਦੀ ਸੁਰੱਖਿਆ ਅਤੇ ਕਾਲੇ ਧਨ ਨੂੰ ਚਿੱਟਾ ਕਰਨ ਦੀ ਦਲੀਲ ਨੂੰ ਆਧਾਰ ਬਣਾਇਆ ਗਿਆ ਸੀ, ਪਰ ਸੁਪਰੀਮ ਕੋਰਟ ਵੱਲੋਂ ਹੁਣ ਇਸ ਨੂੰ ਪ੍ਰਗਟਾਵੇ ਅਤੇ ਸੂਚਨਾ ਦੇ ਅਧਿਕਾਰ ਦੇ ਉਲੰਘਣਾ ਦਾ ਆਧਾਰ ਬਣਾ ਕੇ ਰੱਦ ਕਰ ਦਿੱਤਾ ਗਿਆ ਹੈ।

ਇਸ ਦੇ ਨਾਲ ਹੀ ਅਦਾਲਤ ਵਲੋਂ ਐਸ.ਬੀ.ਆਈ. ਨੂੰ 6 ਮਾਰਚ ਤੱਕ ਵਿੱਤੀ ਲੈਣ ਦੇਣ ਦੇ ਸਾਰੇ ਵੇਰਵੇ ਚੋਣ ਕਮਿਸ਼ਨ ਨਾਲ ਸਾਂਝੇ ਕਰਨ ਲਈ ਕਿਹਾ ਗਿਆ ਹੈ। ਇਸੇ ਤਰ੍ਹਾਂ ਚੋਣ ਕਮਿਸ਼ਨ ਨੂੰ 13 ਮਾਰਚ ਤੱਕ ਸਾਰੀ ਜਾਣਕਾਰੀ ਆਪਣੀ ਵੈਬਸਾਈਟ 'ਤੇ ਪਾਉਣ ਦਾ ਵੀ ਹੁਕਮ ਦਿੱਤਾ ਗਿਆ ਹੈ। ਚੋਣ ਬਾਂਡ ਸਕੀਮ ਨੂੰ ਐਸੋਸੀਏਸ਼ਨ ਆਫ ਡੈਮੋਕਰੇਟਿਕ ਰਾਈਟਸ, ਸਮਾਜ ਸੇਵੀ ਸੰਸਥਾ 'ਕੌਮਨ ਕਾਜ਼' ਅਤੇ ਮਾਰਕਸਵਾਦੀ ਕਮਿਊਨਿਸਟ ਪਾਰਟੀ ਵੱਲੋਂ ਚੁਣੌਤੀ ਦਿੱਤੀ ਗਈ ਸੀ। ਇਨ੍ਹਾਂ ਸੰਸਥਾਵਾਂ ਨੇ ਦਲੀਲ ਦਿੱਤੀ ਸੀ ਕਿ ਚੋਣ ਬਾਂਡ ਸਕੀਮ ਆਜ਼ਾਦ ਅਤੇ ਨਿਰਪੱਖ ਚੋਣਾਂ ਦੇ ਰਾਹ ਵਿੱਚ ਰੋੜਾ ਬਣੇਗੀ। ਸੁਪਰੀਮ ਕੋਰਟ ਦੇ ਜਿਸ ਪੰਜ ਮੈਂਬਰੀ ਬੈਂਚ ਵੱਲੋਂ ਚੋਣ ਬਾਂਡ ਸਕੀਮ ਦੇ ਮਾਮਲੇ ਵਿੱਚ ਦੋ ਵੱਖ-ਵੱਖ ਫੈਸਲੇ ਦਿੱਤੇ ਗਏ, ਉਸ ਵਿੱਚ ਚੀਫ ਜਸਟਿਸ ਡੀ.ਵਾਈ. ਚੰਦਰਚੂਹੜ ਤੋਂ ਇਲਾਵਾ ਜਸਟਿਸ ਸੰਜੀਵ ਖੰਨਾ, ਜਸਟਿਸ ਬੀ.ਆਰ. ਗਵਈ, ਜਸਟਿਸ ਜੇ.ਬੀ. ਪਾਰਦੀਵਾਲ ਅਤੇ ਜਸਟਿਸ ਮਨੋਜ ਮਿਸ਼ਰਾ ਸ਼ਾਮਲ ਸਨ। ਚੋਣ ਬਾਂਡ ਸਕੀਮ ਨੂੰ ਚਣੌਤੀ ਦਿੰਦੀਆਂ ਪਟੀਸ਼ਨਾਂ 'ਤੇ ਦੋ ਵੱਖਰੇ ਅਤੇ ਸਰਬਸੰਮਤੀ ਵਾਲੇ ਫੈਸਲੇ ਸੁਣਾਏ ਗਏ। ਅਦਾਲਤ ਨੇ ਵਿੱਤੀ ਲੈਣ ਦੇਣ ਸਬੰਧੀ ਤਿੰਨ ਕਾਨੂੰਨਾਂ ਵਿੱਚ ਕੀਤੀਆ ਗਈ ਸੋਧਾਂ ਸਬੰਧੀ ਵੱਖਰਾ ਫੈਸਲਾ ਸੁਣਾਇਆ। ਯਾਦ ਰਹੇ, ਪਿਛਲੇ ਸਾਲ 2 ਨਵੰਬਰ ਨੂੰ ਸੁਪਰੀਮ ਕੋਰਟ ਨੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਸੀ। ਇੱਥੇ ਇਹ ਦੱਸਣਾ ਵੀ ਦਿਲਚਸਪ ਹੋਵੇਗਾ ਕਿ 2019 ਵਿੱਚ ਸਰਬਉੱਚ ਅਦਾਲਤ ਨੇ ਇਸ ਸਕੀਮ 'ਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਸੀ।

ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਵਿਰੋਧੀ ਸਿਆਸੀ ਪਾਰਟੀਆਂ ਨੇ ਜਿੱਥੇ ਸੁਆਗਤ ਕੀਤਾ ਹੈ, ਉਥੇ ਭਾਰਤੀ ਜਨਤਾ ਪਾਰਟੀ ਨੇ ਚੋਣ ਬਾਂਡ ਸਕੀਮ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ ਇਹ ਸਕੀਮ ਚੋਣ ਫੰਡਾਂ ਵਿੱਚ ਪਾਰਦਰਸ਼ਤਾ ਲਿਆਉਣ ਅਤੇ ਕੈਸ਼ ਦੀ ਵਰਤੋਂ ਘੱਟ ਕਰਨ ਲਈ ਲਿਆਂਦੀ ਗਈ ਸੀ। ਬੀ.ਜੇ.ਪੀ. ਆਗੂ ਅਤੇ ਸਾਬਕਾ ਕਾਨੂੰਨ ਮੰਤਰੀ ਰਵੀ ਸ਼ੰਕਰ ਪ੍ਰਸਾਦ ਨੇ ਚੋਣ ਬਾਂਡ ਸਬੰਧੀ ਬੋਲਦਿਆਂ ਕਿਹਾ ਕਿ ਉਹ ਸੁਪਰੀਮ ਕੋਰਟ ਦੇ ਫੈਸਲੇ ਦਾ ਆਦਰ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਸਕੀਮ ਦਾ ਮਕਸਦ ਕਿਸੇ ਰਾਜਨੀਤਿਕ ਪਾਰਟੀ ਨੂੰ ਫੰਡ ਦੇਣ ਵਾਲੇ ਵਿਅਕਤੀ ਨੂੰ ਰਾਜਨੀਤਿਕ ਦੁਸ਼ਮਣੀ ਜਾਂ ਵਿਤਕਰੇ ਤੋਂ ਬਚਾਉਣਾ ਵੀ ਸੀ। ਉਨ੍ਹਾਂ ਕਿਹਾ ਕਿ ਪਾਰਟੀ ਇਸ ਡੇਡ਼ ਸੌ ਪੇਜ ਦੇ ਫੈਸਲੇ ਦਾ ਵਿਸਥਾਰ ਵਿੱਚ ਅਧਿਅਨ ਕਰੇਗੀ ਅਤੇ ਵਾਜਬ ਜਵਾਬ ਤਿਆਰ ਕਰੇਗੀ। ਕਾਂਗਰਸ ਪਾਰਟੀ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਜਦੋਂ ਇਹ ਸਕੀਮ ਲਿਆਂਦੀ ਗਈ ਸੀ ਤਾਂ ਉਨ੍ਹਾਂ ਦੀ ਪਾਰਟੀ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਲੋਕਾਂ ਦੀ ਨਜ਼ਰ ਤੋਂ ਓਹਲਾ ਅਤੇ ਇਸ ਦਾ ਗੈਰ-ਜਮਹੂਰੀ ਤੱਤ ਇਸ ਦੇ ਵੱਡੇ ਔਗੁਣ ਹਨ। ਕਾਂਗਰਸ ਪਾਰਟੀ ਦੇ ਪ੍ਰਧਾਨ ਰਾਹੁਲ ਗਾਂਧੀ ਨੇ ਆਪਣੇ ਪ੍ਰਤੀਕਰਮ ਵਿੱਚ ਕਿਹਾ ਕਿ ਨਰਿੰਦਰ ਮੋਦੀ ਸਰਕਾਰ ਦੀਆਂ ਭ੍ਰਿਸ਼ਟ ਨੀਤੀਆਂ ਦੀ ਇਹ ਇਕ ਹੋਰ ਉੱਘੀ ਉਦਾਹਰਣ ਹੈ। ਉਨ੍ਹਾਂ ਕਿਹਾ ਕਿ ਚੋਣ ਬਾਂਡ ਸਕੀਮ ਨੂੰ ਭਾਰਤੀ ਜਨਤਾ ਪਾਰਟੀ ਨੇ ਰਿਸ਼ਵਤ ਅਤੇ ਕਮਿਸ਼ਨ ਲੈਣ ਦਾ ਸੰਦ ਬਣਾਇਆ। ਮਾਰਕਸਵਾਦੀ ਕਮਿਊਨਿਸਟ ਪਾਰਟੀ ਦੇ ਆਗੂ ਸੀਤਾ ਰਾਮ ਯੇਚੁਰੀ ਨੇ ਵੀ ਚੋਣ ਬਾਂਡ ਸਕੀਮ ਸਬੰਧੀ ਸੁਪਰੀਮ ਕੋਰਟ ਦੇ ਫੈਸਲੇ ਦਾ ਸੁਆਗਤ ਕੀਤਾ ਹੈ। ਯਾਦ ਰਹੇ, ਸੀ.ਪੀ.ਐਮ. ਇਸ ਸਕੀਮ ਖਿਲਾਫ ਪਟੀਸ਼ਨ ਪਾਉਣ ਵਾਲੀਆਂ ਸੰਸਥਾਵਾਂ ਵਿੱਚ ਵੀ ਸ਼ਾਮਲ ਸੀ। ਸ੍ਰੀ ਯੇਚੁਰੀ ਨੇ ਇਸ ਸਬੰਧ ਵਿੱਚ ਕਿਹਾ ਕਿ ਉਹ ਖੁਸ਼ ਹਨ ਕਿ ਸਰਬਉੱਚ ਅਦਾਲਤ ਨੇ ਉਨ੍ਹਾਂ ਦੇ ਵਿਚਾਰ ਦੀ ਪੁਸ਼ਟੀ ਕੀਤੀ ਹੈ। ਉਪਰੋਕਤ ਪਾਰਟੀਆਂ ਤੋਂ ਇਲਾਵਾ ਸ਼ਿਵ ਸੈਨਾ (ਠਾਕਰੇ), ਤ੍ਰਿਣਮੂਲ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਵੀ ਚੋਣ ਬਾਂਡ ਸਕੀਮ ਸਬੰਧੀ ਸੁਪਰੀਮ ਕੋਰਟ ਦੇ ਫੈਸਲੇ ਦਾ ਸੁਆਗਤ ਕੀਤਾ ਹੈ।

ਚੋਣ ਬਾਂਡ ਸਕੀਮ ਦੇ ਆਰਥਕ ਪੱਖ ਬਾਰੇ ਇੱਕ ਵੱਖਰੇ ਫੈਸਲੇ ਵਿੱਚ ਜਸਟਿਸ ਸੰਜੀਵ ਖੰਨਾ ਨੇ ਕਿਹਾ ਕਿ ਰਾਜਨੀਤਿਕ ਪਾਰਟੀਆਂ ਨੂੰ ਦਿੱਤੀ ਜਾਣ ਵਾਲੀ ਡੋਨੇਸ਼ਨ ਜਮਹੂਰੀ ਸਿਆਸਤ, ਜਾਨਣ ਦੇ ਨਾਗਰਿਕ ਅਧਿਕਾਰਾਂ ਅਤੇ ਜਵਾਬਦੇਹੀ ਨਾਲ ਜੁੜਦੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕਾਨੂੰਨੀ ਛੋਟ ਨੂੰ ਲਾਗੂ ਕਰਦਿਆਂ ਅਸੀਂ ਆਜ਼ਾਦ ਤੇ ਨਿਰਪੱਖ ਚੋਣਾਂ, ਪੈਸੇ ਅਤੇ ਚੋਣ ਅਮਲ ਵਿਚਕਾਰ ਰਿਸ਼ਤੇ ਨੂੰ ਧੁੰਦਲਾ ਕਰ ਰਹੇ ਹੋਵਾਂਗੇ। ਉਨ੍ਹਾਂ ਕਿਹਾ ਕਿ ਜਾਨਣ ਦਾ ਅਧਿਕਾਰ ਇਸ ਲਈ ਜ਼ਰੂਰੀ ਹੈ ਤਾਂ ਕਿ ਵੋਟਰ ਉਸ ਪਾਰਟੀ ਨੂੰ ਪੈਸਾ ਦਾਨ ਕਰਨ ਵਾਲੇ ਨੂੰ ਜਾਣ ਸਕੇ, ਜਿਸ ਨੇ ਰਾਜਨੀਤਿਕ ਨੀਤੀਆਂ ਨੂੰ ਪ੍ਰਭਾਵਤ ਕਰਨਾ ਹੈ। ਉਨ੍ਹਾਂ ਕਿਹਾ ਕਿ ਰਾਜਨੀਤਿਕ ਪਾਰਟੀਆਂ ਨੂੰ ਦਿੱਤੀ ਜਾਣ ਵਾਲੀ ਫੰਡਿੰਗ ਨੂੰ ਚੋਣ ਲੜਨ ਵਾਲੇ ਉਮੀਦਵਾਰਾਂ ਤੋਂ ਵੱਖ ਕਰਕੇ ਨਹੀਂ ਵੇਖਿਆ ਜਾ ਸਕਦਾ। ਇਸ ਹਾਲਤ ਵਿੱਚ ਪਾਰਟੀਆਂ ਨੂੰ ਫੰਡ ਦੇਣ ਵਾਲੀਆਂ ਸੰਸਥਾਵਾਂ ਅਤੇ ਵਿਅਕਤੀਆਂ ਬਾਰੇ ਵੋਟਰਾਂ ਤੋਂ ਓਹਲਾ ਰੱਖਣਾ ਇੱਕ ਦਵੰਧ ਨੂੰ ਜਨਮ ਦੇਵੇਗਾ। ਉਨ੍ਹਾਂ ਫੈਸਲੇ ਵਿੱਚ ਲਿਖਿਆ ਕਿ ਗੁਪਤ ਵੋਟ ਪਾਉਣ ਦਾ ਅਧਿਕਾਰ ਆਜ਼ਾਦ ਅਤੇ ਨਿਰਪੱਖ ਚੋਣ ਅਮਲ ਦੀ ਜਿੰਦ ਜਾਨ ਹੈ, ਪਰ ਇਸ ਸੀਕਰੇਸੀ ਨੂੰ ਚੋਣ ਫੰਡਿਗ ਤੱਕ ਵਧਾਇਆ ਨਹੀਂ ਜਾ ਸਕਦਾ। ਦੇਣਦਾਰ ਦੀ ਪਹਿਚਾਣ ਨੂੰ ਗੁਪਤ ਰੱਖਣ ਸਬੰਧੀ ਕੇਂਦਰ ਸਰਕਾਰ ਵੱਲੋਂ ਦਿੱਤੀ ਗਈ ਦਲੀਲ ਦੇ ਜਵਾਬ ਵਿੱਚ ਅਦਾਲਤ ਨੇ ਕਿਹਾ ਕਿ ਇਸ ਆਧਾਰ 'ਤੇ ਵੋਟਰ ਦੇ ਅਧਿਕਾਰ ਦਾ ਹਨਨ ਨਹੀਂ ਕੀਤਾ ਜਾ ਸਕਦਾ। ਇੱਕ ਬੁਰਾਈ ਨੂੰ ਦੂਜੀ ਬੁਰਾਈ ਨਾਲ ਖਤਮ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਆਪਣੇ ਫੈਸਲੇ ਵਿੱਚ ਲਿਖਿਆ ਕਿ ਕੇਂਦਰ ਦੀਆਂ ਦਲੀਲਾਂ ਵਿੱਚ ਲਗਾਤਾਰਤਾ ਅਤੇ ਇਕਸੁਰਤਾ ਨਹੀਂ ਹੈ। ਇਹ ਬਿਮਾਰੀ ਨੂੰ ਠੀਕ ਕਰਨ ਦੀ ਬਜਾਏ ਇਸ ਨੂੰ ਪਾਲਣ ਦਾ ਯਤਨ ਕਰਦੀਆਂ ਹਨ। ਜਸਟਿਸ ਖੰਨਾ ਨੇ ਅੱਗੇ ਕਿਹਾ ਕਿ ਜਾਣਕਾਰੀ ਨੂੰ ਗੁਪਤ ਰੱਖਣ ਦੀ ਦਲੀਲ ਸਿਰਫ ਕਾਗਜ਼ਾਂ ਤੱਕ ਹੀ ਸੀਮਤ ਹੈ, ਕਿਉਂਕਿ ਕਾਨੂੰਨ ਨੂੰ ਲਾਗੂ ਕਰਨ ਵਾਲੀਆਂ ਸੰਸਥਾਵਾਂ (ਪੁਲਿਸ ਵਗੈਰਾ) ਜਦੋਂ ਚਾਹੁਣ ਇਸ ਤੱਕ ਪਹੁੰਚ ਕਰ ਸਕਦੀਆਂ ਹਨ। ਫੈਸਲੇ ਵਿੱਚ ਅੱਗੇ ਕਿਹਾ ਗਿਆ ਹੈ ਕਿ ਬਲੈਕ ਮਨੀ ਨੂੰ ਰੋਕਣ ਦਾ ਚੋਣ ਅਮਲ ਵਿੱਚ ਦਾਨ ਦੇਣ ਵਾਲਿਆਂ ਦੇ ਨਾਂ ਗੁਪਤ ਰੱਖਣ ਨਾਲ ਕੋਈ ਸਬੰਧ ਨਹੀਂ ਹੈ। ਸਗੋਂ ਨਾਵਾਂ ਨੂੰ ਗੁਪਤ ਰੱਖਣਾ ਕਾਲੇ ਧੰਨ ਦੀ ਚੋਣਾਂ ਵਿੱਚ ਵਰਤੋਂ ਨੂੰ ਜਾਇਜ਼ ਠਹਿਰਾਉਣਾ ਹੋਵੇਗਾ। ਚੋਣ ਬਾਂਡ ਦੇ ਬਦਲ ਵਜੋਂ ਸੁਪਰੀਮ ਕੋਰਟ ਨੇ 'ਚੋਣ ਟਰੱਸਟ' ਬਣਾਉਣ ਦੀ ਤਜਵੀਜ਼ ਦਿੱਤੀ ਹੈ। ਅਦਾਲਤ ਅਨੁਸਾਰ ਇਸ ਟਰੱਸਟ ਵਿੱਚ ਬਹੁਪਰਤੀ ਸੋਮਿਆਂ ਤੋਂ ਫੰਡ ਆ ਸਕਦਾ ਹੈ ਤੇ ਕਿਸ ਪਾਰਟੀ ਨੂੰ ਕਿੰਨਾ ਫੰਡ ਦੇਣਾ ਹੈ, ਇਸ ਦਾ ਫੈਸਲਾ ਟਰਸਟ ਦੀ ਮੈਨੇਜਮੈਂਟ ਦੇ ਹੱਥ ਹੋਵੇਗਾ। ਇਸ ਨਾਲ ਫੰਡ ਦੇਣ ਵਾਲੇ ਅਤੇ ਹਾਸਲ ਕਰਨ ਵਾਲੇ ਵਿਚਕਾਰ ਦੂਰੀ ਪੈਦਾ ਹੋ ਜਾਵੇਗੀ ਅਤੇ ਭ੍ਰਿਸ਼ਟਾਚਾਰ ਦੀ ਸੰਭਾਵਨਾ ਘਟੇਗੀ।



# ਸ਼ੁਭਕਰਨ ਦੇ ਕਾਤਲਾਂ ਖਿਲਾਫ ਕੇਸ ਦਰਜ ਕਰਨ ‘ਤੇ ਅੜਿਆ ਕਿਸਾਨ ਮੋਰਚਾ

*⇒ ਸਫਾ ਇੱਕ ਦੀ ਬਾਕੀ ...*

ਮੋਰਚੇ ਵਿੱਚ ਸ਼ਿਰਕਤ ਕਰਨਾ ਚਹੁੰਦੀ ਹੈ ਤਾਂ ਉਹ ਇਸ ਦਾ ਸੁਆਗਤ ਕਰਨਗੇ; ਪਰ ਰਸਮੀ ਸੱਦਾ ਦੇਣ ਤੋਂ ਉਹ ਵੀ ਹੱਥ ਪਿੱਛੇ ਖਿੱਚ ਰਹੇ ਹਨ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਸੰਯੁਕਤ ਕਿਸਾਨ ਮੋਰਚਾ (ਰਾਜੇਵਾਲ) ਨੇ ਭਾਵੇਂ ਗੈਰ-ਸਿਆਸੀ ਧਿਰ ਵੱਲੋਂ ਪੰਜਾਬ-ਹਰਿਆਣਾ ਬਾਰਡਰਾਂ ‘ਤੇ ਲੜੇ ਜਾ ਰਹੇ ਸੰਘਰਸ਼ ਦੀ ਸਿੱਧੀ ਹਮਾਇਤ ਵਿੱਚ ਆਉਣ ਤੋਂ ਤਾਂ ਇਨਕਾਰ ਕਰ ਦਿੱਤਾ ਹੈ, ਪਰ ਉਨ੍ਹਾਂ ਬੀਤੇ ਦਿਨੀਂ 16 ਫਰਵਰੀ ਨੂੰ ਭਾਰਤ ਬੰਦ ਅਤੇ 26 ਫਰਵਰੀ ਨੂੰ ਟਰੈਕਟਰ ਮਾਰਚ ਦਾ ਸੱਦਾ ਦਿੱਤਾ, ਜਿਸ ਨੂੰ ਪੰਜਾਬ ਹਰਿਆਣਾ ਅਤੇ ਪੱਛਮੀ ਯੂ.ਪੀ. ਵਿੱਚ ਵੱਡਾ ਹੁੰਘਾਰਾ ਮਿਲਿਆ। ਇਸ ਤੋਂ ਇਲਾਵਾ ਸੰਯੁਕਤ ਮੋਰਚੇ ਵਲੋਂ 14 ਮਾਰਚ ਨੂੰ ਦਿੱਲੀ ਦੇ ਰਾਮਲੀਲਾ ਮੈਦਾਨ ਵਿੱਚ ਧਰਨਾ ਦੇਣ ਦਾ ਸੱਦਾ ਵੀ ਦਿੱਤਾ ਗਿਆ ਹੈ। ਹਾਲ ਦੀ ਘੜੀ ਭਾਵੇਂ ਦੋਹਾਂ ਕਿਸਾਨ ਸੰਗਠਨਾਂ ਦੇ ਗਰੁੱਪਾਂ ਵਲੋਂ ਏਕਤਾ ਦੀ ਗੱਲ ਤਾਂ ਸਿਰੇ ਨਹੀਂ ਲੱਗੀ, ਪਰ ਸੰਯੁਕਤ ਕਿਸਾਨ ਮੋਰਚਾ (ਰਾਜੇਵਾਲ) ਵੱਲੋਂ ਦੇਸ਼ ਪੱਧਰੇ ਬੰਦ ਦੇ ਸੱਦੇ, ਟਰੈਕਟਰ ਮਾਰਚ ਅਤੇ ਦਿੱਲੀ ਵਿੱਚ ਧਰਨਾ ਦੇਣ ਦੇ ਸੱਦੇ ਨਾਲ ਸ਼ੰਭੂ ਅਤੇ ਖਨੌਰੀ ਮੋਰਚੇ ’ਤੇ ਸੰਘਰਸ਼ ਕਰ ਰਹੀਆਂ ਧਿਰਾਂ ’ਤੇ ਦਬਾਅ ਜ਼ਰੂਰ ਘਟ ਗਿਆ ਹੈ। ਇਸ ਦੌਰਾਨ ਸੰਘਰਸ਼ ਕਰ ਰਹੇ ਕਿਸਾਨਾਂ ਦੀ ਹਮਾਇਤ ਵਿੱਚ ਬੀ.ਕੇ.ਯੂ. ਉਗਰਾਹਾਂ ਵੱਲੋਂ ਤਿੰਨ ਘੰਟੇ ਲਈ ਰੇਲਾਂ ਦਾ ਚੱਕਾ ਵੀ ਜਾਮ ਕੀਤਾ ਗਿਆ ਤੇ ਪੁਤਲੇ ਫੂਕੇ ਗਏ।

ਯਾਦ ਰਹੇ, 21 ਫਰਵਰੀ ਨੂੰ ਖਨੌਰੀ ਬਾਰਡਰ ‘ਤੇ ਦਿੱਲੀ ਵੱਲ ਕੂਚ ਕਰਨ ਦੇ ਯਤਨਾਂ ਦੌਰਾਨ ਬਠਿੰਡਾ ਜ਼ਿਲ੍ਹੇ ਦੇ ਬੱਲ੍ਹੋ ਪਿੰਡ ਦਾ ਇੱਕ ਨੌਜਵਾਨ ਸ਼ੁਭਕਰਨ ਸਿੰਘ ਗੋਲੀ ਲੱਗਣ ਕਾਰਨ ਮਾਰਿਆ ਗਿਆ ਸੀ। ਇਸ ਤੋਂ ਬਾਅਦ ਕਿਸਾਨ ਆਗੂਆਂ ਨੇ ਆਪਣਾ ਦਿੱਲੀ ਮਾਰਚ ਅੱਗੇ ਪਾ ਦਿੱਤਾ ਸੀ। ਬਾਅਦ ਵਿੱਚ ਇਸ ਨੂੰ 29 ਫਰਵਰੀ ਤੱਕ ਅਗੇ ਪਾ ਦਿੱਤਾ ਗਿਆ ਤਾਂ ਕਿ ਮਾਰੇ ਗਏ ਕਿਸਾਨ ਦੇ ਕਤਲ ਸਬੰਧੀ ਕੇਸ ਦਰਜ ਕਰਨ ਅਤੇ ਮੁਆਵਜ਼ੇ ਆਦਿ ਦਾ ਮਾਮਲਾ ਸੁਲਝਾਇਆ ਜਾ ਸਕੇ। ਹਾਲ ਦੀ ਘੜੀ ਭਾਵੇਂ ਹਰਿਆਣਾ-ਪੰਜਾਬ ਵਾਲੇ ਬਾਰਡਰਾਂ ‘ਤੇ ਸੀਜ਼ ਫਾਇਰ ਵਾਲੀ ਸਥਿਤੀ ਹੈ, ਪਰ ਪਿਛਲੇ ਦਿਨੀਂ ਹੋਈ ਹਿੰਸਾ ਵਿੱਚ 7 ਕਿਸਾਨ ਮਾਰੇ ਗਏ ਹਨ, ਤਕਰੀਬਨ 250 ਜ਼ਖਮੀ ਹੋਏ ਹਨ। ਇਨ੍ਹਾਂ ਵਿਚੋਂ 4 ਦੀ ਹਾਲਤ ਬੇਹੱਦ ਗੰਭੀਰ ਦੱਸੀ ਜਾ ਰਹੀ ਹੈ।

ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਨੁਸਾਰ ਸ਼ੰਭੂ ਅਤੇ ਖਨੌਰੀ ਬਾਰਡਰਾਂ ‘ਤੇ ਹੋਈ ਸ਼ੈਲਿੰਗ ਅਤੇ ਲਾਠੀਚਾਰਜ ਵਗੈਰਾ ਨਾਲ 250 ਵਿਅਕਤੀ ਜ਼ਖਮੀ ਹੋਏ ਹਨ। ਇਨ੍ਹਾਂ ਵਿੱਚ 20 ਦੀ ਹਾਲਤ ਕਾਫੀ ਗੰਭੀਰ ਬਣੀ ਹੋਈ ਹੈ। 4 ਕਿਸਾਨਾਂ ਦੀ ਅੱਖ ਦਾ ਡੇਲਾ ਫਟ ਗਿਆ ਹੈ। ਇਨ੍ਹਾਂ ਦਾ ਇਲਾਜ ਪੀ.ਜੀ.ਆਈ. ਵਿੱਚ ਚਲ ਰਿਹਾ ਹੈ। ਕੁੱਲ ਮਿਲਾ ਕੇ 150 ਕਿਸਾਨ ਖਨੌਰੀ ਬਾਰਡਰ ‘ਤੇ ਜ਼ਖਮੀ ਹੋਏ ਹਨ, ਜਦਕਿ ਸ਼ੰਭੂ ਬਾਰਡਰ ‘ਤੇ 46 ਕਿਸਾਨ ਜ਼ਖਮੀ ਹੋਏ ਹਨ। ਪੀ.ਜੀ.ਆਈ. ਦੇ ਡਾਕਟਰਾਂ ਨੇ ਆਪਣਾ ਨਾਮ ਨਾ ਦੱਸਣ ਦੀ ਸ਼ਰਤ ‘ਤੇ ਦੱਸਿਆ ਹੈ ਕਿ ਕੁਝ ਕਿਸਾਨਾਂ ਦੀਆਂ ਅੱਖਾਂ ਗੰਭੀਰ ਤਰ੍ਹਾਂ ਨੁਕਸਾਨੀਆਂ ਗਈਆਂ ਹਨ ਅਤੇ ਉਨ੍ਹਾਂ ਦੀ ਨਜ਼ਰ ਚਲੀ ਗਈ ਹੈ। ਪੰਜਾਬ ਦੇ ਸਿਹਤ ਮੰਤਰੀ ਅਨੁਸਾਰ ਕੁਝ ਕਿਸਾਨ ਰਬੜ ਦੀਆਂ ਗੋਲੀਆਂ ਨਾਲ ਵੀ ਜ਼ਖਮੀ ਹੋਏ ਹਨ। ਇਨ੍ਹਾਂ ਨੂੰ ਪੈਲਿਟ ਬੁਲਿਟ ਵੀ ਕਿਹਾ ਜਾਂਦਾ ਹੈ। ਆਮ ਤੌਰ ‘ਤੇ ਇਹ ਸਰੀਰ ਦੇ ਹੇਠਲੇ ਹਿੱਸੇ ‘ਤੇ ਮਾਰੀਆਂ ਜਾਂਦੀਆਂ ਹਨ, ਪਰ ਕਿਸਾਨਾਂ ‘ਤੇ ਇਹ ਲੱਕੋਂ ਉਪਰ ਚਲਾਈਆਂ ਗਈਆਂ ਹਨ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਨੁਸਾਰ ਇੱਕ ਕਿਸਾਨ ਦੀ ਛਾਤੀ ‘ਤੇ ਪੈਲਿਟ ਬੁਲਿਟ ਨਾਲ ਗੰਭੀਰ ਜ਼ਖਮ ਹੋਇਆ ਹੈ।


ਖਨੌਰੀ ਬੌਰਡਰ ‘ਤੇ ਪੁਲਿਸ ਦੀ ਗੋਲੀ ਨਾਲ ਮਾਰੇ ਗਏ ਸ਼ੁਭਕਰਨ ਸਿੰਘ ਦੀ ਦੇਹ ਹਾਲੇ ਰਾਜਿੰਦਰਾ ਹਸਪਤਾਲ ਵਿੱਚ (ਅਖਬਾਰ ਛਪਣ ਤੱਕ) ਹੀ ਪਈ ਹੈ। ਹਾਲਾਂ ਕਿ ਪੰਜਾਬ ਸਰਕਾਰ ਨੇ ਮਾਰੇ ਗਏ ਕਿਸਾਨ ਲਈ ਇੱਕ ਕਰੋੜ ਰੁਪਏ ਦਾ ਮੁਆਵਜ਼ਾ, ਸ਼ੁਭਕਰਨ ਨੂੰ ਸ਼ਹੀਦ ਦਾ ਦਰਜਾ ਦੇਣ ਅਤੇ ਪਰਿਵਾਰ ਦੇ ਇੱਕ ਜੀਅ ਨੂੰ ਸਰਾਕਾਰੀ ਨੌਕਰੀ ਦੇਣ ਦੀ ਕਿਸਾਨ ਜਥੇਬੰਦੀਆਂ ਦੀ ਮੰਗ ਮੰਨ ਲਈ ਹੈ, ਪਰ ਉਸ ਨੂੰ ਗੋਲੀ ਮਾਰਨ ਵਾਲੇ ਦੋਸ਼ੀ ਖਿਲਾਫ ਐਫ.ਆਈ.ਆਰ. ਦਰਜ ਕਰਨ ਦੀ ਮੰਗ ਸਰਕਾਰ ਨੇ ਹਾਲੇ ਤੱਕ ਸਵਿਕਾਰ ਨਹੀਂ ਕੀਤੀ। ਕਿਸਾਨ ਜਥੇਬੰਦੀਆਂ ਦਾ ਆਖਣਾ ਹੈ ਕਿ ਮੁਆਵਜ਼ੇ ਨਾਲੋਂ ਸਾਡੇ ਲਈ ਇਨਸਾਫ ਵਾਲਾ ਪੱਖ ਵਧੇਰੇ ਮਹੱਤਵਪੂਰਨ ਹੈ। ਕਿਸਾਨਾਂ ਦੇ ਇਸ ਪੈਂਤੜੇ ‘ਤੇ ਸ਼ੁਭਕਰਨ ਦੇ ਪਰਿਵਾਰ ਨੇ ਵੀ ਸਹਿਮਤੀ ਪ੍ਰਗਟ ਕੀਤੀ ਹੈ। ਯਾਦ ਰਹੇ, ਸ਼ੁਭਕਰਨ ਘਰ ਦਾ ਇਕਲੌਤਾ ਕਮਾਊ ਪੁੱਤ ਸੀ। ਉਸ ਦਾ ਪਿਤਾ ਮਾਨਸਿਕ ਤੌਰ ‘ਤੇ ਬਿਮਾਰ ਹੈ, ਜਦਕਿ ਮਾਂ ਨੇ 17 ਸਾਲ ਪਹਿਲਾਂ ਦੂਜੀ ਸ਼ਾਦੀ ਕਰਵਾ ਲਈ ਸੀ। ਇਸ ਹਾਲਤ ਵਿੱਚ ਉਸ ਦੀਆਂ ਦੋ ਭੈਣਾਂ ਤੇ ਸ਼ੁਭਕਰਨ ਨੂੰ ਉਸ ਦੀ ਦਾਦੀ ਨੇ ਹੀ ਪਾਲਿਆ। ਪਰਿਵਾਰ ਕੋਲ ਸਿਰਫ ਡੇਡ਼ ਏਕੜ ਜ਼ਮੀਨ ਹੈ। ਸ਼ੁਭ ਦੇ ਕਤਲ ਦੇ ਕੇਸ ਵਿੱਚ ਐਫ.ਆਈ.ਆਰ. ਦਰਜ ਕਰਨ ਦੇ ਮਾਮਲੇ ‘ਤੇ ਹੁਣ ਸ਼ੰਭੂ ਮੋਰਚੇ ਦਾ ਪੇਚ ਫਸਿਆ ਹੋਇਆ ਹੈ।

ਇਸ ਬਾਰੇ ਪੰਜਾਬ ਪੁਲਿਸ ਅਤੇ ਹਰਿਆਣਾ ਪੁਲਿਸ ਦਾ ਆਖਣਾ ਹੈ ਕਿ ਸ਼ੁਭਕਰਨ ਦੀ ਮੌਤ ਹਰਿਆਣਾ ਦੇ ਜੀਂਦ ਖੇਤਰ ਵਿੱਚ ਹੋਈ ਹੈ, ਜਦਕਿ ਕਿਸਾਨ ਜਥੇਬੰਦੀਆਂ ਆਖ ਰਹੀਆਂ ਹਨ ਕਿ ਇਹ ਗੋਲੀਕਾਂਡ ਪੰਜਾਬ ਵਾਲੇ ਪਾਸੇ ਵਾਪਰਿਆ। ਹਰਿਆਣਾ ਪੁਲਿਸ ਸ਼ੁਭਕਰਨ ਦੀ ਲਾਸ਼ ਵੀ ਲਿਜਾਣਾ ਚਾਹੁੰਦੀ ਸੀ, ਪਰ ਕਿਸਾਨ ਰਜਿੰਦਰਾ ਹਸਪਤਾਲ ਦੀ ਮੋਰਚਰੀ ਲਾਗੇ ਵੀ ਮੋਰਚਾ ਲਗਾ ਕੇ ਬੈਠ ਗਏ ਹਨ। ਇਸ ਦਰਮਿਆਨ ਕਿਸਾਨ ਜਥੇਬੰਦੀਆਂ ਨੇ ਦਿੱਲੀ ਚਲੋ ਮਾਰਚ 29 ਫਰਵਰੀ ਤੱਕ ਰੋਕਿਆ। 28 ਫਰਵਰੀ ਨੂੰ ਕਿਸਾਨ ਸੰਘਰਸ਼ ਵਿੱਚ ਜੁੜੇ ਦੋਹਾਂ ਫੋਰਮਾਂ- ਡੱਲੇਵਾਲ ਗਰੁੱਪ ਅਤੇ ਪੰਧੇਰ ਗਰੁੱਪ ਦੀ ਮੀਟਿੰਗ ਹੋ ਚੁੱਕੀ ਹੈ।

ਇਸ ਦਰਮਿਆਨ ਸੰਯੁਕਤ ਕਿਸਾਨ ਮੋਰਚਾ (ਰਾਜੇਵਾਲ) ਨੇ ਦਿੱਲੀ ਦੇ ਰਾਮ ਲੀਲਾ ਗਰਾਊਂਡ ਵਿੱਚ ਪਰਦਰਸ਼ਨ ਕਰਨ ਦਾ ਫੈਸਲਾ ਪਹਿਲਾਂ ਹੀ ਲਿਆ ਹੋਇਆ ਹੈ। ਕਿਸਾਨਾਂ ਉਤੇ ਕੀਤੇ ਜਾ ਰਹੇ ਸਰਕਾਰੀ ਜਬਰ ਅਤੇ ਸੜਕਾਂ ‘ਤੇ ਬਣਾਏ ਗਏ ਬੈਰੀਕੇਡਾਂ ਦਾ ਵਿਰੋਧ ਵੀ ਇਸ ਗੁੱਟ ਵੱਲੋਂ ਕੀਤਾ ਜਾ ਰਿਹਾ ਹੈ। ਸੰਯੁਕਤ ਮੋਰਚਾ (ਰਾਜੇਵਾਲ-ਦਰਸ਼ਨਪਾਲ) ਤੇ ਉਗਰਾਹਾਂ ਗਰੁੱਪ ਵੱਲੋਂ ਸ਼ੰਭੂ ਬਾਰਡਰ ‘ਤੇ ਸੰਘਰਸ਼ ਕਰ ਰਹੇ ਕਿਸਾਨਾਂ ਦੇ ਹੱਕ ਵਿੱਚ ਬੋਲਣ/ਪ੍ਰਦਰਸ਼ਨ ਨਾਲ ਕੇਂਦਰ ਸਰਕਾਰ ਵੀ ਕੁਝ ਪਿੱਛੇ ਪੈਰ ਖਿੱਚਣ ਲੱਗੀ ਹੈ। ਉਸ ਵੱਲੋਂ ਦਿੱਲੀ ਦੇ ਬਾਰਡਰਾਂ ‘ਤੇ ਬੰਦ ਬੈਰੀਕੇਡ ਅੱਧ ਪਚੱਧ ਖੋਲ੍ਹੇ ਜਾ ਰਹੇ ਹਨ। ਸ਼ੰਭੂ ਬਾਰਡਰ ‘ਤੇ ਚੱਲ ਰਹੇ ਸੰਘਰਸ਼ ਅਤੇ ਦੂਜੇ ਕਿਸਾਨ ਸੰਗਠਨਾਂ ਦੇ ਇਸ ਸੰਘਰਸ਼ ਦੀ ਹਮਾਇਤ ਵਿੱਚ ਆ ਜਾਣ ਕਾਰਨ ਸਾਰਾ ਮਾਹੌਲ ਕਿਸਾਨਮਈ ਹੋ ਗਿਆ ਹੈ।

ਸਾਰੀਆਂ ਰਾਜਨੀਤਿਕ ਪਾਰਟੀਆਂ ਕਿਸੇ ਨਾ ਕਿਸੇ ਢੰਗ ਨਾਲ ਆਪਣੀ ਹਮਦਰਦੀ ਕਿਸਾਨ ਸੰਘਰਸ਼ ਨਾਲ ਜਿਤਾਉਣ ਦਾ ਯਤਨ ਕਰ ਰਹੀਆਂ ਹਨ। ਪੰਜਾਬ ਦੀ ਕਾਂਗਰਸ ਪਾਰਟੀ ਵਲੋਂ ਅੱਜ 28 ਫਰਵਰੀ ਨੂੰ ਟਰੈਕਟਰ ਰੈਲੀਆਂ ਦਾ ਆਯੋਜਨ ਕੀਤਾ ਗਿਆ। ਇਸ ਤੋਂ ਇਲਾਵਾ ਅਕਾਲੀ ਦਲ ਵੀ ਸ਼ੁਭਕਰਨ ਦੇ ਮਾਮਲੇ ਵਿੱਚ ਭਗਵੰਤ ਮਾਨ ਸਰਕਾਰ ਵੱਲ ਉਂਗਲ ਚੁੱਕ ਚੁੱਕਾ ਹੈ। ਉਨ੍ਹਾਂ ਦਾ ਆਖਣਾ ਹੈ ਕਿ ‘ਆਪ’ ਸਰਕਾਰ ਕੇਂਦਰ ਅਤੇ ਹਰਿਆਣਾ ਸਰਕਾਰ ਨਾਲ ਮਿਲੀ ਹੋਈ ਹੈ। ਅਕਾਲੀ ਆਗੂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਹਰਿਆਣਾ ਪੁਲਿਸ ਦੇ ਅਧਿਕਾਰੀਆਂ ਖਿਲਾਫ ਕਤਲ ਦਾ ਮੁਕੱਦਮਾ ਦਰਜ ਕਰਨ ਤੋਂ ਪਿੱਛੇ ਹਟ ਗਏ ਹਨ।

ਇਸੇ ਦੌਰਾਨ ਪੰਜਾਬ ਭਾਜਪਾ ਦੇ ਆਗੂ ਸੁਨੀਲ ਜਾਖੜ ਨੇ ਵੀ ਕਿਸਾਨ ਵਰਕਰ ਸ਼ੁਭਕਰਨ ਦੀ ਮੌਤ ‘ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਸ਼ੁਭਕਰਨ ਸਿੰਘ ਦੀ ਮੌਤ ਬੇਹੱਦ ਦੁੱਖਦਾਈ ਹੈ ਅਤੇ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਨਾ ਚਾਹੀਦਾ ਹੈ। ਇੰਜ ਸਾਰੀਆਂ ਰਾਜਨੀਤਿਕ ਪਾਰਟੀਆਂ ਸ਼ੁਭਕਰਨ ਦੀ ਸ਼ਹਾਦਤ ਦਾ ਰਾਜਨੀਤਿਕ ਲਾਹਾ ਲੈਣ ਦੇ ਯਤਨ ਵਿੱਚ ਹਨ। ਇਹ ਰਿਪੋਰਟਾਂ ਵੀ ਸਾਹਮਣੇ ਆਈਆਂ ਹਨ ਕਿ ਸ਼ੁਭਕਰਨ ਦੇ ਘਰ ਅਫਸੋਸ ਕਰਨ ਵਾਲੇ ਰਾਜਨੀਤਿਕ ਲੀਡਰਾਂ ਦਾ ਤਾਂਤਾ ਲੱਗਿਆ ਹੋਇਆ ਹੈ। ਮੌਜੂਦਾ ਕਿਸਾਨ ਸੰਘਰਸ਼ ਜੇ ਇੱਕ ਜੁੱਟ ਹੋ ਜਾਂਦਾ ਹੈ ਅਤੇ ਦੇਸ਼ ਪੱਧਰ ‘ਤੇ ਫੈਲ ਜਾਂਦਾ ਹੈ, ਇਸ ਦਾ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ।



**ਚੋਣ ਚਰਚਾ**

# ਮੇਅਰ ਦੀ ਚੋਣ ਸਬੰਧੀ ਸੁਪਰੀਮ ਕੋਰਟ ਦੇ ਫੈਸਲੇ ਨੇ ਇੰਡੀਆ ਗੱਠਜੋੜ ਵਿੱਚ ਨਵੀਂ ਰੂਹ ਫੂਕੀ

## ਗੱਠਜੋੜ ਦੀਆਂ ਪਾਰਟੀਆਂ ਵਿਚਕਾਰ ਸੀਟਾਂ ਦੀ ਵੰਡ ਦਾ ਅਮਲ ਤੇਜ਼

ਪੰਜਾਬੀ ਪਰਵਾਜ਼ ਬਿਊਰੋ

ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਐਨ.ਡੀ.ਏ ਦੇ ਮੁਕਾਬਲੇ ਲਈ 'ਇੰਡੀਆ' ਬਲਾਕ ਦਾ ਬਾਨ੍ਹਣੂ ਬੰਨਣ ਵਾਲੇ ਪ੍ਰਮੁੱਖ ਆਗੂ ਤੇ ਪਾਲਾ ਬਦਲਣ ਦੇ ਮਾਹਿਰ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਗੱਠਜੋੜ ਤੋਂ ਵੱਖ ਹੋ ਜਾਣ ਨੇ ਇੱਕ ਵਾਰ ਤਾਂ ਇਸ ਨਵੇਂ ਸਿਆਸੀ ਗੱਠਜੋੜ ਦਾ ਲੱਕ ਹੀ ਤੋੜ ਦਿੱਤਾ ਸੀ। ਇਸ ਦੇ ਸਿੱਟੇ ਵਜੋਂ ਬਿਹਾਰ ਵਿੱਚ ਜਨਤਾ ਦਲ ਯੂਨਾਈਟਿਡ ਅਤੇ ਰਾਸ਼ਟਰੀ ਜਨਤਾ ਦਲ ਗੱਠਜੋੜ ਦੀ ਸਾਂਝੀ ਸਰਕਾਰ ਡਿੱਗ ਗਈ। ਨਿਤੀਸ਼ ਕੁਮਾਰ ਨੇ ਇੱਕ ਵਾਰ ਫਿਰ ਭਾਜਪਾ ਦੀ ਹਮਾਇਤ ਨਾਲ ਸਰਕਾਰ ਬਣਾ ਲਈ। ਇਸ ਘਟਨਾਕ੍ਰਮ ਤੋਂ ਬਾਅਦ ਇੱਕ ਵਾਰ ਤਾਂ ਇੰਜ ਜਾਪਣ ਲੱਗਾ ਸੀ ਕਿ ਸ਼ਾਇਦ ਭਾਜਪਾ/ਐਨ.ਡੀ.ਏ. ਦਾ ਮੁਕਾਬਲਾ ਕਰਨ ਲਈ ਬਣਾਏ ਗਏ 'ਇੰਡੀਆ' ਗੱਠਜੋੜ ਦਾ ਕੋਈ ਵਜੂਦ ਹੀ ਬਾਕੀ ਨਾ ਬਚੇ।

ਇਸ ਤੋਂ ਬਾਅਦ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਅਤੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਵੱਲੋਂ ਆਪੋ-ਆਪਣੇ ਤੌਰ 'ਤੇ ਲੋਕ ਸਭਾ ਚੋਣਾਂ ਲਈ ਉਮੀਦਵਾਰ ਐਲਾਨ ਦਿੱਤੇ ਜਾਣ ਤੋਂ ਬਾਅਦ 'ਇੰਡੀਆ' ਗੱਠਜੋੜ ਆਖਰੀ ਸਾਹਾਂ 'ਤੇ ਵਿਖਾਈ ਦੇਣ ਲੱਗਾ, ਪਰ ਬਾਅਦ ਵਿੱਚ ਵਾਪਰੀਆਂ ਕੁਝ ਕੁ ਘਟਨਾਵਾਂ ਨੇ ਹੀ ਬਾਜ਼ੀ ਪਲਟਣੀ ਆਰੰਭ ਕਰ ਦਿੱਤੀ। ਮਸਲਨ ਚੰਡੀਗੜ੍ਹ ਦੇ ਮੇਅਰ ਦੀ ਚੋਣ ਦਾ ਭਾਜਪਾ ਦੇ ਪ੍ਰਜ਼ਾਈਡਿੰਗ ਅਫਸਰ ਵਲੋਂ ਵਿਗਾੜਿਆ ਗਿਆ ਨਤੀਜਾ ਸੁਪਰੀਮ ਕੋਰਟ ਵੱਲੋਂ ਪਲਟ ਦੇਣ ਅਤੇ ਪ੍ਰਜ਼ਾਈਡਿੰਗ ਅਫਸਰ ਅਨਿਲ ਮਸੀਹ ਵੱਲੋਂ ਅੱਠ ਵੋਟਾਂ ਨਾਲ ਛੇੜ-ਛਾੜ ਕਰਨ ਖਿਲਾਫ ਮੁਕੱਦਮਾ ਦਰਜ ਕਰਨ ਦੇ ਦਿੱਤੇ ਗਏ ਫੈਸਲੇ ਨਾਲ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਵਿੱਚ ਇੱਕ ਤਰ੍ਹਾਂ ਨਾਲ ਜਾਨ ਪੈ ਗਈ ਵਿਖਾਈ ਦਿੱਤੀ। ਇਸ ਸਫਲਤਾ ਨੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਕਾਡਰ ਅੰਦਰ ਵੀ ਨਵੀਂ ਰੂਹ ਫੂਕੀ। ਉਨ੍ਹਾਂ ਨੂੰ ਲੱਗਣ ਲੱਗਾ ਕਿ ਸਾਰੀਆਂ ਪ੍ਰਸਥਿਤੀਆਂ ਉਨ੍ਹਾਂ ਦੇ ਉਲਟ ਅਤੇ ਬੇਵਿਸਾਹੀਆਂ ਹੋਣ ਦੇ ਬਾਵਜੂਦ ਤਕੜੇ ਹੋ ਕੇ ਲੋਕ ਸਭਾ ਚੋਣ ਲੜਨੀ ਚਾਹੀਦੀ ਹੈ। ਵੱਡੀਆਂ ਔਕੜਾਂ ਅਤੇ ਸਾਧਨਾਂ ਦੀ ਕਮੀ ਦੇ ਬਾਵਜੂਦ ਭਾਜਪਾ ਅਤੇ ਉਸ ਦੇ ਭਾਈਵਾਲਾਂ ਨੂੰ ਹਰਾਇਆ ਵੀ ਜਾ ਸਕਦਾ ਹੈ। ਸਥਿਤੀਆਂ ਨੂੰ ਸਹੀ ਰੁਖ ਬਦਲਣ ਵਿੱਚ ਕੋਈ ਅਦਿੱਖ ਸ਼ਕਤੀ (ਹੈਂਡ ਆਫ ਗੌਡ) ਵੀ ਉਨ੍ਹਾਂ ਦੀ ਮੱਦਦ ਕਰ ਸਕਦਾ ਹੈ। ਇਸ ਕਿਸਮ ਦੇ ਵਿਚਾਰ ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਨੇ ਦਿੱਲੀ ਅਸੈਂਬਲੀ ਨੂੰ ਸੰਬੋਧਨ ਕਰਦਿਆਂ ਪ੍ਰਗਟ ਵੀ ਕੀਤੇ। ਉਨ੍ਹਾਂ ਹਿੰਦੂ ਮਿਥਾਲੋਜੀ ਵਿੱਚੋਂ ਪ੍ਰਮਾਣ ਪੇਸ਼ ਕਰਦਿਆਂ ਕਿਹਾ ਕਿ ਅੱਤ ਅਤੇ ਖੁਦਾ ਦਾ ਵੈਰ ਹੁੰਦਾ ਹੈ।

ਯਾਦ ਰਹੇ, 30 ਜਨਵਰੀ ਨੂੰ ਹੋਈ ਚੰਡੀਗੜ੍ਹ ਦੇ ਮੇਅਰ ਦੀ ਚੋਣ ਵਿੱਚ ਕੁੱਲ 36 ਵੋਟਾਂ ਵਿੱਚੋਂ 'ਆਪ' ਅਤੇ ਕਾਂਗਰਸ ਦੇ ਗੱਠਜੋੜ ਨੂੰ 20 ਵੋਟਾਂ ਮਿਲੀਆਂ ਸਨ, ਜਦਕਿ ਭਾਜਪਾ ਨੂੰ 16 ਵੋਟਾਂ ਮਿਲੀਆਂ ਸਨ। ਇਸ ਚੋਣ ਅਮਲ ਦੌਰਾਨ ਭਾਜਪਾ ਦੇ ਖਾਸਮ-ਖਾਸ ਪ੍ਰਜ਼ਾਈਡਿੰਗ ਅਫਸਰ ਅਨਿਲ ਮਸੀਹ ਨੇ 8 ਵੋਟਾਂ ਆਪਣੇ ਪੈਨ ਨਾਲ ਕੱਟ ਦਿੱਤੀਆਂ ਸਨ ਅਤੇ ਉਸ ਦੀ ਇਹ ਕਾਰਵਾਈ ਕੈਮਰੇ ਵਿੱਚ ਕੈਦ ਹੋ ਗਈ ਸੀ। 'ਆਪ' ਅਤੇ ਕਾਂਗਰਸ ਵੱਲੋਂ ਚੰਡੀਗੜ੍ਹ ਦੇ ਮੇਅਰ ਦੀ ਚੋਣ ਲੜ ਰਹੇ ਕੁਲਦੀਪ ਕੁਮਾਰ ਨੇ ਇਸ ਬੇਇਨਸਾਫੀ ਖਿਲਾਫ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਪਹੁੰਚ ਕੀਤੀ, ਪਰ ਉਚ ਅਦਾਲਤ ਵੱਲੋਂ ਇਸ ਮਾਮਲੇ ਵਿੱਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਇਸ ਤੋਂ ਬਾਅਦ ਉਨ੍ਹਾਂ ਸੁਪਰੀਮ ਕੋਰਟ ਵਿੱਚ ਪਹੁੰਚ ਕੀਤੀ। ਇਹ ਮਾਮਲਾ ਸਾਹਮਣੇ ਆਉਣ 'ਤੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਡੀ.ਵਾਈ. ਚੰਦਰਚੂੜ੍ਹ ਨੇ ਮਾਮਲੇ ਨੂੰ ਸੁਣਵਾਈ ਲਈ ਰਜਿਸਟਰ ਕਰ ਲਿਆ ਅਤੇ ਆਪਣੇ ਸਣੇ 3 ਮੈਂਬਰੀ ਬੈਂਚ ਦਾ ਗਠਨ ਕੀਤਾ। ਅਦਾਲਤ ਨੇ ਇਸ ਮਾਮਲੇ ਦਾ ਸਾਰਾ ਰਿਕਾਰਡ ਤਲਬ ਕਰ ਲਿਆ ਅਤੇ ਸਥਾਨਕ ਪ੍ਰਸ਼ਾਸਨ ਨੂੰ ਇਸ ਰਿਕਾਰਡ ਨੂੰ ਸੁਰੱਖਿਅਤ ਰੱਖਣ ਅਤੇ ਅਦਾਲਤ ਵਿੱਚ ਪੇਸ਼ ਕਰਨ ਦਾ ਹੁਕਮ ਦਿੱਤਾ। ਅਨਿਲ ਮਸੀਹ ਦੀ ਵੀਡੀਉ ਵੇਖਣ ਪਿੱਛੋਂ ਅਦਾਲਤ ਨੇ ਕਿਹਾ ਕਿ ਇੱਥੇ ਲੋਕ ਮੱਤ ਚੁਰਾ ਲਿਆ ਗਿਆ ਹੈ ਤੇ ਇਹ ਜਮਹੁਰੀਅਤ ਦਾ ਕਤਲ ਹੈ।

ਯਾਦ ਰਹੇ, 8 ਵੋਟਾਂ ਰੱਦ ਕੀਤੇ ਜਾਣ ਤੋਂ ਬਾਅਦ ਅਨਿਲ ਮਸੀਹ ਨੇ ਭਾਜਪਾ ਦੇ ਆਗੂ ਮਨੋਜ ਸਨੋਕਰ ਨੂੰ ਜੇਤੂ ਕਰਾਰ ਦੇ ਦਿੱਤਾ ਸੀ, ਭਾਵੇਂ ਕਿ ਬਾਅਦ ਵਿੱਚ ਉਸ ਵੱਲੋਂ ਅਸਤੀਫਾ ਦੇ ਦਿੱਤਾ ਗਿਆ। ਭਾਜਪਾ ਨੇ ਇਥੇ ਹੀ ਬੱਸ ਨਹੀਂ ਕੀਤੀ, ਸਗੋਂ 'ਆਪ' ਅਤੇ ਕਾਂਗਰਸ ਦੇ ਗੱਠਜੋੜ ਨੂੰ ਹਰ ਹੀਲੇ ਮਾਤ ਦੇਣ ਲਈ ਆਪ ਦੇ ਤਿੰਨ ਕੌਂਸਲਰ ਖਰੀਦ ਕੇ ਆਪਣੇ ਵੱਲ ਵੀ ਕਰ ਲਏ ਸਨ, ਪਰ ਸਰਬਉਚ ਅਦਾਲਤ ਨੇ ਸੰਵਿਧਾਨ ਦੀ ਧਾਰਾ 142 ਅਧੀਨ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰ ਕੇ ਪਹਿਲੀ ਚੋਣ ਨੂੰ ਆਧਾਰ ਬਣਾਉਂਦਿਆਂ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੇ ਸਾਂਝੇ ਉਮੀਦਵਾਰ ਨੂੰ ਜੇਤੂ ਕਰਾਰ ਦੇ ਦਿੱਤਾ। ਇਸ ਦੌਰਾਨ ਅਦਾਲਤ ਨੇ ਪ੍ਰਜ਼ਾਈਡਿੰਗ ਅਫਸਰ ਅਨਿਲ ਮਸੀਹ ਦੀ ਕਾਫੀ ਝਾੜ ਝੰਬ ਕੀਤੀ ਅਤੇ ਉਸ ਖਿਲਾਫ ਕੇਸ ਦਰਜ ਕਰਨ ਦਾ ਵੀ ਆਦੇਸ਼ ਦਿੱਤਾ ਗਿਆ। ਜਦੋਂ ਅਦਾਲਤ ਨੇ ਪੁਛਿਆ ਕਿ ਉਹ ਵੋਟਾਂ 'ਤੇ ਕਾਟਾ ਫੇਰਦਿਆਂ ਵਾਰ-ਵਾਰ ਕੈਮਰੇ ਵੱਲ ਕਿਉਂ ਵੇਖ ਰਿਹਾ ਹੈ ਤਾਂ ਉਸ ਨੇ ਆਖਿਆ ਕੇ 'ਆਪ' ਦੇ ਕੌਂਸਲਰ ਖੱਪ ਕਰ ਰਹੇ ਸਨ, ਇਸ ਹੀ ਉਹ ਕੈਮਰੇ ਵੱਲ ਵੇਖ ਰਿਹਾ ਸੀ। ਇਸ ਦੌਰਾਨ ਭਾਜਪਾ ਦੇ ਵਕੀਲ ਵੱਲੋਂ ਨਵੇਂ ਸਿਰਿਉਂ ਚੋਣ ਕਰਵਾਉਣ ਦੀ ਵੀ ਮੰਗ ਕੀਤੀ ਗਈ, ਪਰ ਸੁਪਰੀਮ ਕੋਰਟ ਨੇ ਧਾਰਾ 142 ਅਧੀਨ ਪਹਿਲੀ ਚੋਣ ਦੇ ਨਤੀਜੇ ਨੂੰ ਹੀ ਵਾਜਬ ਠਹਿਰਾਉਣਾ ਠੀਕ ਸਮਝਿਆ।

ਇਸ ਫੈਸਲੇ ਨੇ ਨਾ ਸਿਰਫ ਕਾਂਗਰਸ ਅਤੇ 'ਆਪ' ਨੂੰ ਹੀ ਰਾਹਤ ਪਹੁੰਚਾਈ, ਸਗੋਂ ਭਾਰਤੀ ਜਮਹੂਰੀ ਪ੍ਰਬੰਧ ਦੇ ਕਿਰ ਰਹੇ ਵਜੂਦ ਤੋਂ ਫਿਕਰਮੰਦ ਹਰ ਸ਼ਖਸ ਨੂੰ ਸੰਤੁਸ਼ਟੀ ਬਖਸ਼ੀ। ਇਸ ਤੋਂ ਵੀ ਅੱਗੇ ਇਸ ਨੇ ਉਪਰੋਕਤ ਦੋਹਾਂ ਪਾਰਟੀਆਂ ਦੇ ਆਤਮ ਵਿਸ਼ਵਾਸ ਨੂੰ ਵੀ ਉਗਾਸਾ ਦਿੱਤਾ। ਇਸ ਤੋਂ ਬਾਅਦ ਵੱਖ-ਵੱਖ ਸਟੇਟਾਂ ਵਿੱਚ ਦੋਹਾਂ ਪਾਰਟੀਆਂ ਵਿਚਕਾਰ ਸਮਝੌਤਿਆਂ ਦਾ ਅਮਲ ਤੇਜ਼ ਹੋ ਗਿਆ। ਦਿੱਲੀ ਵਿੱਚ ਦੋਹਾਂ ਪਾਰਟੀਆਂ ਨੇ ਲੋਕ ਸਭਾ ਚੋਣਾਂ ਲਈ ਸੀਟਾਂ ਦੀ ਵੰਡ ਦਾ ਐਲਾਨ ਕਰ ਦਿੱਤਾ ਹੈ, ਜਿੱਥੇ ਆਮ ਆਦਮੀ ਪਾਰਟੀ ਨਵੀਂ ਦਿੱਲੀ, ਪੱਛਮੀ ਦਿੱਲੀ, ਦੱਖਣੀ ਦਿੱਲੀ ਅਤੇ ਪੂਰਬੀ ਦਿੱਲੀ ਦੇ ਲੋਕ ਸਭਾ ਹਲਕਿਆਂ ਤੋਂ ਚੋਣ ਲੜੇਗੀ, ਜਦੋਂਕਿ ਕਾਂਗਰਸ ਪਾਰਟੀ ਉੱਤਰ-ਪੂਰਬੀ ਦਿੱਲੀ, ਉੱਤਰ ਪੱਛਮੀ ਦਿੱਲੀ ਅਤੇ ਚਾਂਦਨੀ ਚੌਂਕ ਯਾਨਿ ਤਿੰਨ ਸੀਟਾਂ 'ਤੇ ਚੋਣ ਲੜੇਗੀ। ਇਸ ਤੋਂ ਇਲਾਵਾ ਦੋਹਾਂ ਪਾਰਟੀਆਂ ਵੱਲੋਂ ਹਰਿਆਣਾ, ਗੁਜਰਾਤ ਅਤੇ ਗੋਆ ਵਿੱਚ ਵੀ ਸੀਟਾਂ ਦੀ ਵੰਡ ਸਬੰਧੀ ਸਮਝੌਤਾ ਕਰ ਲਿਆ ਗਿਆ ਹੈ। ਚੰਡੀਗੜ੍ਹ ਦੀ ਸੀਟ ਤੋਂ ਕਾਂਗਰਸ ਪਾਰਟੀ ਆਪਣਾ ਉਮੀਦਵਾਰ ਖੜ੍ਹਾ ਕਰੇਗੀ ਅਤੇ ਆਮ ਆਦਮੀ ਪਾਰਟੀ ਇਸ ਉਮੀਦਵਾਰ ਨੂੰ ਆਪਣੀ ਹਮਾਇਤ ਦੇਵੇਗੀ।

ਪੰਜਾਬ ਵਿੱਚ ਵਿਸ਼ੇਸ਼ ਹਾਲਾਤ ਦੇ ਮੱਦੇਨਜ਼ਰ ਦੋਹਾਂ ਪਾਰਟੀਆਂ ਨੇ ਆਪੋ ਆਪਣੇ ਤੋਰ 'ਤੇ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਕਾਂਗਰਸ ਪਾਰਟੀ ਨੇ ਉੱਤਰ ਪ੍ਰਦੇਸ਼ ਵਿੱਚ ਸਮਾਜਵਾਦੀ ਪਾਰਟੀ ਨਾਲ ਚੋਣ ਸਮਝੌਤਾ ਕਰ ਲਿਆ ਹੈ। ਬਿਹਾਰ ਵਿੱਚ ਨਿਤੀਸ਼ ਕੁਮਾਰ ਦੇ ਪਲਟੀ ਮਾਰ ਜਾਣ ਤੋਂ ਬਾਅਦ ਤੇਜੱਸਵੀ ਯਾਦਵ ਨੇ ਕੱਦ ਕੱਢਣਾ ਸ਼ੁਰੂ ਕਰ ਦਿੱਤਾ ਹੈ। ਯਾਦ ਰਹੇ, ਰਾਸ਼ਟਰੀ ਜਨਤਾ ਦਲ ਵੀ 'ਇੰਡੀਆ' ਗੱਠਜੋੜ ਦਾ ਹਿੱਸਾ ਹੈ। ਗੁਜਰਾਤ ਵਿੱਚ ਕਾਂਗਰਸ ਪਾਰਟੀ 24 ਸੀਟਾਂ 'ਤੇ ਚੋਣ ਲੜੇਗੀ, ਜਦੋਂਕਿ ਆਮ ਆਦਮੀ ਪਾਰਟੀ ਦੋ ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕਰੇਗੀ। ਹਰਿਆਣਾ ਵਿੱਚ ਕੁਰੂਕਸ਼ੇਤਰ ਲੋਕ ਸਭਾ ਸੀਟ ਤੋਂ ਇਲਾਵਾ ਕਾਂਗਰਸ ਪਾਰਟੀ 10 ਸੀਟਾਂ 'ਤੇ ਚੋਣ ਲੜੇਗੀ, ਜਦਕਿ ਆਮ ਆਦਮੀ ਪਾਰਟੀ ਕੁਰੂਕਸ਼ੇਤਰ ਤੋਂ ਆਪਣਾ ਉਮੀਦਵਾਰ ਖੜ੍ਹਾ ਕਰੇਗੀ। ਗੋਆ ਦੀਆਂ ਦੋਵੇਂ ਲੋਕ ਸਭਾ ਸੀਟਾਂ 'ਤੇ ਕਾਂਗਰਸ ਪਾਰਟੀ ਆਪਣੇ ਉਮੀਦਵਾਰ ਖੜ੍ਹੇ ਕਰੇਗੀ ਅਤੇ 'ਆਪ' ਦੀ ਇਨ੍ਹਾਂ ਨੂੰ ਹਮਾਇਤ ਰਹੇਗੀ। ਇਸ ਦੌਰਾਨ ਸੀਨੀਅਰ ਕਾਂਗਰਸ ਆਗੂ ਮੁਕਲ ਵਾਸਨਿਕ ਨੇ ਕਿਹਾ ਕਿ ਇਹ ਸਾਰੀਆਂ ਸੀਟਾਂ 'ਇੰਡੀਆ' ਗੱਠਜੋੜ ਸਾਂਝੇ ਤੌਰ 'ਤੇ ਲੜੇਗਾ ਅਤੇ ਸਾਰੀਆਂ ਸੀਟਾਂ ਜਿੱਤਣ ਦਾ ਯਤਨ ਕੀਤਾ ਜਾਵੇਗਾ।

**Matrimonials**

**ਲੜਕੀ ਦੀ ਭਾਲ**

ਜੱਟ ਸਿੱਖ, ਕੱਦ 5'-11", 32 ਸਾਲਾ ਲੜਕੇ ਲਈ ਅਮਰੀਕਨ ਗਰੀਨ ਕਾਰਡ ਹੋਲਡਰ ਜਾਂ ਸਿਟੀਜ਼ਨ ਪ੍ਰਾਪਤ ਲੜਕੀ ਦੀ ਭਾਲ ਹੈ। ਪਰਿਵਾਰ ਅੰਮ੍ਰਿਤਸਰ ਰਹਿੰਦਾ ਹੈ। ਮੁੰਡਾ ਸ਼ਿਕਾਗੋ ਏਰੀਏ ਵਿੱਚ ਹੈ ਅਤੇ ਵਰਕ ਪਰਮਿਟ ਪ੍ਰਾਪਤ ਹੈ। ਸੰਪਰਕ ਕਰੋ, ਫੋਨ: 510-610-7391




17115 W. Bluemound Rd, Suite D1, Brookfield, WI 53005

We Do Catering

ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ



ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

BOLLYWOOD Grill

Restaurant - Bar - Banquet

1038 N. Jackson St,
Milwaukee, WI 53202

We Also Provide

Onsite Tandoor Service For Fresh Naan & KABABS and Onsite Fresh DOSA Service.

ਫੋਨ: 262-894-0913

ਜਾਂ 414-588-3325

***ਮਾਮਲਾ ਗੁਰਦੁਆਰਾ ਗੁਰੂ ਨਾਨਕ ਸੁਸਾਇਟੀ ਦਾ***

# ਅਕਾਲ ਤਖਤ ਵੱਲੋਂ 'ਅਯੋਗ' ਕਰਾਰ ਦਿੱਤੇ ਹੋਣ ਦੇ ਬਾਵਜੂਦ ਗ੍ਰੰਥੀ ਸਿੰਘ ਬਹਾਲ!

**ਕੁਲਜੀਤ ਦਿਆਲਪੁਰੀ**

**ਸਿਨਸਿਨੈਟੀ, ਓਹਾਇਓ:** ਗੁਰਦੁਆਰਾ ਗੁਰੂ ਨਾਨਕ ਸੁਸਾਇਟੀ, ਹੈਮਿਲਟਨ ਦੇ ਹੈੱਡ ਗ੍ਰੰਥੀ ਦਾ ਮਾਮਲਾ ਕਰੀਬ ਪੌਣੇ ਛੇ ਮਹੀਨੇ ਲੰਘ ਜਾਣ ਦੇ ਬਾਵਜੂਦ ਟੇਢਾ ਮਸਲਾ ਬਣਿਆ ਹੋਇਆ ਹੈ। ਇਸ ਸਬੰਧੀ ਪ੍ਰਬੰਧਕੀ ਧਿਰ ਦੇ ਕੁਝ ਨੁਮਾਇੰਦਿਆਂ ਅਤੇ ਦੂਜੀ ਧਿਰ ਤੇ ਸੰਗਤੀ ਧਿਰ ਦਰਮਿਆਨ ਵਿਚਾਰਧਾਰਕ ਮਤਭੇਦ ਹੋਰ ਵੀ ਉਭਰ ਆਏ ਹਨ; ਕਿਉਂਕਿ ਅਕਾਲ ਤਖਤ ਸਾਹਿਬ ਵੱਲੋਂ ਕਿਸੇ ਵੀ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਦੀ ਸੇਵਾ ਨਿਭਾਉਣ ਜਾਂ ਫਿਰ ਅਖੰਡ ਪਾਠੀ ਵਜੋਂ ਸੇਵਾ ਕਰਨ ਤੋਂ 'ਅਯੋਗ' ਕਰਾਰ ਦਿੱਤੇ ਹੋਣ ਦੇ ਬਾਵਜੂਦ ਭਾਈ ਅਮਰੀਕ ਸਿੰਘ ਨੂੰ ਪਿਛਲੇ ਸਾਲ ਦਸੰਬਰ ਮਹੀਨੇ ਗੁਰੂ ਘਰ ਦੇ ਹੈੱਡ ਗ੍ਰੰਥੀ ਵਜੋਂ ਮੁੜ ਬਹਾਲ ਕਰ ਲਿਆ ਹੋਇਆ ਹੈ। ਕਿਹਾ ਜਾ ਰਿਹਾ ਹੈ, ਗੁਰੂ ਘਰ ਦੇ ਸੰਵਿਧਾਨ ਵਿੱਚ ਇਹ ਲਿਖਿਆ ਹੋਇਆ ਹੈ ਕਿ ਗੁਰੂ ਘਰ ਅਕਾਲ ਤਖਤ ਸਾਹਿਬ ਦੀ ਮਰਿਆਦਾ ਅਨੁਸਾਰ ਚੱਲੇਗਾ, ਪਰ ਗ੍ਰੰਥੀ ਸਿੰਘ ਦੇ ਮਾਮਲੇ ਵਿੱਚ ਅਕਾਲ ਤਖਤ ਸਾਹਿਬ ਦਾ ਹੁਕਮਨਾਮਾ ਕਥਿਤ ਤੌਰ 'ਤੇ ਨਜ਼ਰਅੰਦਾਜ਼ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਸਕੱਤਰੇਤ, ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਜਥੇਦਾਰ ਦੇ ਨਿੱਜੀ ਸਹਾਇਕ ਸ. ਜਸਪਾਲ ਸਿੰਘ ਦੇ ਦਸਤਖਤਾਂ ਹੇਠ 23 ਜਨਵਰੀ 2024 ਨੂੰ ਜਾਰੀ ਪੱਤਰ ਨੰਬਰ:ਅ:3/26/982 ਵਿੱਚ ਲਿਖਿਆ ਗਿਆ ਹੈ, "ਭਾਈ ਅਮਰੀਕ ਸਿੰਘ ਜੋ ਕਿ ਪਿਛਲੇ ਲੰਮੇ ਸਮੇਂ ਤੋਂ ਗੁਰਦੁਆਰਾ ਗੁਰੂ ਨਾਨਕ ਸਿਨਸਿਨਾਟੀ, ਅਮਰੀਕਾ ਵਿਖੇ ਹੈੱਡ ਗ੍ਰੰਥੀ ਦੀ ਡਿਊਟੀ ਨਿਭਾਅ ਰਿਹਾ ਹੈ। ਜਿਸ ਦੇ ਖਿਲਾਫ਼ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਿਖਤੀ ਸ਼ਿਕਾਇਤਾਂ ਪੁੱਜੀਆਂ ਹਨ ਕਿ ਇਸ ਨੇ ਚਲਦੇ ਸ੍ਰੀ ਅਖੰਡ ਪਾਠ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਬਗੈਰ ਪੜਨ ਤੋਂ ਹੀ ਪਲਟ ਦਿੱਤੇ, ਜੋ ਕਿ ਹੈੱਡ ਗ੍ਰੰਥੀ ਦੇ ਸਤਿਕਾਰਤ ਅਹੁਦੇ 'ਤੇ ਹੋਣ ਦੇ ਨਾਤੇ ਨਾ ਬਖਸ਼ਣਯੋਗ ਵੱਡਾ ਗੁਨਾਹ ਹੈ। ਇਸ ਮਸਲੇ 'ਤੇ ਨੋਟਿਸ ਲੈਂਦਿਆਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਨੇ ਪੱਤਰ ਰਾਹੀਂ ਇਸ ਪਾਸੋਂ ਸਪੱਸ਼ਟੀਕਰਨ ਮੰਗਿਆ ਸੀ। ਸਪੱਸ਼ਟੀਕਰਨ ਪੁੱਜਣ 'ਤੇ ਇਹ ਮਾਮਲਾ ਮਿਤੀ ੨੩-੧੧-੨੦੨੩ (23 ਨਵੰਬਰ 2023) ਨੂੰ ਸਿੰਘ ਸਾਹਿਬ ਜੀ ਵੱਲੋਂ ਬਣਾਈ ਗਈ ਪੰਜ ਮੈਂਬਰੀ ਘੋਖ ਕਮੇਟੀ ਦੀ ਇਕੱਤਰਤਾ ਵਿਚ ਵਿਚਾਰਿਆ ਗਿਆ। ਘੋਖ ਕਮੇਟੀ ਵੱਲੋਂ ਹੋਏ ਫੈਸਲੇ ਮੁਤਾਬਿਕ ਅਮਰੀਕ ਸਿੰਘ ਦੀ ਬਹੁਤ ਵੱਡੀ ਗਲਤੀ ਸਾਬਤ ਹੋਈ। ਜਿਸ ਲਈ ਇਹ ਪੰਜ ਪਿਆਰੇ ਸਾਹਿਬਾਨ ਦੇ ਸਨਮੁੱਖ ਪੇਸ਼ ਹੋ ਕੇ ਕੀਤੀ ਪਿਛਲੀ ਭੁੱਲ ਬਖਸ਼ਾਵੇ, ਇਸ ਤੋਂ ਇਲਾਵਾ ਇਹ ਵੀ ਫੈਸਲਾ ਕੀਤਾ ਗਿਆ ਕਿ ਅਮਰੀਕ ਸਿੰਘ ਨੂੰ ਕਿਸੇ ਵੀ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ/ਅਖੰਡ ਪਾਠੀ ਦੀ ਸੇਵਾ ਕਰਨ ਤੋਂ ਅਯੋਗ ਕਰਾਰ ਦਿੱਤਾ ਜਾਂਦਾ ਹੈ। ਅਮਰੀਕਾ ਦੀਆਂ ਸੰਗਤਾਂ ਵੱਲੋਂ ਪੁੱਜੀਆਂ ਦਰਖਾਸਤਾਂ ਦੇ ਅਧਾਰਪੁਰ ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵੱਲੋਂ ਹੋਏ ਆਦੇਸ਼ ਅਨੁਸਾਰ ਅਮਰੀਕ ਸਿੰਘ ਬਾਬਤ ਹੋਏ ਫੈਸਲੇ ਦੀ ਜਾਣਕਾਰੀ ਆਪ ਜੀ ਪਾਸ ਭੇਜੀ ਜਾ ਰਹੀ ਹੈ।

ਧੰਨਵਾਦ ਸਹਿਤ,


ਸ਼ੁਭਚਿੰਤਕ, (ਜਸਪਾਲ ਸਿੰਘ) ਨਿੱਜੀ ਸਹਾਇਕ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ।"

ਇਸ ਪੱਤਰ ਦਾ ਉਤਾਰਾ ਸੰਗਤ ਨੂੰ ਜਾਣਕਾਰੀ ਦੇਣ ਹਿੱਤ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੋਂ ਇਲਾਵਾ ਦੂਜੀ ਧਿਰ ਦੇ ਮੀਤ ਪ੍ਰਧਾਨ ਚਰਨਜੀਤ ਸਿੰਘ (ਗ੍ਰੰਥੀ ਸਿੰਘ ਦੀ ਬਹਾਲੀ ਦੇ ਵਿਰੁੱਧ ਹਨ), ਤੀਰਥ ਸਿੰਘ, ਰਣਜੀਤ ਸਿੰਘ ਖਾਲਸਾ ਤੇ ਪਲਵਿੰਦਰ ਸਿੰਘ ਨੂੰ ਵੀ ਭੇਜਿਆ ਗਿਆ ਹੈ।

ਗ੍ਰੰਥੀ ਸਿੰਘ ਦੀ ਮੁੜ ਕਥਿਤ ਗਲਤ ਬਹਾਲੀ ਦਾ ਵਿਰੋਧ ਕਰ ਰਹੇ ਸੰਗਤ ਮੈਂਬਰਾਂ ਦਾ ਕਹਿਣਾ ਹੈ ਕਿ ਪਿਛਲੇ ਸਮੇਂ ਵਿੱਚ ਗ੍ਰੰਥੀ ਸਿੰਘ ਨੇ ਅਖੰਡ ਪਾਠ ਦੌਰਾਨ ਬਿਨਾ ਪੜ੍ਹਿਆਂ ਵੱਧ ਪੰਨੇ ਪਰਤਣ ਦੇ ਘਟਨਾਕ੍ਰਮ ਨੂੰ ਜਾਣ-ਬੁੱਝ ਕੇ ਅੰਜਾਮ ਦਿੱਤਾ ਸੀ, ਜੋ ਕਿ ਬਹੁਤ ਹੀ ਮੰਦਭਾਗਾ ਤੇ ਨਿੰਦਣਯੋਗ ਸੀ। ਸੰਗਤ ਮੈਂਬਰਾਂ ਦਾ ਕਹਿਣਾ ਹੈ ਕਿ ਅਣਜਾਣਪੁਣੇ ਵਿੱਚ ਹੋਈ ਗਲਤੀ ਮੁਆਫੀਯੋਗ ਹੈ, ਪਰ ਕਥਿਤ ਤੌਰ 'ਤੇ ਮਿੱਥ ਕੇ ਅਜਿਹਾ ਕਰਨਾ ਇੱਕ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦਾ ਨਿਰਾਦਰ ਕਰਨਾ ਹੈ। ਗ੍ਰੰਥੀ ਸਿੰਘ ਦੀ ਮੁੜ ਬਹਾਲੀ ਪ੍ਰਤੀ ਸੰਗਤ ਦੇ ਇੱਕ ਹਿੱਸੇ ਵਿੱਚ ਰੋਸ ਹੈ ਅਤੇ ਉਹ ਇਸ ਨੂੰ ਪ੍ਰਬੰਧਕ ਕਮੇਟੀ ਦੀ ਮਨਮਾਨੀ ਦੱਸ ਰਹੇ ਹਨ। ਬਹੁਤੀ ਸੰਗਤ ਵੀ ਹੁਣ ਇਸ ਸਭ ਵਰਤਾਰੇ ਤੋਂ ਕੁਝ ਕੁਝ ਦੁਵਿਧਾ ਵਿੱਚ ਹੈ। ਕੁਝ ਲੋਕ ਅਣਮੰਨੇ ਮਨ ਨਾਲ ਆਪਣੀ ਧਿਰ (ਪ੍ਰਬੰਧਕ ਕਮੇਟੀ) ਦੇ ਹੱਕ ਵਿੱਚ ਹਨ, ਪਰ ਗ੍ਰੰਥੀ ਸਿੰਘ ਦੇ ਮਾਮਲੇ ਵਿੱਚ ਅਕਾਲ ਤਖਤ ਸਾਹਿਬ ਵੱਲੋਂ ਜਾਰੀ ਆਦੇਸ਼ ਦਾ ਸਤਿਕਾਰ ਵੀ ਉਨ੍ਹਾਂ ਦੇ ਮਨ ਵਿੱਚ ਹੈ। ਹਾਲਾਂਕਿ ਅਸਲ ਮਾਮਲੇ ਦਾ ਕਰੀਬ ਕਰੀਬ ਸਾਰੀ ਸੰਗਤ ਨੂੰ ਪਤਾ ਹੈ।

ਇਸੇ ਦੌਰਾਨ ਜਗਪਾਲ ਸਿੰਘ ਗਰੇਵਾਲ ਤੇ ਗੁਰਜੰਟ ਸਿੰਘ ਸੇਖੋਂ ਵੱਲੋਂ ਸ਼ੁਰੂ ਕੀਤੀ ਅਤੇ ਸੰਗਤ ਦੇ ਮੈਂਬਰਾਂ ਵੱਲੋਂ ਸਾਈਨ ਕੀਤੀ ਇੱਕ ਪਟੀਸ਼ਨ ਕਾਰਜਕਾਰੀ ਕਮੇਟੀ ਨੂੰ ਦਿੱਤੀ ਗਈ ਹੈ, ਜਿਸ ਵਿੱਚ ਗ੍ਰੰਥੀ ਸਿੰਘ ਦੀ ਕਥਿਤ ਗਲਤ ਢੰਗ ਨਾਲ ਮੁੜ ਬਹਾਲੀ ਦਾ ਵਿਰੋਧ ਕਰ ਰਹੇ ਗੁਰੂ ਨਾਨਕ ਸੁਸਾਇਟੀ ਦੇ ਮੈਂਬਰਾਂ- ਰਣਜੀਤ ਸਿੰਘ, ਤੀਰਥ ਸਿੰਘ ਸੰਦਰ, ਪਲਵਿੰਦਰ ਸਿੰਘ ਤੇ ਚਰਨਜੀਤ ਸਿੰਘ ਸੋਹਲ ਦੀ ਮੈਂਬਰਸ਼ਿਪ ਰੱਦ ਕਰਨ ਲਈ ਲਿਖਿਆ ਗਿਆ ਹੈ। ਜ਼ਿਕਰਯੋਗ ਹੈ ਇਸ ਸਬੰਧੀ 10 ਮਾਰਚ 2024 ਨੂੰ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿੱਚ ਵਿਸ਼ੇਸ਼ ਮੀਟਿੰਗ ਕੀਤੀ ਜਾਵੇਗੀ। ਇਸ ਸਬੰਧੀ ਉਕਤ ਚਾਰਾਂ ਨੇ ਕਿਹਾ ਹੈ ਕਿ ਇਹ ਸਭ ਕੁਝ ਸੱਚ ਦੀ ਆਵਾਜ਼ ਦਬਾਉਣ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਗ੍ਰੰਥੀ ਸਿੰਘ ਦਾ ਮੁੱਦਾ ਸੰਗਤ ਦੇ ਸਾਹਮਣੇ ਲਿਆਂਦਾ ਅਤੇ ਹੁਣ ਸਾਡੀ ਹੀ ਮੈਂਬਰਸ਼ਿਪ ਰੱਦ ਕਰਨ ਲਈ ਪਟੀਸ਼ਨ ਉਤੇ ਦਸਤਖਤ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ, ਹਾਲਾਂਕਿ ਸੰਗਤ ਸੱਚ ਜਾਣਦੀ ਹੈ, ਪਰ ਸਾਨੂੰ ਸਾਡਾ ਪੱਖ ਰੱਖਣ ਨਹੀਂ ਦਿੱਤਾ ਜਾਂਦਾ।

ਅਸਲ ਵਿੱਚ ਮਾਮਲਾ ਗੁਰੂ ਘਰ ਦੇ ਹੈੱਡ ਗ੍ਰੰਥੀ ਵੱਲੋਂ ਗੁਰੂ ਘਰ ਵਿੱਚ ਅਖੰਡ ਪਾਠ ਦੌਰਾਨ ਬਿਨਾ ਪੜ੍ਹਿਆਂ ਗੁਰੂ ਗ੍ਰੰਥ ਸਾਹਿਬ ਦੇ 49 ਪੰਨੇ ਪਲਟਣ ਦਾ ਹੈ। ਦੱਸ ਦਈਏ ਕਿ 9 ਸਤੰਬਰ 2023 ਨੂੰ ਰਾਤ ਵੇਲੇ ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਗੁਰੂ ਘਰ ਵਿੱਚ ਚੱਲ ਰਹੇ ਅਖੰਡ ਪਾਠ ਦੌਰਾਨ ਰੌਲ਼ ਲਾਉਣ ਦੀ ਸੇਵਾ ਦੌਰਾਨ ਇੱਕ ਪੰਨਾ ਪਲਟਣ ਦੀ ਥਾਂ ਕੁਝ ਪੰਨੇ ਬਿਨਾ ਗੁਰਬਾਣੀ ਦਾ ਪਾਠ ਕੀਤਿਆਂ ਪਲਟ ਦਿੱਤੇ ਸਨ। ਮਾਮਲਾ ਚਰਚਾ ਵਿੱਚ ਆ ਜਾਣ ਕਾਰਨ ਪਹਿਲਾਂ ਇਸ ਨੂੰ ਰਫਾ-ਦਫਾ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਗੁਰਦੁਆਰਾ ਸਾਹਿਬ ਨਾਲ ਜੁੜੀ ਸੰਗਤ ਦੇ ਕੁਝ ਮੈਂਬਰਾਂ ਨੇ ਇਸ ਗੱਲੋਂ ਸਖ਼ਤ ਇਤਰਾਜ਼ ਜਤਾਇਆ ਸੀ।



ਸਕੱਤਰੇਤ
ਸ੍ਰੀ ਅਕਾਲ ਤਖ਼ਤ ਸਾਹਿਬ
ਸ੍ਰੀ ਅੰਮ੍ਰਿਤਸਰ ਸਾਹਿਬ
Secretariat
Sri Akal Takhat Sahib, Sri Amritsar Sahib

ਨੰਬਰ:ਅ:੩/੨੬/੯੮੨ ਮਿਤੀ ੨੩/੦੧/੨੦੨੪

ਪ੍ਰਧਾਨ
Guru Nanak Society of Greater Cincinnati,
4394 Tylersville Rd, Hamilton,
OH 45011, USA.

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਗੁਰੂ ਸਵਾਰੇ ਜੀਓ,

ਭਾਈ ਅਮਰੀਕ ਸਿੰਘ ਜੋ ਕਿ ਪਿਛਲੇ ਲੰਮੇ ਸਮੇਂ ਤੋਂ ਗੁਰਦੁਆਰਾ ਗੁਰੂ ਨਾਨਕ ਸਿਨਸਿਨਾਟੀ, ਅਮਰੀਕਾ ਵਿਖੇ ਹੈੱਡ ਗ੍ਰੰਥੀ ਦੀ ਡਿਊਟੀ ਨਿਭਾਅ ਰਿਹਾ ਹੈ। ਜਿਸ ਦੇ ਖਿਲਾਫ਼ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਲਿਖਤੀ ਸ਼ਿਕਾਇਤਾਂ ਪੁੱਜੀਆਂ ਹਨ ਕਿ ਇਸ ਨੇ ਚਲਦੇ ਸ੍ਰੀ ਅਖੰਡ ਪਾਠ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਬਗੈਰ ਪੜਨ ਤੋਂ ਹੀ ਪਲਟ ਦਿੱਤੇ, ਜੋ ਕਿ ਹੈੱਡ ਗ੍ਰੰਥੀ ਦੇ ਸਤਿਕਾਰਤ ਅਹੁਦੇ 'ਤੇ ਹੋਣ ਦੇ ਨਾਤੇ ਨਾ ਬਖਸ਼ਣਯੋਗ ਵੱਡਾ ਗੁਨਾਹ ਹੈ। ਇਸ ਮਸਲੇ 'ਤੇ ਨੋਟਿਸ ਲੈਂਦਿਆਂ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੇ ਪੱਤਰ ਰਾਹੀਂ ਇਸ ਪਾਸੋਂ ਸਪੱਸ਼ਟੀਕਰਨ ਮੰਗਿਆ ਸੀ। ਸਪੱਸ਼ਟੀਕਰਨ ਪੁੱਜਣ 'ਤੇ ਇਹ ਮਾਮਲਾ ਮਿਤੀ ੨੩-੧੧-੨੦੨੩ ਨੂੰ ਸਿੰਘ ਸਾਹਿਬ ਜੀ ਵੱਲੋਂ ਬਣਾਈ ਗਈ ਪੰਜ ਮੈਂਬਰੀ ਘੋਖ ਕਮੇਟੀ ਦੀ ਇਕੱਤਰਤਾ ਵਿਚ ਵਿਚਾਰਿਆ ਗਿਆ। ਘੋਖ ਕਮੇਟੀ ਵੱਲੋਂ ਹੋਏ ਫੈਸਲੇ ਮੁਤਾਬਿਕ ਅਮਰੀਕ ਸਿੰਘ ਦੀ ਬਹੁਤ ਵੱਡੀ ਗਲਤੀ ਸਾਬਤ ਹੋਈ। ਜਿਸ ਲਈ ਇਹ ਪੰਜ ਪਿਆਰੇ ਸਾਹਿਬਾਨ ਦੇ ਸਨਮੁੱਖ ਪੇਸ਼ ਹੋ ਕੇ ਕੀਤੀ ਪਿਛਲੀ ਭੁੱਲ ਬਖਸ਼ਾਵੇ, ਇਸ ਤੋਂ ਇਲਾਵਾ ਇਹ ਵੀ ਫੈਸਲਾ ਕੀਤਾ ਗਿਆ ਕਿ **ਅਮਰੀਕ ਸਿੰਘ ਨੂੰ ਕਿਸੇ ਵੀ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ/ਅਖੰਡਪਾਠੀ ਦੀ ਸੇਵਾ ਕਰਨ ਤੋਂ ਅਯੋਗ ਕਰਾਰ ਦਿੱਤਾ ਜਾਂਦਾ ਹੈ।** ਅਮਰੀਕਾ ਦੀਆਂ ਸੰਗਤਾਂ ਵੱਲੋਂ ਪੁੱਜੀਆਂ ਦਰਖਾਸਤਾਂ ਦੇ ਅਧਾਰਪੁਰ ਸਤਿਕਾਰਯੋਗ ਸਿੰਘ ਸਾਹਿਬ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵੱਲੋਂ ਹੋਏ ਆਦੇਸ਼ ਅਨੁਸਾਰ ਅਮਰੀਕ ਸਿੰਘ ਬਾਬਤ ਹੋਏ ਫੈਸਲੇ ਦੀ ਜਾਣਕਾਰੀ ਆਪ ਜੀ ਪਾਸ ਭੇਜੀ ਜਾ ਰਹੀ ਹੈ।

ਧੰਨਵਾਦ ਸਹਿਤ,

ਸ਼ੁਭਚਿੰਤਕ,
(ਜਸਪਾਲ ਸਿੰਘ)
ਨਿੱਜੀ ਸਹਾਇਕ,
ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,
ਸ੍ਰੀ ਅੰਮ੍ਰਿਤਸਰ।

ਉਤਾਰਾ:- ੧) ਸ. ਤੀਰਥ ਸਿੰਘ
੨) ਸ. ਚਰਨਜੀਤ ਸਿੰਘ ਮੀਤ ਪ੍ਰਧਾਨ ਪਾਸ ਸੰਗਤਾਂ ਨੂੰ ਜਾਣਕਾਰੀ ਦੇਣ ਹਿੱਤ।
੩) ਸ. ਰਣਜੀਤ ਸਿੰਘ ਖਾਲਸਾ ਅਤੇ ਸ. ਪਲਵਿੰਦਰ ਸਿੰਘ।

Phone Fax : 0183-2540820 | E-Mail : akaltakhatsahib84@gmail.com

ਅਕਾਲ ਤਖਤ ਸਾਹਿਬ ਵੱਲੋਂ ਜਾਰੀ ਹੁਕਮਨਾਮਾ

ਪ੍ਰਬੰਧਕੀ ਕਮੇਟੀ ਦੇ ਇੱਕ ਹਿੱਸੇ ਵੱਲੋਂ ਗ੍ਰੰਥੀ ਸਿੰਘ ਨੂੰ ਭੁੱਲ ਬਖਸ਼ਾਉਣ ਲਈ ਤਨਖਾਹ/ਸੇਵਾ ਲਾਈ ਗਈ ਸੀ। ਇਸ ਸਭ ਤੋਂ ਅਸੰਤੁਸ਼ਟ ਕੁਝ ਸੰਗਤ ਮੈਂਬਰਾਂ ਵੱਲੋਂ ਮਾਮਲਾ ਅਕਾਲ ਤਖਤ ਸਾਹਿਬ ਦੇ ਧਿਆਨਗੋਚਰੇ ਲਿਆਂਦਾ ਗਿਆ, ਜਿਸ 'ਤੇ ਕਾਰਵਾਈ ਕਰਦਿਆਂ ਅਕਾਲ ਤਖਤ ਸਾਹਿਬ ਵੱਲੋਂ ਵੀ ਗ੍ਰੰਥੀ ਸਿੰਘ ਨੂੰ ਤਨਖਾਹੀਆ ਕਰਾਰ ਦਿੱਤਾ ਗਿਆ ਸੀ ਤੇ ਉਨ੍ਹਾਂ ਦੇ ਜ਼ਿੰਮੇ ਸੇਵਾ ਲਾਈ ਗਈ ਸੀ।

ਇਸੇ ਦੌਰਾਨ ਗ੍ਰੰਥੀ ਸਿੰਘ ਦੀ ਮੁੜ ਬਹਾਲੀ ਪ੍ਰਤੀ ਨਾਰਾਜ਼ ਧਿਰ ਦਾ ਕਹਿਣਾ ਹੈ ਕਿ ਪਿਛਲੇ ਸਮੇਂ ਦੌਰਾਨ ਇਸੇ ਗ੍ਰੰਥੀ ਸਿੰਘ ਵੱਲੋਂ (ਗੁਰਦੁਆਰਾ) ਗੁਰੂ ਗੋਬਿੰਦ ਸਿੰਘ ਸਿੱਖ ਸੁਸਾਇਟੀ, ਕਲੀਵਲੈਂਡ ਵਿੱਚ ਸੇਵਾ ਨਿਭਾਏ ਜਾਣ ਦੌਰਾਨ ਅਰਦਾਸ ਸਮੇਂ 'ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ' ਵਾਲੇ ਬੋਲਿਆਂ ਵਿੱਚੋਂ ਸ਼ਬਦ 'ਕੇਸ ਦਾਨ' ਨੂੰ ਕਥਿਤ ਤੌਰ 'ਤੇ ਜਾਣ-ਬੁੱਝ ਕੇ ਛੱਡ ਦਿੱਤਾ ਜਾਂਦਾ ਰਿਹਾ ਹੈ। ਇਹ ਦਾਅਵਾ ਕੀਤਾ ਗਿਆ ਹੈ ਕਿ ਇਸ ਸਭ ਦਾ ਗੁਰਦੁਆਰਾ ਕਲੀਵਲੈਂਡ ਦੀ ਪ੍ਰਬੰਧਕ ਕਮੇਟੀ ਕੋਲ ਲਿਖਤੀ ਤੌਰ 'ਤੇ ਸਬੂਤ ਵੀ ਹੈ। ਸਵਾਲ ਕੀਤਾ ਜਾ ਰਿਹਾ ਹੈ, ਅਜਿਹੀ ਕੀ ਮਜਬੂਰੀ ਸੀ ਕਿ 'ਕੇਸ ਦਾਨ' ਸ਼ਬਦ ਅਰਦਾਸ ਸਮੇਂ ਬੋਲਿਆ ਨਹੀਂ ਸੀ ਜਾਂਦਾ?

ਭਾਈ ਅਮਰੀਕ ਸਿੰਘ ਗੁਰਦੁਆਰਾ ਹੈਮਿਲਟਨ ਵਿਖੇ ਪਿਛਲੇ ਲੰਮੇ ਸਮੇਂ ਤੋਂ ਸੇਵਾ ਨਿਭਾਅ ਰਹੇ ਹਨ, ਪਰ ਉਨ੍ਹਾਂ ਵੱਲੋਂ ਅਖੰਡ ਪਾਠ ਦੌਰਾਨ ਕੁਰਹਿਤ ਕੀਤੇ ਜਾਣ ਕਾਰਨ ਅਤੇ ਫਿਰ ਸੰਗਤ ਵਿੱਚ ਪੈਦਾ ਹੋਏ ਮਾਹੌਲ ਕਾਰਨ ਸੰਗਤ ਦੇ ਇੱਕ ਹਿੱਸੇ ਵਿੱਚ ਪ੍ਰਬੰਧਕ ਕਮੇਟੀ ਦੇ ਰਵੱਈਏ ਪ੍ਰਤੀ ਨਿਰਾਸ਼ਾ ਹੈ। ਇਸ ਧਿਰ ਨੇ ਗੁਰੂ ਘਰ ਦੀ ਸਮੁੱਚੀ ਸੰਗਤ ਨੂੰ ਬੇਨਤੀ ਕੀਤੀ ਹੈ ਕਿ ਗੁਰੂ ਘਰ ਵਿੱਚ ਅਜਿਹੀਆਂ ਬੇਅਦਬੀਆਂ ਜਾਂ ਮਨਮਰਜੀਆਂ ਵਿਰੁੱਧ ਇੱਕਜੁੱਟ ਹੋ ਕੇ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ, ਕਿਉਂਕਿ ਕੁਰਹਿਤ ਹੋਣ ਕਰਨ ਸੰਗਤ ਦੀਆਂ ਭਾਵਨਾਵਾਂ ਨੂੰ ਸੱਟ ਲੱਗੀ ਹੈ। ਧਿਰ ਵੱਲੋਂ ਅਪੀਲ ਕੀਤੀ ਗਈ ਹੈ ਕਿ ਮਾਮਲੇ ਨੂੰ ਸਦਭਾਵਨਾ ਨਾਲ ਨਜਿੱਠ ਕੇ ਸਿੱਖੀ ਸਿਧਾਂਤ ਦੀ ਸਰਬਉਚਤਾ ਲਈ ਫੈਸਲੇ ਲੈਣੇ ਚਾਹੀਦੇ ਹਨ। ਧਿਰ ਦਾ ਕਹਿਣਾ ਹੈ ਕਿ ਜੇ ਸਮੁੱਚੀ ਸੰਗਤ ਦੇ ਮੈਂਬਰ ਹੁਣ ਵੀ ਚੁੱਪ ਰਹੇ ਤਾਂ ਭਵਿੱਖ ਵਿੱਚ ਵੀ ਹੋਰ ਅਜਿਹੇ ਗ੍ਰੰਥੀ ਸਿੰਘ ਕਥਿਤ ਤੌਰ 'ਤੇ ਬੇਅਦਬੀਆਂ ਕਰਦੇ ਰਹਿਣਗੇ।

ਜ਼ਿਕਰਯੋਗ ਹੈ ਕਿ ਇਸ ਸਬੰਧੀ ਹੋਈਆਂ ਬੈਠਕਾਂ ਵਿੱਚ ਗ੍ਰੰਥੀ ਸਿੰਘ ਤੋਂ ਮੁਆਫੀਨਾਮਾ ਅਤੇ ਅਸਤੀਫਾ ਲੈ ਲਏ ਜਾਣ 'ਤੇ ਸਹਿਮਤੀ ਬਣਨ ਪਿੱਛੋਂ ਜਦੋਂ ਕਮੇਟੀ ਦੇ ਕੁਝ ਮੈਂਬਰਾਂ ਵੱਲੋਂ ਇਸ ਨੂੰ ਕਿਸੇ ਤਰੀਕੇ ਨਜਿੱਠਣ ਦੀਆਂ ਚਾਰਾਜੋਈਆਂ ਕੀਤੀਆਂ ਗਈਆਂ ਤਾਂ ਇਸ ਮਾਮਲੇ ਵਿੱਚ ਗ੍ਰੰਥੀ ਸਿੰਘ ਨੂੰ ਇੱਕ ਮੌਕਾ ਹੋਰ ਦੇਣ ਅਤੇ ਉਸ ਦੀਆਂ ਸੇਵਾਵਾਂ ਖਤਮ ਕਰਨ ਨੂੰ ਲੈ ਕੇ ਪ੍ਰਬੰਧਕ ਕਮੇਟੀ ਦੇ ਕੁਝ ਮੈਂਬਰਾਂ ਤੇ ਸੰਗਤ ਮੈਂਬਰਾਂ ਵਿੱਚ ਮਤਭੇਦ ਉਭਰ ਆਏ ਸਨ। ਗ੍ਰੰਥੀ ਸਿੰਘ ਸਬੰਧੀ ਘਟਨਾਕ੍ਰਮ ਬਾਰੇ ਦੋਹਾਂ ਧਿਰਾਂ ਦੀ ਆਪਸੀ ਸਹਿਮਤੀ ਨਾ ਬਣਨ ਕਰਕੇ ਮਾਮਲਾ ਅਕਾਲ ਤਖਤ ਸਾਹਿਬ ਕੋਲ ਪੁੱਜ ਗਿਆ ਸੀ।

ਦੱਸ ਦਈਏ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੱਤ ਮੈਂਬਰ ਹਨ, ਜੋ ਪਿਛਲੇ ਸਾਲ ਦੇ ਸ਼ੁਰੂ ਵਿੱਚ ਪਰਚੀ ਕੱਢਣ ਦੀ ਵਿਧੀ ਰਾਹੀਂ ਚੁਣੇ ਗਏ ਸਨ। ਇਸ ਮਾਮਲੇ ਵਿੱਚ ਕਮੇਟੀ ਦੇ ਕੁਝ ਮੈਂਬਰ ਕਥਿਤ ਤੌਰ 'ਤੇ ਗ੍ਰੰਥੀ ਸਿੰਘ ਦੀ ਹਮਾਇਤ ਉਤੇ ਹੋਣ ਦੀ ਚਰਚਾ ਹੈ। ਇਹ ਵੀ ਜ਼ਿਕਰਯੋਗ ਹੈ ਕਿ ਗਲਤੀ ਮੰਨ ਲਏ ਜਾਣ 'ਤੇ ਸੰਗਤ ਵਿੱਚ ਮਾੜਾ ਪ੍ਰਭਾਵ ਜਾਣ ਦੇ ਡਰੋਂ ਗ੍ਰੰਥੀ ਸਿੰਘ ਨੂੰ ਪਹਿਲਾਂ ਸਿਰਫ ਕੀਰਤਨ ਕਰਨ ਦੀ ਆਗਿਆ ਹੀ ਦਿੱਤੀ ਗਈ ਸੀ, ਪਰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਣ ਤੋਂ ਵਰਜਿਆ ਗਿਆ ਸੀ। ਤਨਖਾਹ ਦੇ ਰੂਪ ਵਿੱਚ ਹੋਰ ਸੇਵਾ ਵੀ ਲਾਈ ਗਈ ਸੀ। ਸੰਗਤ ਦੇ ਕੁਝ ਮੈਂਬਰਾਂ ਵੱਲੋਂ ਇਸ ਮਾਮਲੇ 'ਤੇ ਲਏ ਗਏ ਫੈਸਲੇ ਉੱਤੇ ਅਸਹਿਮਤੀ ਪ੍ਰਗਟਾਉਂਦਿਆਂ ਜਨਰਲ ਇਜਲਾਸ ਸੱਦਣ ਲਈ ਪਟੀਸ਼ਨ ਉੱਤੇ ਦਸਤਖਤ ਕਰਵਾਏ ਜਾਣ ਦੀ ਕਵਾਇਦ ਵੀ ਹੋਈ ਸੀ। ਸਪਸ਼ਟ ਕੀਤਾ ਗਿਆ ਹੈ ਕਿ ਭਾਈ ਅਮਰੀਕ ਸਿੰਘ ਦੀ ਮੁੜ ਬਹਾਲੀ ਦਾ ਵਿਰੋਧ ਕਰਨਾ ਭਾਈ ਅਮਰੀਕ ਸਿੰਘ ਦਾ ਅਪਮਾਨ ਕਰਨਾ ਨਹੀਂ ਹੈ, ਸਗੋਂ ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਬਰਕਰਾਰ ਰੱਖੇ ਜਾਣ ਅਤੇ ਪ੍ਰਬੰਧਕੀ ਕਮੇਟੀ ਦੇ ਕੁਝ ਨੁਮਾਇੰਦਿਆਂ ਦੀ ਕਥਿਤ ਮਨਮਰਜੀ ਵਿਰੁੱਧ ਆਵਾਜ਼ ਉਠਾਉਣਾ ਹੈ।

**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

Punjabi Parwaz LLC
DBA Punjabi Parwaz

Address:
827 E. Kings Row, Unit# 7,
Palatine, IL 60074

Managed by:
Anureet Kaur
Kuljeet Singh

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਸੰਨੀ ਧੂੜ (ਮਿਸ਼ੀਗਨ)
ਅੰਮ੍ਰਿਤਪਾਲ ਸਿੰਘ ਗਿੱਲ
ਦੀਦਾਰ ਸਿੰਘ ਧਨੋਆ
ਅਮਰਜੀਤ ਸਿੰਘ ਢੀਂਡਸਾ
ਬੇਅੰਤ ਸਿੰਘ ਬੋਪਾਰਾਏ
ਦਰਸ਼ਨ ਸਿੰਘ ਪੰਮਾ
ਬਲਵਿੰਦਰ ਸਿੰਘ ਚੱਠਾ
ਕਿਰਪਾਲ ਸਿੰਘ ਰੰਧਾਵਾ
ਅਜੈਬ ਸਿੰਘ ਲੱਖਣ
ਹਰਕੇਵਲ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਅਮਨਦੀਪ ਸਿੰਘ ਕੁਲਾਰ
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਹਰਮੀਕ ਸਿੰਘ ਗਿਰਨ

# ਭਾਰਤ ਦਾ ਲੋਕਤੰਤਰ ਬਣ ਗਿਆ ਚਿੱਟਾ ਹਾਥੀ


ਗਹਿਰ-ਗੰਭੀਰ

**ਤਰਲੋਚਨ ਸਿੰਘ ਭੱਟੀ**
ਸੇਵਾ ਮੁਕਤ ਪੀ.ਸੀ.ਐਸ.
ਫੋਨ:91-9876502607




**ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ ਬਨਾਮ ਯੂਨੀਅਨ ਆਫ ਇੰਡੀਆ ਅਤੇ ਹੋਰ ਸਿਵਲ ਰਿੱਟ ਨੰ. 880/2017 ਜੋ ਇਲੈਕਟਰੋਲ ਬਾਂਡ ਸਕੀਮ ਨੂੰ ਬੰਦ ਕਰਵਾਉਣ ਸਬੰਧੀ ਹੈ, ਬਾਰੇ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਸੰਵਿਧਾਨਕ ਬੈਂਚ, ਜਿਸ ਦੀ ਪ੍ਰਧਾਨਗੀ ਭਾਰਤ ਦੇ ਚੀਫ ਜਸਟਿਸ ਡਾ. ਡੀ. ਵਾਈ. ਚੰਦਰਚੂੜ ਵੱਲੋਂ ਕੀਤੀ ਗਈ, ਨੇ 15 ਫਰਵਰੀ 2024 ਦੇ ਫੈਸਲੇ ਇੱਕ ਵਿੱਚ ਇਲੈਕਟਰੋਲ ਬਾਂਡ ਸਕੀਮ ਨੂੰ ਗੈਰ-ਸੰਵਿਧਾਨਕ ਕਰਾਰ ਦਿੰਦੇ ਹੋਏ ਸਟੇਟ ਬੈਂਕ ਆਫ ਇੰਡੀਆ ਨੂੰ ਹਦਾਇਤ ਕੀਤੀ ਹੈ ਕਿ ਉਹ ਸਾਰੇ ਜਾਰੀ ਬਾਂਡਾਂ ਤੇ ਖਰੀਦੇ ਗਏ ਬਾਂਡ ਬਾਰੇ ਸਹੀ ਵੇਰਵੇ ਚੋਣ ਕਮਿਸ਼ਨ ਨੂੰ ਦੇਵੇਗਾ ਅਤੇ ਚੋਣ ਕਮਿਸ਼ਨ ਵੇਰਵਿਆਂ ਨੂੰ ਆਪਣੀ ਵੈਬ ਸਾਈਟ ਰਾਹੀਂ 13 ਮਾਰਚ 2024 ਤੱਕ ਜਨਤਕ ਕਰੇਗਾ। ਨਿਸਚੇ ਹੀ ਸੁਪਰੀਮ ਕੋਰਟ ਦਾ ਇਹ ਇਤਿਹਾਸਕ ਫੈਸਲਾ ਗੁਪਤ ਚੋਣ ਚੰਦਿਆਂ ਨੂੰ ਜਨਤਕ ਕਰਨ ਅਤੇ ਅੱਗੇ ਤੋਂ ਰੋਕਣ ਲਈ ਇੱਕ ਮੀਲ ਪੱਥਰ ਸਾਬਤ ਹੋਵੇਗਾ।**

ਭਾਰਤ ਦੇ ਲੋਕਾਂ ਨੇ ਆਪਣੇ ਵਾਸਤੇ ਸੰਵਿਧਾਨ ਬਣਾਉਂਦੇ ਅਤੇ ਆਪਣੇ ਆਪ ਉਤੇ ਲਾਗੂ ਕਰਦੇ ਹੋਏ ਸਰਵ-ਸ਼ਕਤੀਮਾਨ ਲੋਕਤੰਤਰੀ ਗਣਰਾਜ ਦੀ ਸੰਵਿਧਾਨਕ ਵਿਵਸਥਾ ਕਰਦਿਆਂ ਭਾਰਤ ਦੇ ਸਭ ਨਾਗਰਿਕਾਂ ਨੂੰ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਦੇਣ ਦੀ ਗਾਰੰਟੀ ਦਿੱਤੀ ਹੋਈ ਹੈ। ਲੋਕਤੰਤਰ ਨੂੰ ਚਲਾਉਣ ਲਈ ਚੋਣਾਂ ਦੀ ਵਿਵਸਥਾ ਕੀਤੀ ਗਈ ਹੈ। ਸੰਵਿਧਾਨ ਦੀ ਧਾਰਾ 324 ਅਧੀਨ ਭਾਰਤ ਵਿੱਚ ਚੋਣਾਂ ਨੂੰ ਆਯੋਜਨ, ਨਿਰਦੇਸ਼ਤ ਅਤੇ ਕੰਟਰੋਲ ਕਰਨ ਲਈ ਭਾਰਤ ਦੀ ਇੱਕ ਸੰਵਿਧਾਨਕ ਸੰਸਥਾ 'ਚੋਣ ਕਮਿਸ਼ਨ' ਦੀ ਰਚਨਾ ਕੀਤੀ ਗਈ ਹੈ। ਭਾਰਤ ਦੇ ਰਾਸ਼ਟਰਪਤੀ, ਉਪ-ਰਾਸ਼ਟਰਪਤੀ, ਲੋਕ ਸਭਾ, ਰਾਜ ਸਭਾ, ਰਾਜਾਂ ਦੀਆਂ ਵਿਧਾਨ ਸਭਾਵਾਂ, ਵਿਧਾਨ ਪ੍ਰੀਸ਼ਦਾਂ ਆਦਿ ਦੇ ਦਫਤਰਾਂ ਵਿੱਚ ਖਾਲੀ ਅਸਾਮੀਆਂ ਨੂੰ ਭਰਨ ਲਈ ਚੋਣ ਕਮਿਸ਼ਨ ਵੱਲੋਂ ਚੋਣਾਂ ਕਰਵਾਈਆਂ ਜਾਂਦੀਆਂ ਹਨ। ਲੋਕ ਪ੍ਰਤੀਨਿਧਤਾ ਕਾਨੂੰਨ 1950 ਅਤੇ 1951 ਅਧੀਨ ਚੋਣ ਕਮਿਸ਼ਨ ਵੋਟਰਾਂ ਦੀ ਰਜਿਸਟਰੇਸ਼ਨ ਦੇ ਨਾਲ-ਨਾਲ ਰਾਜਨੀਤਿਕ ਪਾਰਟੀਆਂ ਦੀ ਰਜਿਸਟਰੇਸ਼ਨ ਵੀ ਕਰਦਾ ਹੈ। ਚੋਣਾਂ ਵਿੱਚ ਭਾਗ ਲੈਣ ਲਈ ਵੋਟ ਪਾਉਣ ਅਤੇ ਬਤੌਰ ਚੋਣ ਉਮੀਦਵਾਰ ਖੜ੍ਹਾ ਹੋਣ ਲਈ ਵੋਟਰ ਹੋਣਾ ਜਰੂਰੀ ਹੈ। ਰਾਜਨੀਤਿਕ ਪਾਰਟੀਆਂ ਨੂੰ ਵੀ ਚੋਣਾਂ ਵਿੱਚ ਹਿੱਸਾ ਲੈਣ ਲਈ ਚੋਣ ਕਮਿਸ਼ਨ ਪਾਸ ਆਪਣੀ ਪਾਰਟੀ ਨੂੰ ਰਜਿਸਟਰ ਕਰਵਾਉਣਾ ਜਰੂਰੀ ਹੈ, ਤਦੇ ਹੀ ਉਹ ਚੋਣਾਂ ਵਿੱਚ ਆਪਣੀ ਪਾਰਟੀ ਦੇ ਉਮੀਦਵਾਰਾਂ ਨੂੰ ਚੋਣ ਕਮਿਸ਼ਨ ਵੱਲੋਂ ਪਾਰਟੀ ਨੂੰ ਦਿੱਤੇ ਗਏ ਚੋਣ ਨਿਸ਼ਾਨ ਉਤੇ ਚੋਣਾਂ ਲੜਾ ਸਕਦੇ ਹਨ। ਚੋਣ ਕਮਿਸ਼ਨ ਵੱਲੋਂ ਸਮੇਂ ਸਮੇਂ ਵੋਟਰ ਸੂਚੀਆਂ ਦੀ ਸੁਧਾਈ ਅਤੇ ਚੋਣਾਂ ਨੂੰ ਨਿਯਮਤ ਕਰਨ ਲਈ ਰਾਜਨੀਤਿਕ ਪਾਰਟੀਆਂ, ਚੋਣ ਲੜ ਰਹੇ ਉਮੀਦਵਾਰਾਂ ਅਤੇ ਚੋਣ ਅਮਲੇ ਲਈ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ ਜਾਂਦੇ ਹਨ।

ਚੋਣ ਕਮਿਸ਼ਨ ਯਤਨਸ਼ੀਲ ਰਹਿੰਦਾ ਹੈ ਕਿ ਚੋਣਾਂ ਬਿਨਾ ਡਰ ਅਤੇ ਪੱਖਪਾਤ ਦੇ ਆਜ਼ਾਦ ਢੰਗ ਨਾਲ ਕਰਵਾਈਆਂ ਜਾਣ। ਇਸਦੇ ਬਾਵਜੂਦ ਚੋਣਾਂ ਅਕਸਰ ਵਿਵਾਦਤ ਬਣ ਜਾਂਦੀਆਂ ਹਨ। ਬਹੁਤ ਸਾਰੀਆਂ ਗੈਰ-ਸਰਕਾਰੀ ਸਮਾਜਿਕ ਜਥੇਬੰਦੀਆਂ ਅਤੇ ਖੋਜ ਸੰਸਥਾਵਾਂ, ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਸ, ਸੈਂਟਰ ਫਾਰ ਮੀਡੀਆ ਸਟੱਡੀਜ਼, ਸਿਟੀਜਨਜ਼ ਫੋਰਮ ਇੰਡੀਆ ਆਦਿ ਵੱਲੋਂ ਚੋਣਾਂ ਵਿੱਚ ਸੁਧਾਰ ਲਿਆਉਣ ਲਈ ਖੋਜ ਪ੍ਰੋਜੈਕਟ ਚਾਲੂ ਰੱਖੇ ਹੋਏ ਹਨ, ਜਿਨ੍ਹਾਂ ਅਧੀਨ ਉਨ੍ਹਾਂ ਵੱਲੋਂ ਚੋਣ ਸੁਧਾਰਾਂ ਨੂੰ ਲਾਗੂ ਕਰਵਾਉਣ ਲਈ ਚੋਣ ਕਮਿਸ਼ਨ ਅਤੇ ਉਚ ਅਦਾਲਤਾਂ ਵਿੱਚ ਚਾਰਾਜੋਈ ਵੀ ਹੁੰਦੀ ਰਹਿੰਦੀ ਹੈ। ਇਨ੍ਹਾਂ ਸੰਸਥਾਵਾਂ ਦੇ ਯਤਨਾਂ ਦੀ ਬਦੌਲਤ ਭਾਰਤ ਵਿੱਚ ਚੋਣਾਂ ਵਿੱਚ ਵੱਧ ਰਹੀ ਸਿਆਸੀ ਅਤੇ ਸਰਕਾਰੀ ਦਖਲਅੰਦਾਜ਼ੀ, ਅਪਰਾਧੀਆਂ ਦੀ ਦਿਨੋ ਦਿਨ ਵੱਧ ਰਹੀ ਸ਼ਮੂਲੀਅਤ, ਮੀਡੀਆ ਦਾ ਰੋਲ-ਘਚੋਲ, ਚੋਣ ਲੜ ਰਹੇ ਉਮੀਦਵਾਰਾਂ ਅਤੇ ਰਾਜਨੀਤਿਕ ਪਾਰਟੀਆਂ ਵੱਲੋਂ ਹਰ ਹੀਲੇ ਆਪਣੇ ਉਮੀਦਵਾਰਾਂ ਨੂੰ ਚੋਣਾਂ ਜਿਤਾਉਣ ਲਈ ਧਨ-ਦੌਲਤ ਦੀ ਬੇਲੋੜੀ ਵਰਤੋਂ, ਰਾਜਨੀਤਿਕ ਪਾਰਟੀਆਂ ਵੱਲੋਂ ਵਪਾਰਕ ਘਰਾਣੇ ਬਣਦੇ ਜਾਣਾ ਆਦਿ ਚਿੰਤਾ ਦਾ ਵਿਸ਼ਾ ਹਨ। ਸਮੇਂ ਦੀਆਂ ਸਰਕਾਰਾਂ ਅਤੇ ਚੋਣ ਕਮਿਸ਼ਨ ਵੱਲੋਂ ਇਹ ਬਿਰਤਾਂਤ ਸਿਰਜਣਾ ਕਿ ਦੁਨੀਆ ਵਿੱਚ 'ਲੋਕਤੰਤਰ ਦੀ ਜਣਨੀ' ਭਾਰਤ ਮਾਤਾ ਹੈ ਅਤੇ ਚੋਣਾਂ 'ਪਰਵ' ਜਾਂ 'ਤਿਉਹਾਰ' ਹਨ ਲੋਕਾਂ ਨੂੰ ਸਮਝ ਵਿੱਚ ਨਹੀ ਆਉਂਦਾ, ਖਾਸ ਤੌਰ 'ਤੇ ਉਸ ਸਮੇਂ ਜਦੋਂ ਭਾਰਤ ਦੀ ਸੁਪਰੀਮ ਕੋਰਟ ਨੂੰ ਚੋਣਾਂ ਵਿੱਚ ਵੱਧ ਰਹੇ ਭ੍ਰਿਸ਼ਟਾਚਾਰ ਅਤੇ ਅਪਰਾਧੀਕਰਨ ਨੂੰ ਰੋਕਣ ਲਈ ਚੋਣ ਕਮਿਸ਼ਨ, ਰਾਜਨੀਤਿਕ ਪਾਰਟੀਆਂ, ਚੋਣ ਲੜ ਰਹੇ ਉਮੀਦਵਾਰਾਂ ਅਤੇ ਸਰਕਾਰਾਂ ਨੂੰ ਸਮੇਂ ਸਮੇਂ ਫੈਸਲੇ ਅਤੇ ਦਿਸ਼ਾ-ਨਿਰਦੇਸ਼ ਦੇਣੇ ਪੈ ਰਹੇ ਹਨ।



ਭਾਰਤ ਵਿੱਚ 2019 ਦੀਆਂ ਲੋਕ ਸਭਾ ਅਤੇ ਕੁਝ ਰਾਜਾਂ ਦੀਆਂ ਵਿਧਾਨ ਸਭਾਵਾਂ ਬਾਰੇ ਇੱਕ ਸੁਤੰਤਰ ਨੀਤੀ ਅਤੇ ਵਿਕਾਸ ਖੋਜ ਥਿੰਕ ਟੈਂਕ, ਸੈਂਟਰ ਫਾਰ ਮੀਡੀਆ ਸਟੱਡੀਜ਼ ਵੱਲੋਂ 2 ਜੂਨ 2019 ਨੂੰ ਜਾਰੀ ਰਿਪੋਰਟ ਅਨੁਸਾਰ 2019 ਦੀਆਂ ਚੋਣਾਂ ਵਿੱਚ 55,000 ਤੋਂ 60,000 ਕਰੋੜ ਤੱਕ ਖਰਚ ਕੀਤੇ ਗਏ। ਔਸਤਨ ਹਰੇਕ ਚੋਣ ਹਲਕੇ 'ਤੇ ਲਗਭਗ 100 ਕਰੋੜ ਅਤੇ ਹਰੇਕ ਵੋਟਰ 'ਤੇ 700 ਰੁਪਏ ਖਰਚ ਕੀਤੇ ਗਏ। ਲੋਕ ਸਭਾ 2019 ਵਿੱਚ 8049 ਉਮੀਦਵਾਰਾਂ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਵਿੱਚ 3589 ਉਮੀਦਵਾਰਾਂ ਨੇ ਚੋਣ ਲੜੀ। ਉਮੀਦਵਾਰਾਂ ਵੱਲੋਂ ਅੰਦਾਜ਼ਨ 25,000 ਕਰੋੜ, ਰਾਜਨੀਤਿਕ ਪਾਰਟੀਆਂ ਵੱਲੋਂ 20,000 ਕਰੋੜ ਚੋਣ ਕਮਿਸ਼ਨ/ਸਰਕਾਰ ਵੱਲੋਂ 10,000 ਕਰੋੜ ਅਤੇ ਫੁਟਕਲ ਖਰਚੇ 5000 ਕਰੋੜ ਹੋਏ।

ਲੋਕ ਸਭਾ 2014 ਦੀਆਂ ਚੋਣਾਂ ਵਿੱਚ 1200 ਕਰੋੜ ਦਾ ਸਮਾਨ (804 ਕਰੋੜ ਨਸ਼ੀਲੇ ਪਦਾਰਥ, 304 ਕਰੋੜ ਨਕਦੀ, 92 ਕਰੋੜ ਦੀ ਸ਼ਰਾਬ) ਚੋਣ ਕਮਿਸ਼ਨ ਵੱਲੋਂ ਜਬਤ ਕੀਤੀ ਗਈ, ਜਦਕਿ ਲੋਕ ਸਭਾ ਦੀਆਂ 2019 ਦੀਆਂ ਚੋਣਾਂ ਵਿੱਚ ਕੁੱਲ ਜਬਤੀ 3475.76 ਕਰੋੜ ਦੀ ਕੀਤੀ ਗਈ, ਜਿਸ ਵਿੱਚ 1279.9 ਕਰੋੜ ਦੇ ਨਸ਼ੀਲੇ ਪਦਾਰਥ, 987.11 ਕਰੋੜ ਦਾ ਸੋਨਾ ਤੇ ਹੋਰ ਕੀਮਤੀ ਸਮਾਨ, 844 ਕਰੋੜ ਦੀ ਨਕਦੀ ਅਤੇ 304.61 ਕਰੋੜ ਦੀ ਸ਼ਰਾਬ ਜਬਤ ਕੀਤੀ ਗਈ। ਇਹ ਜਬਤੀ ਵਾਲਾ ਸਮਾਨ ਚੋਣਾਂ ਵਿੱਚ ਵਰਤਿਆ ਜਾਣਾ ਸੀ। ਐਸਾ ਗੈਰ-ਕਾਨੂੰਨੀ ਸਮਾਨ ਚੋਣਾਂ ਵਿੱਚ ਜਿੰਨਾ ਵੀ ਵਰਤਿਆ ਗਿਆ ਹੋਵੇਗਾ, ਚੋਣਾਂ ਵਿੱਚ ਬੇਹਿਸਾਬੇ ਧਨ-ਦੌਲਤ ਦੀ ਭੂਮਿਕਾ ਨੂੰ ਉਜਾਗਰ ਕਰਦਾ ਹੈ। ਸਭ ਤੋਂ ਵੱਧ ਖਰਚਾ ਹੁਕਮਰਾਨ ਪਾਰਟੀਆਂ ਵੱਲੋਂ ਕੀਤਾ ਗਿਆ। ਚੋਣਾਂ ਵਿੱਚ ਵਰਤਿਆ ਗਿਆ ਪੈਸਾ ਅਤੇ ਹੋਰ ਪਦਾਰਥ; ਰਿਪੋਰਟ ਅਨੁਸਾਰ ਰੀਅਲ ਐਸਟੇਟ, ਮਾਈਨਿੰਗ, ਟੈਲੀਕਾਮ ਤੇ ਟਰਾਂਸਪੋਰਟ; ਅਪਰਾਧੀ ਸੰਗਠਨਾਂ, ਪ੍ਰਾਈਵੇਟ ਵਿਦਿਅਕ ਤੇ ਸਿਹਤ ਸੰਸਥਾਵਾਂ, ਫਿਲਮ, ਠੇਕੇਦਾਰਾਂ ਐਨ.ਜੀ.ਓਜ਼ ਤੇ ਵਪਾਰਕ ਘਰਾਣਿਆਂ ਆਦਿ ਵੱਲੋਂ ਪਾਰਟੀਆਂ ਅਤੇ ਉਮੀਦਵਾਰਾਂ ਨੂੰ ਦਿੱਤਾ ਜਾਂਦਾ ਹੈ, ਜੋ ਕਿਸੇ ਵਹੀ ਖਾਤੇ ਵਿੱਚ ਦਰਜ ਨਹੀ ਹੁੰਦਾ।

ਜ਼ਿਕਰਯੋਗ ਹੈ ਕਿ ਇਲੈਕਟਰੋਲ ਬਾਂਡ ਸਕੀਮ, ਦਾਨੀਆਂ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਹੈ, ਫੰਡਾਂ ਦਾ ਨਵਾਂ ਸਾਧਨ ਹੈ, ਅਧੀਨ ਪਹਿਲੀ ਮਾਰਚ 2018 ਤੋਂ 2 ਜਨਵਰੀ 2024 ਤੱਕ ਸਟੇਟ ਬੈਂਕ ਆਫ ਇੰਡੀਆ ਵੱਲੋਂ 16518.10 ਕਰੋੜ ਦੇ ਇਲੈਕਟਰੋਲ ਬਾਂਡ ਵਿਕੇ; 27811 ਬਾਂਡ 16429.47 ਕਰੋੜ ਰਾਜਨੀਤਿਕ ਪਾਰਟੀਆਂ ਵੱਲੋਂ ਕੈਸ਼ ਕਰਵਾਏ ਗਏ ਅਤੇ 219 ਬਾਂਡ 25.63 ਕਰੋੜ ਪੀ.ਐਮ. ਨੈਸ਼ਨਲ ਰਲੀਫ ਫੰਡ ਵਿੱਚ ਟਰਾਂਸਫਰ ਹੋਏ। 15616 ਬਾਂਡ (ਇੱਕ ਕਰੋੜ ਦੀ ਰਕਮ ਵਾਲੇ) 15612 ਕਰੋੜ ਰਕਮ ਦੇ ਸਨ, 8422 ਬਾਂਡ (ਦੱਸ ਲੱਖ ਰੁਪਏ ਦੀ ਰਕਮ ਵਾਲਾ) 842.20 ਕਰੋੜ ਦੇ ਸਨ। ਸਭ ਤੋ ਵੱਧ ਰਕਮ ਕੇਂਦਰ ਵਿੱਚ ਹੁਕਮਰਾਨ ਪਾਰਟੀ ਭਾਜਪਾ ਦੇ ਖਾਤੇ ਵਿੱਚ 75%, ਕਾਂਗਰਸ 13.5%, ਤ੍ਰਿਣਮੂਲ ਕਾਂਗਰਸ 10.85% ਦੇ ਖਾਤੇ ਵਿੱਚ ਗਈ। ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ ਬਨਾਮ ਯੂਨੀਅਨ ਆਫ ਇੰਡੀਆ ਅਤੇ ਹੋਰ ਸਿਵਲ ਰਿੱਟ ਨੰ. 880/2017 ਜੋ ਇਲੈਕਟਰੋਲ ਬਾਂਡ ਸਕੀਮ ਨੂੰ ਬੰਦ ਕਰਵਾਉਣ ਸਬੰਧੀ ਹੈ, ਬਾਰੇ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਸੰਵਿਧਾਨਕ ਬੈਂਚ, ਜਿਸ ਦੀ ਪ੍ਰਧਾਨਗੀ ਭਾਰਤ ਦੇ ਚੀਫ ਜਸਟਿਸ ਡਾ. ਡੀ. ਵਾਈ. ਚੰਦਰਚੂੜ ਵੱਲੋਂ ਕੀਤੀ ਗਈ, ਨੇ 15 ਫਰਵਰੀ 2024 ਦੇ ਫੈਸਲੇ ਇੱਕ ਵਿੱਚ ਇਲੈਕਟਰੋਲ ਬਾਂਡ ਸਕੀਮ ਨੂੰ ਗੈਰ-ਸੰਵਿਧਾਨਕ ਕਰਾਰ ਦਿੰਦੇ ਹੋਏ ਸਟੇਟ ਬੈਂਕ ਆਫ ਇੰਡੀਆ ਨੂੰ ਹਦਾਇਤ ਕੀਤੀ ਹੈ ਕਿ ਉਹ ਸਾਰੇ ਜਾਰੀ ਬਾਂਡਾਂ ਤੇ ਖਰੀਦੇ ਗਏ ਬਾਂਡ ਬਾਰੇ ਸਹੀ ਵੇਰਵੇ ਚੋਣ ਕਮਿਸ਼ਨ ਨੂੰ ਦੇਵੇਗਾ ਅਤੇ ਚੋਣ ਕਮਿਸ਼ਨ ਵੇਰਵਿਆਂ ਨੂੰ ਆਪਣੀ ਵੈਬ ਸਾਈਟ ਰਾਹੀਂ 13 ਮਾਰਚ 2024 ਤੱਕ ਜਨਤਕ ਕਰੇਗਾ। ਨਿਸਚੇ ਹੀ ਸੁਪਰੀਮ ਕੋਰਟ ਦਾ ਇਹ ਇਤਿਹਾਸਕ ਫੈਸਲਾ ਗੁਪਤ ਚੋਣ ਚੰਦਿਆਂ ਨੂੰ ਜਨਤਕ ਕਰਨ ਅਤੇ ਅੱਗੇ ਤੋਂ ਰੋਕਣ ਲਈ ਇੱਕ ਮੀਲ ਪੱਥਰ ਸਾਬਤ ਹੋਵੇਗਾ। ਭਾਰਤੀ ਲੋਕਤੰਤਰ ਦੀ ਇਹ ਵੀ ਇੱਕ ਤ੍ਰਾਸਦੀ ਹੈ ਕਿ ਪਿਛਲੀਆਂ ਕਈ ਚੋਣਾਂ ਅਜਿਹੇ ਹੀ ਗੈਰ-ਸੰਵਿਧਾਨਕ ਫੰਡਾਂ ਨਾਲ ਲੜੀਆਂ ਗਈਆਂ ਹਨ।

ਜਨਤਕ ਹੋਏ ਚੋਣ ਖਰਚਿਆਂ ਦੇ ਅੰਕੜਿਆਂ ਅਨੁਸਾਰ ਲੋਕ ਸਭਾ 1999 ਵਿੱਚ ਕੁੱਲ ਖਰਚਾ 9000 ਕਰੋੜ; 2004 ਵਿੱਚ 14,000 ਕਰੋੜ; 2009 ਵਿੱਚ 20,000 ਕਰੋੜ; 2014 ਵਿੱਚ 30,000 ਕਰੋੜ ਅਤੇ 2019 ਵਿੱਚ 55,000 ਤੋਂ 60,000 ਕਰੋੜ ਖਰਚ ਕੀਤੇ ਗਏ। ਇਨ੍ਹਾਂ ਅੰਕੜਿਆਂ ਤੋਂ ਸਪਸ਼ਟ ਹੈ ਕਿ ਭਾਰਤ ਦੇ ਲੋਕਤੰਤਰ ਨੂੰ ਬਣਾਈ ਰੱਖਣ ਲਈ ਚੋਣ ਖਰਚਾ ਦਿਨੋ ਦਿਨ ਵਧਦਾ ਜਾ ਰਿਹਾ ਹੈ ਅਤੇ ਇਸ ਦੇ ਨਾਲ ਹੀ ਚੋਣ ਲੜਨ ਵਾਲੇ ਉਮੀਦਵਾਰਾਂ ਦੀ ਗਿਣਤੀ, ਜਿਨ੍ਹਾਂ ਵਿੱਚੋਂ 90% ਕਰੋੜਪਤੀ ਹਨ, ਵਧਦੀ ਜਾ ਰਹੀ ਹੈ। ਵੇਖਿਆ ਗਿਆ ਹੈ ਕਿ ਚੋਣ ਲੜ ਰਹੇ ਉਮੀਦਵਾਰਾਂ ਵੱਲੋਂ ਚੋਣ ਨਤੀਜੇ ਐਲਾਨਣ ਤੋਂ 30 ਦਿਨਾਂ ਦੇ ਅੰਦਰ ਭੇਜੇ ਗਏ ਚੋਣ ਖਰਚਿਆਂ ਵਿੱਚ ਉਮੀਦਵਾਰ ਨੇ ਲਿਸਟ ਤੋਂ ਵੱਧ ਚੋਣ ਖਰਚਾ ਨਹੀਂ ਦਰਸਾਉਂਦੇ। ਮੁੱਖ ਤੌਰ 'ਤੇ ਚੋਣ ਖਰਚਿਆਂ ਵਿੱਚ 35% ਚੋਣ ਪ੍ਰਚਾਰ, 25% ਵੋਟਰਾਂ ਉਤੇ, 20% ਚੋਣ ਕਮਿਸ਼ਨ ਵੱਲੋਂ ਖਰਚਾ, 10% ਚੋਣ ਵਿਉਤਬੰਦੀ ਅਤੇ 10% ਹੋਰ ਮੱਦਾ ਉਤੇ ਖਰਚਾ ਹੁੰਦਾ ਹੈ, ਜੋ ਦਿਨੋ ਦਿਨ ਵਧਦਾ ਜਾਂਦਾ ਹੈ। ਲੋਕਤੰਤਰੀ ਚਿੱਟੇ ਹਾਥੀ ਦੀ ਆਨ-ਬਾਨ ਅਤੇ ਸ਼ਾਨ ਬਣਾਈ ਰੱਖਣ ਲਈ ਬੇਹਿਸਾਬੇ ਚੋਣ ਖਰਚੇ ਦੀ ਕਿਸ ਨੂੰ ਪ੍ਰਵਾਹ ਹੈ?





## ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ

**ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ**

| | |
|---|---|
| -ਮੌਕੇ 'ਤੇ ਸਸਕਾਰ | -On Site Crematory |
| -ਅੰਤਿਮ ਦਰਸ਼ਨਾਂ ਲਈ ਕਮਰਾ | -Viewing Room Available |
| -ਵੱਡਾ ਤੇ ਸੁੰਦਰ ਚੈਪਲ | -Large, Beautiful Chapels |
| -ਘੱਟ ਖਰਚ ਉਤੇ ਸੇਵਾਵਾਂ | -Competitive Prices |

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

**Serving Families As We Would Want Ours Served**

| Lake Zurich | Crystal Lake | Barrington |
|---|---|---|
| 847-550-4221 | 825-459-3411 | 847-381-3411 |

Please call or visit our website at
www.davenportfamily.com

Davenport
FAMILY FUNERAL HOMES
AND CREMATORY

# ਆਲਮੀ ਅਦਾਲਤ ਦਾ 'ਨਸਲਕੁਸ਼ੀ ਕੇਸ' ਬਾਰੇ ਫ਼ੈਸਲਾ

## *ਭਾਰਤ ਸਰਕਾਰ ਨੇ ਫ਼ੈਸਲੇ ਬਾਰੇ ਚੁੱਪ ਵੱਟੀ *ਚੀਨ ਨੇ ਵੀ ਕੋਈ ਟੀਕਾ ਟਿੱਪਣੀ ਨਹੀਂ ਕੀਤੀ

**ਮਨੋਜ ਜੋਸ਼ੀ**

ਭਾਵੇਂ ਭਾਰਤ ਅਤੇ ਚੀਨ ਗਲੋਬਲ ਸਾਊਥ ਦੀ ਅਗਵਾਈ ਕਰਨ ਲਈ ਇੱਕ ਦੂਜੇ ਨਾਲ ਜ਼ੋਰ-ਅਜ਼ਮਾਈ ਕਰਦੇ ਰਹੇ ਹਨ, ਪਰ ਇਸ ਮਾਮਲੇ ਵਿੱਚ ਪਹਿਲ ਦੱਖਣੀ ਅਫ਼ਰੀਕਾ ਕਰ ਗਿਆ ਹੈ। ਗਲੋਬਲ ਸਾਊਥ ਜਿਸ ਨੂੰ ਕਿਸੇ ਸਮੇਂ ਤੀਜੀ ਦੁਨੀਆ ਵਜੋਂ ਜਾਣਿਆ ਜਾਂਦਾ ਸੀ, ਦੀ ਅਗਵਾਈ ਦਾ ਸੁਆਲ ਜਦੋਂ ਆਉਂਦਾ ਹੈ ਤਾਂ ਭਾਰਤ ਅਤੇ ਚੀਨ ਆਪਣੇ ਪੱਤੇ ਖ਼ੂਬ ਵਰਤਦੇ ਹਨ। ਇਹ ਦੋਵੇਂ ਦੇਸ਼ ਰਸਮੀ ਗੱਠਜੋੜਾਂ ਤੋਂ ਪਾਸੇ ਹਨ, ਪਰ ਜਿਵੇਂ ਕਿ ਚੀਨ ਦੇ ਰੂਸ ਨਾਲ ਰਿਸ਼ਤੇ ਹਨ, ਉਵੇਂ ਹੀ ਭਾਰਤ ਦੇ ਅਮਰੀਕਾ ਨਾਲ ਰਿਸ਼ਤੇ ਕਾਫ਼ੀ ਗਹਿਰੇ ਹੋ ਗਏ ਹਨ ਅਤੇ ਇਨ੍ਹਾਂ ਨੇ ਰਣਨੀਤਕ ਦਿਸ਼ਾ ਵੀ ਅਖ਼ਤਿਆਰ ਕਰ ਲਈ ਹੈ।

ਦੱਖਣੀ ਅਫ਼ਰੀਕਾ ਨੇ ਗਲੋਬਲ ਸਾਊਥ ਦੇ ਇੱਕ ਦੇਸ਼ ਖ਼ਿਲਾਫ਼ ਵਿੱਢੀ ਗਈ ਜੰਗ ਨੂੰ ਜੰਗ ਦੇ ਪ੍ਰਚਲਤ ਮਾਨਵੀ ਨੇਮਾਂ ਦੀ ਬਜਾਏ ਨਸਲਕੁਸ਼ੀ ਦੇ ਜ਼ਾਵੀਏ ਤੋਂ ਘੋਖਣ ਦੀ ਅਪੀਲ ਕੌਮਾਂਤਰੀ ਨਿਆਂ ਅਦਾਲਤ (ਆਈ.ਸੀ.ਜੇ.) ਕੋਲ ਕਰ ਕੇ ਭਾਰਤ ਅਤੇ ਚੀਨ ਕੋਲੋਂ ਝੰਡੀ ਖੋਹ ਲਈ ਹੈ। ਅਕਸਰ ਜੰਗਾਂ ਅਤੇ ਅਫ਼ਰਾ-ਤਫ਼ਰੀ ਦਾ ਨਿਸ਼ਾਨਾ ਬਣਦੇ ਰਹੇ ਗਲੋਬਲ ਸਾਊਥ ਦੇਸ਼ਾਂ ਲਈ ਇਹ ਇੱਕ ਟੇਢਾ ਮੁੱਦਾ ਬਣਿਆ ਹੋਇਆ ਹੈ। ਨਸਲਕੁਸ਼ੀ ਬਹੁਤ ਵੱਡਾ ਸ਼ਬਦ ਹੈ ਅਤੇ ਇਹ ਹੋਰ ਵੀ ਤ੍ਰਾਸਦਿਕ ਹੈ ਕਿ ਇਜ਼ਰਾਇਲ ਦੇ ਕਾਰ-ਵਿਹਾਰ ਨੂੰ ਇਸ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਉਸ ਖ਼ੌਫ਼ਨਾਕ ਨਸਲਕੁਸ਼ੀ ਤੋਂ ਬਾਅਦ ਹੀ 1948 ਵਿੱਚ ਨਸਲਕੁਸ਼ੀ ਅਹਿਦਨਾਮੇ ਦਾ ਐਲਾਨ ਕੀਤਾ ਗਿਆ ਸੀ, ਜਿਸ ਤਹਿਤ ਕਿਸੇ ਕੌਮੀ, ਨਸਲੀ ਜਾਂ ਧਾਰਮਿਕ ਸਮੂਹ ਖ਼ਿਲਾਫ਼ ਤਬਾਹਕੁਨ ਕਾਰਵਾਈਆਂ (ਭੌਤਿਕ ਜਾਂ ਮਾਨਸਿਕ) ਨੂੰ ਵਰਜਿਤ ਕਰਾਰ ਦਿੱਤਾ ਗਿਆ ਸੀ।

ਆਲਮੀ ਅਦਾਲਤ ਦੇ 17 ਮੈਂਬਰੀ ਬੈਂਚ ਨੇ ਫ਼ੈਸਲਾ ਦਿੱਤਾ ਹੈ ਕਿ ਗਾਜ਼ਾ ਵਿੱਚ ਇਜ਼ਰਾਇਲ ਵੱਲੋਂ ਵਿੱਢੀ ਜੰਗ ਨਸਲਕੁਸ਼ੀ ਕਨਵੈਨਸ਼ਨ ਦੀ ਉਲੰਘਣਾ ਹੋ ਸਕਦੀ ਹੈ। ਹਾਲਾਂਕਿ ਅਦਾਲਤ ਨੇ ਜੰਗਬੰਦੀ ਦਾ ਸੱਦਾ ਨਹੀਂ ਦਿੱਤਾ, ਪਰ ਇਜ਼ਰਾਇਲ ਨੂੰ ਕਨਵੈਨਸ਼ਨ ਦੀ ਧਾਰਾ 2 ਵਿੱਚ ਦਰਸਾਈਆਂ ਗਈਆਂ ਕਾਰਵਾਈਆਂ ਤੋਂ ਗੁਰੇਜ਼ ਕਰਨ ਲਈ ਕਿਹਾ ਗਿਆ ਹੈ। ਆਪਣਾ ਅੰਤਿਮ ਫ਼ੈਸਲਾ ਦੇਣ ਲਈ ਅਦਾਲਤ ਨੂੰ ਅਜੇ ਹੋਰ ਸਮਾਂ ਲੱਗ ਜਾਵੇਗਾ। ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਸਾਇਰਿਲ ਰਾਮਾਫੋਸਾ ਨੇ ਇਸ ਫ਼ੈਸਲੇ ਨੂੰ ਕੌਮਾਂਤਰੀ ਪੱਧਰ 'ਤੇ ਕਾਨੂੰਨ ਦੇ ਰਾਜ ਦੀ ਇੱਕ ਫ਼ੈਸਲਾਕੁਨ ਜਿੱਤ ਕਰਾਰ ਦਿੱਤਾ ਹੈ। ਦੂਜੇ ਪਾਸੇ, ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਕਿ ਜੰਗਬੰਦੀ ਦਾ ਹੁਕਮ ਨਾ ਦੇਣਾ ਇਜ਼ਰਾਇਲ ਦੀ ਜਿੱਤ ਹੈ।

ਇਸ ਦੌਰਾਨ ਅਦਾਲਤ ਨੇ ਇਜ਼ਰਾਇਲ ਨੂੰ ਕਿਹਾ ਕਿ ਉਹ ਫ਼ਲਿਸਤੀਨੀਆਂ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਕਾਰਵਾਈਆਂ ਨੂੰ ਸੀਮਤ ਕਰੇ ਅਤੇ ਇਜ਼ਰਾਇਲ ਨੂੰ ਹੁਕਮ ਦਿੱਤਾ ਹੈ ਕਿ ਉਹ ਫ਼ਲਿਸਤੀਨੀਆਂ ਦੇ ਦੁੱਖ ਤਕਲੀਫ਼ਾਂ ਨੂੰ



ਕੌਮਾਂਤਰੀ ਨਿਆਂ ਅਦਾਲਤ ਦੀ ਸੀਲ

ਘੱਟ ਕਰਨ ਦੇ ਉਪਰਾਲਿਆਂ ਬਾਰੇ ਇੱਕ ਮਹੀਨੇ ਦੇ ਅੰਦਰ-ਅੰਦਰ ਰਿਪੋਰਟ ਦੇਵੇ। ਦੱਖਣੀ ਅਫ਼ਰੀਕਾ ਨੂੰ ਆਪਣੇ ਇਸ ਉੱਦਮ ਤਹਿਤ ਗਲੋਬਲ ਸਾਊਥ ਦੇਸ਼ਾਂ ਤੋਂ ਮਿਲੀ ਹਮਾਇਤ ਬਹੁਤ ਅਹਿਮ ਹੈ, ਜਿਨ੍ਹਾਂ ਵਿੱਚ ਤੁਰਕੀ, ਜੌਰਡਨ, ਬ੍ਰਾਜ਼ੀਲ, ਕੋਲੰਬੀਆ, ਬੋਲੀਵੀਆ, ਪਾਕਿਸਤਾਨ, ਮਲੇਸ਼ੀਆ, ਵੈਨੇਜ਼ੁਏਲਾ, ਨਾਮੀਬੀਆ ਅਤੇ ਮਾਲਦੀਵ ਸ਼ਾਮਲ ਹਨ, ਜਿਨ੍ਹਾਂ ਨੇ ਦੱਖਣੀ ਅਫ਼ਰੀਕਾ ਦੀ ਖੁੱਲ੍ਹ ਕੇ ਹਮਾਇਤ ਕੀਤੀ ਹੈ। ਕੌਮਾਂਤਰੀ ਅਦਾਲਤ ਵਿੱਚ ਭਾਰਤ ਨਾਲ ਸਬੰਧਤ ਜੱਜ ਦਲਵੀਰ ਭੰਡਾਰੀ ਨੇ ਵੀ ਇਸ ਫ਼ੈਸਲੇ ਦੀ ਤਸਦੀਕ ਕੀਤੀ ਹੈ, ਪਰ ਭਾਰਤ ਸਰਕਾਰ ਨੇ ਇਸ ਫ਼ੈਸਲੇ ਬਾਰੇ ਚੁੱਪ ਵੱਟ ਲਈ ਹੈ। ਚੀਨ ਨੇ ਵੀ ਇਸ ਫ਼ੈਸਲੇ 'ਤੇ ਕੋਈ ਟੀਕਾ ਟਿੱਪਣੀ ਨਹੀਂ ਕੀਤੀ।

ਇਜ਼ਰਾਇਲ ਅਤੇ ਹਮਾਸ ਵਿਚਕਾਰ ਟਕਰਾਅ ਦੇ ਸੁਆਲ 'ਤੇ ਭਾਰਤ ਨੇ ਇੱਕ ਤਰ੍ਹਾਂ ਦਾ ਸੰਤੁਲਨ ਬਿਠਾਉਣ ਦੀ ਕੋਸ਼ਿਸ਼ ਕੀਤੀ ਹੈ, ਪਰ ਇਹ ਕੋਈ ਆਗੂ ਵਾਲੀ ਪੁਜ਼ੀਸ਼ਨ ਨਹੀਂ ਹੈ। ਮੋਦੀ ਸਰਕਾਰ ਨੇ ਇਜ਼ਰਾਇਲ ਨਾਲ ਆਪਣੀ ਨੇੜਤਾ ਨੂੰ ਛੁਪਾਉਣ ਦੀ ਕਦੇ ਕੋਈ ਕੋਸ਼ਿਸ਼ ਨਹੀਂ ਕੀਤੀ ਅਤੇ ਪ੍ਰਧਾਨ ਮੰਤਰੀ ਮੋਦੀ ਖ਼ੁਦ ਆਪਣੇ ਆਪ ਨੂੰ ਨੇਤਨਯਾਹੂ ਦੇ ਦੋਸਤ ਵਜੋਂ ਪੇਸ਼ ਕਰਦੇ ਰਹੇ ਹਨ। ਭਾਰਤ ਉਸ ਖਿੱਤੇ ਅੰਦਰ ਇਜ਼ਰਾਇਲ ਦੀ ਭੂਮਿਕਾ ਨੂੰ ਸਥਿਰ ਕਰਨ ਲਈ ਅਮਰੀਕਾ ਦੀ ਅਗਵਾਈ ਹੇਠ ਚੱਲ ਰਹੀਆਂ ਪਹਿਲਕਦਮੀਆਂ ਨਾਲ ਤੁਰਦਾ ਰਿਹਾ ਹੈ। ਅਜਿਹੀ ਇੱਕ ਪਹਿਲ ਇੰਡੀਆ-ਇਜ਼ਰਾਇਲ-ਯੂ.ਐੱਸ.-ਯੂ.ਏ.ਈ. (ਆਈ2ਯੂ2) ਗਰੁੱਪ ਦਾ ਗਠਨ ਸੀ ਅਤੇ ਦੂਜੀ, ਭਾਰਤ ਮੱਧ ਪੂਰਬ ਆਰਥਿਕ ਲਾਂਘੇ ਦਾ ਪ੍ਰਾਜੈਕਟ ਹੈ। ਇਹ ਪਹਿਲਕਦਮੀਆਂ ਹੁਣ ਇਜ਼ਰਾਇਲ-ਫ਼ਲਿਸਤੀਨ ਮੁੱਦੇ ਤੋਂ ਪਾਸਾ ਵੱਟ ਕੇ ਨਹੀਂ ਲੰਘ ਸਕਦੀਆਂ ਜਿਵੇਂ ਕਿ ਪਹਿਲਾਂ ਹੁੰਦਾ ਰਿਹਾ ਹੈ।

ਚਲੰਤ ਭੂ-ਰਾਜਨੀਤੀ ਵਿੱਚ ਗਲੋਬਲ ਸਾਊਥ ਦੀ ਗੂੰਜ ਸੁਣਾਈ ਦਿੰਦੀ ਰਹਿੰਦੀ ਹੈ, ਪਰ ਹਾਲੇ ਤੱਕ ਇਸ ਦਾ ਚਿਹਰਾ-ਮੋਹਰਾ ਉਘੜ ਕੇ ਸਾਹਮਣੇ ਨਹੀਂ ਆ ਸਕਿਆ। ਉਂਝ, ਅਫ਼ਰੀਕਨ ਯੂਨੀਅਨ, ਅਰਬ ਲੀਗ ਜਾਂ ਦੱਖਣੀ ਏਸ਼ੀਆਈ ਮੁਲਕਾਂ ਦੀ ਸੰਸਥਾ ਸਾਰਕ ਵਿੱਚੋਂ ਇਸ ਦੀ ਝਲਕ ਮਿਲਦੀ ਹੈ। ਭਾਰਤ ਨੇ ਪਿਛਲੇ ਸਾਲ ਜੀ20 ਸਿਖਰ ਸੰਮੇਲਨ ਦੀ ਪ੍ਰਧਾਨਗੀ ਕਰਦਿਆਂ ਆਪਣੇ ਆਪ ਨੂੰ ਗਲੋਬਲ ਸਾਊਥ ਦੇ ਆਗੂ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਉਸੇ ਵੇਲੇ ਇਹ ਸਾਫ਼ ਹੋ ਗਿਆ ਸੀ ਕਿ ਇਸ ਨੂੰ ਚੀਨ ਨਾਲ ਮੁਕਾਬਲਾ ਕਰਨਾ ਪੈਣਾ ਹੈ, ਜਿਸ ਨੇ ਬ੍ਰਿਕਸ ਦੇ ਵਿਸਤਾਰ ਨੂੰ ਸਿਰੇ ਚੜ੍ਹਾਇਆ ਹੈ।

ਭਾਰਤ ਦੀ ਗਲੋਬਲ ਸਾਊਥ ਦੀ ਅਗਵਾਈ ਇਸ ਦੀ ਭਾਸ਼ਣ ਕਲਾ 'ਤੇ ਨਹੀਂ, ਸਗੋਂ ਭਾਰਤ ਦੀ ਵਿਦੇਸ਼ ਨੀਤੀ 'ਤੇ ਨਿਰਭਰ ਕਰਦੀ ਹੈ। ਭਾਰਤ ਇਸ ਵੇਲੇ ਕਾਫ਼ੀ ਹੱਦ ਤੱਕ ਅਮਰੀਕਾ ਨਾਲ ਜੁੜਿਆ ਹੋਇਆ ਹੈ ਅਤੇ ਇਸ ਨੂੰ ਭੂ-ਰਾਜਨੀਤਕ ਪੱਖ ਤੋਂ ਇੱਕ ਪੱਛਮੀ ਦੇਸ਼ ਵੀ ਕਿਹਾ ਜਾ ਸਕਦਾ ਹੈ। ਕੁਆਡ ਵਿੱਚ ਸ਼ਾਮਲ ਹੋਣ ਅਤੇ ਪੱਛਮੀ ਪ੍ਰਸ਼ਾਂਤ ਖਿੱਤੇ ਵਿੱਚ ਜਪਾਨ ਤੇ ਆਸਟਰੇਲੀਆ ਅਤੇ ਪੱਛਮੀ ਹਿੰਦ ਮਹਾਸਾਗਰ ਵਿੱਚ ਫਰਾਂਸ ਤੇ ਯੂ.ਏ.ਈ. ਨਾਲ ਇਸ ਦੇ ਰਿਸ਼ਤਿਆਂ ਤੋਂ ਇਹ ਗੱਲ ਝਲਕਦੀ ਹੈ। ਹਿੰਦ ਪ੍ਰਸ਼ਾਂਤ ਖਿੱਤੇ ਦਾ ਪੂਰਬੀ ਹਿੱਸਾ ਹੋਵੇ ਜਾਂ ਪੱਛਮੀ, ਦੋਵੇਂ ਤਰਫ਼ ਭਾਰਤ ਚੀਨ ਨੂੰ ਇੱਕ ਪ੍ਰਮੁੱਖ ਰਾਜਨੀਤਕ ਵਿਰੋਧੀ ਵਜੋਂ ਟੱਕਰਦਾ ਹੈ। ਹਾਲਾਂਕਿ ਭਾਰਤ ਪੱਛਮੀ ਪ੍ਰਸ਼ਾਂਤ ਖਿੱਤੇ ਵਿੱਚ ਫਿਲਪਾਈਨ ਤੱਕ ਪਹੁੰਚ ਕਰਨ ਲਈ ਛੋਟੇ-ਛੋਟੇ ਕਦਮ ਉਠਾ ਰਿਹਾ ਹੈ, ਜਦਕਿ ਚੀਨ ਪੱਛਮੀ ਏਸ਼ੀਆ ਵਿੱਚ ਆਪਣੇ-ਆਪ ਨੂੰ ਅਮਰੀਕਾ ਦੇ ਬਦਲ ਵਜੋਂ ਸਥਾਪਤ ਕਰਨ ਵੱਲ ਤੇਜ਼ੀ ਨਾਲ ਅਗਾਂਹ ਵਧ ਰਿਹਾ ਹੈ। ਚੀਨ ਨੇ ਸਾਊਦੀ ਅਰਬ ਅਤੇ ਇਰਾਨ ਵਿਚਕਾਰ ਪਹਿਲਾਂ ਹੀ ਸੁਲ੍ਹਾ ਕਰਵਾ ਦਿੱਤੀ ਹੈ ਅਤੇ ਇਜ਼ਰਾਇਲ ਅਤੇ ਫ਼ਲਿਸਤੀਨ ਵਿਚਕਾਰ ਟਕਰਾਅ ਸ਼ੁਰੂ ਹੋਣ ਸਾਰ ਹੀ ਸ਼ਾਂਤੀ ਵਾਰਤਾ ਸ਼ੁਰੂ ਕਰਾਉਣ ਦੀ ਪੇਸ਼ਕਸ਼ ਕੀਤੀ ਸੀ, ਪਰ ਉਸ ਤੋਂ ਬਾਅਦ ਇਸ ਨੇ ਕੋਈ ਖ਼ਾਸ ਕਦਮ ਨਹੀਂ ਪੁੱਟਿਆ।

ਹੁਣ ਅਮਰੀਕਾ ਵੱਲੋਂ ਚੀਨ ਤੋਂ ਮਦਦ ਮੰਗੀ ਜਾ ਰਹੀ ਹੈ ਤਾਂ ਕਿ ਉਹ ਇਰਾਨ 'ਤੇ ਆਪਣੇ ਅਸਰ ਰਸੂਖ ਦੀ ਵਰਤੋਂ ਕਰ ਕੇ ਹੂਤੀ ਬਾਗ਼ੀਆਂ ਨੂੰ ਨੱਥ ਪਾਉਣ ਲਈ ਕਹੇ। ਪਿਛਲੇ ਹਫ਼ਤੇ ਅਮਰੀਕੀ ਕੌਮੀ ਰੱਖਿਆ ਸਲਾਹਕਾਰ ਜੇਕ ਸੁਲੀਵਾਨ ਅਤੇ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਵਿਚਕਾਰ ਹੋਈ ਵਾਰਤਾ ਦਾ ਮੁੱਖ ਮਕਸਦ ਇਹੀ ਸੀ। ਭਾਰਤ ਦੀ ਪੱਛਮ ਨਾਲ ਸਾਂਝ ਕੋਈ ਸਦੀਵੀ ਨਹੀਂ ਹੈ। ਨਵੀਂ ਦਿੱਲੀ ਦੀ ਹਮੇਸ਼ਾ ਇਹ ਖ਼ਾਹਿਸ਼ ਰਹੀ ਹੈ ਕਿ ਬਹੁ-ਧੁਰੀ ਕੌਮਾਂਤਰੀ ਨਿਜ਼ਾਮ ਅੰਦਰ ਇਸ ਦਾ ਆਪਣਾ ਧੁਰਾ ਵੀ ਬਣ ਸਕੇ, ਜਿਸ ਕਰ ਕੇ ਇਹ ਰੂਸ ਅਤੇ ਇਰਾਨ ਨਾਲ ਚੰਗੇ ਸਬੰਧ ਬਣਾ ਕੇ ਰੱਖਦਾ ਹੈ। ਅਸਲ ਵਿੱਚ ਪੱਛਮ ਵੱਲ ਉਲਾਰਤਾ ਉਦੋਂ ਹੀ ਭਾਰੂ ਹੁੰਦੀ ਹੈ, ਜਦੋਂ ਇਹ ਚੀਨ ਦੇ ਪੱਛਮ ਨਾਲ ਵੈਰ ਦਾ ਲਾਹਾ ਲੈਣ ਦੀ ਕੋਸ਼ਿਸ਼ ਕਰਦਾ ਹੈ। ਭਾਰਤ ਨੂੰ ਜਿਹੜੀ ਗੱਲ ਨੇ ਹੁਣ ਤੱਕ ਡੱਕਿਆ ਹੋਇਆ ਸੀ, ਉਹ ਸੀ ਇਸ ਦੀ ਆਰਥਿਕਤਾ। ਹੁਣ ਇਹ ਸੰਭਾਵਨਾਵਾਂ ਹਨ ਕਿ ਭਾਰਤੀ ਅਰਥਚਾਰੇ ਉੱਪਰ ਸਾਰੀਆਂ ਬੰਦਿਸ਼ਾਂ ਦਾ ਅਸਰ ਹਟ ਗਿਆ ਹੈ ਅਤੇ ਇਸ ਦੇ ਬੱਝਵੇਂ ਰੂਪ ਵਿੱਚ ਉੱਚ ਆਰਥਿਕ ਲੀਹ 'ਤੇ ਪੈਣ ਦੇ ਆਸਾਰ ਹਨ, ਜਿਸ ਕਰ ਕੇ ਇਸ ਦੀ ਫ਼ੌਜੀ ਸਮਰੱਥਾ ਵਿੱਚ ਵਾਧਾ ਹੋਵੇਗਾ।

ਨਵੀਂ ਦਿੱਲੀ ਵੱਲੋਂ ਆਪਣੀ ਸਿਰਜੀ ਹੋਈ ਵਡੇਰੀ ਭੂਮਿਕਾ ਨੂੰ ਦਰਸਾਉਣ ਲਈ ਗਲੋਬਲ ਸਾਊਥ ਦਾ ਢੰਡੋਰਾ ਪਿੱਟਿਆ ਜਾਂਦਾ ਹੈ। ਚੀਨ ਜਾਂ ਭਾਰਤ 'ਚੋਂ ਕੋਈ ਗਲੋਬਲ ਸਾਊਥ ਦੇ ਹਿੱਤਾਂ ਨੂੰ ਆਪੋ-ਆਪਣੇ ਹਿੱਤਾਂ ਨਾਲੋਂ ਪਹਿਲ ਨਹੀਂ ਦੇਵੇਗਾ ਅਤੇ ਇਸ ਕਰ ਕੇ ਅਸੀਂ ਦੇਖ ਰਹੇ ਹਾਂ ਕਿ ਦੱਖਣੀ ਅਫ਼ਰੀਕਾ ਫ਼ਲਿਸਤੀਨ ਦੇ ਮੁੱਦੇ ਨੂੰ ਉਭਾਰਨ ਵਿੱਚ ਕਾਮਯਾਬ ਹੋਇਆ ਹੈ।

# ਜੰਗ ਜਾਰੀ ਹੈ...

**ਚੰਦ ਫਤਿਹਪੁਰੀ**

ਤਿੰਨ ਕਾਲੇ ਖੇਤੀ ਕਾਨੂੰਨਾਂ ਵਿਰੁੱਧ ਇੱਕ ਸਾਲ ਤੋਂ ਵੱਧ ਸਮੇਂ ਤੱਕ ਦਿੱਲੀ ਘੇਰ ਕੇ ਬੈਠੇ ਕਿਸਾਨਾਂ ਨੇ ਇੱਕ ਵਾਰ ਫਿਰ ਸੰਘਰਸ਼ ਦਾ ਮੈਦਾਨ ਮੱਲਿਆ ਹੋਇਆ ਹੈ। ਉਸ ਵੇਲੇ ਸੰਘਰਸ਼ ਵਿੱਚ ਸ਼ਾਮਲ 700 ਤੋਂ ਵੱਧ ਕਿਸਾਨ ਸ਼ਹੀਦ ਹੋ ਗਏ ਸਨ। ਆਖ਼ਰ ਤਾਨਾਸ਼ਾਹ ਹਾਕਮਾਂ ਨੂੰ ਝੁਕਣਾ ਪਿਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਲਾਨ ਕੀਤਾ ਸੀ ਕਿ ਸੰਸਦ ਦਾ ਇਜਲਾਸ ਸ਼ੁਰੂ ਹੁੰਦਿਆਂ ਹੀ ਤਿੰਨੇ ਕਾਨੂੰਨ ਰੱਦ ਕਰ ਦਿੱਤੇ ਜਾਣਗੇ। ਉਸ ਵੇਲੇ ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਇਹ ਕਾਨੂੰਨ ਗਰੀਬ ਕਿਸਾਨਾਂ ਤੇ ਦੇਸ਼ ਦੇ ਵਿਕਾਸ ਲਈ ਬਣਾਏ ਸਨ, ਪਰ ਸਾਡੀ ਤਪੱਸਿਆ ਵਿੱਚ ਕੋਈ ਕਮੀ ਰਹਿ ਗਈ ਕਿ ਅਸੀਂ ਕਿਸਾਨਾਂ ਨੂੰ ਸਮਝਾ ਨਹੀਂ ਸਕੇ। ਇਸ ਦਾ ਸਿੱਧਾ ਮਤਲਬ ਇਹ ਸੀ ਕਿ ਖੇਤੀ ਕਾਨੂੰਨਾਂ ਵਿੱਚ ਕੋਈ ਕਮੀ ਨਹੀਂ ਸੀ, ਬੱਸ ਕਮੀ ਕਿਸਾਨਾਂ ਨੂੰ ਸਮਝਾਉਣ ਵਿੱਚ ਸੀ। ਇਹ ਸਿੱਧਾ ਇਸ਼ਾਰਾ ਸੀ ਕਿ ਕਿਸਾਨਾਂ ਨੂੰ ਸਮਝਾ ਕੇ ਕਾਨੂੰਨ ਦੁਬਾਰਾ ਲਿਆਂਦੇ ਜਾਣਗੇ। ਇਸ ਮੌਕੇ ਪ੍ਰਧਾਨ ਮੰਤਰੀ ਨੇ ਇਹ ਵੀ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਬਾਰੇ ਪੱਕਾ ਕਾਨੂੰਨ ਬਣਾਵੇਗੀ।

ਦੇਸ਼ ਭਰ ਦੇ ਕਿਸਾਨਾਂ ਨੇ 16 ਫਰਵਰੀ ਨੂੰ ਪੂਰਾ ਭਾਰਤ ਬੰਦ ਕਰਕੇ ਪ੍ਰਧਾਨ ਮੰਤਰੀ ਨੂੰ ਉਨ੍ਹਾਂ ਦਾ ਵਾਅਦਾ ਚੇਤੇ ਕਰਾਇਆ ਹੈ। ਕਿਸਾਨ ਇਸ ਦੇ ਨਾਲ ਇਹ ਵੀ ਮੰਗ ਕਰ ਰਹੇ ਹਨ ਕਿ ਭਾਰਤ ਵਿਸ਼ਵ ਵਪਾਰ ਸੰਸਥਾ ਦੇ ਮੱਕੜ ਜਾਲ ਵਿੱਚੋਂ ਬਾਹਰ ਨਿਕਲ ਆਵੇ। ਅੱਜ ਕਿਸਾਨ ਬਹੁਤ ਸੂਝਵਾਨ ਹੋ ਚੁੱਕਾ ਹੈ, ਉਹ ਜਾਣਦਾ ਹੈ ਕਿ ਵਿਸ਼ਵ ਵਪਾਰ ਸੰਸਥਾ ਵਿੱਚੋਂ ਬਾਹਰ ਆਏ ਬਿਨਾ ਕਿਸੇ ਵੀ ਸਰਕਾਰ ਲਈ 23 ਫ਼ਸਲਾਂ ਉੱਤੇ ਐੱਮ.ਐੱਸ.ਪੀ. ਦੀ ਗਾਰੰਟੀ ਦੇਣੀ ਸੰਭਵ ਹੀ ਨਹੀਂ ਹੈ। ਪ੍ਰਧਾਨ ਮੰਤਰੀ ਨੇ ਖੇਤੀ ਕਾਨੂੰਨ ਲਿਆਂਦੇ ਹੀ ਵਿਸ਼ਵ ਵਪਾਰ ਸੰਸਥਾ ਨਾਲ ਕੀਤੇ ਗਏ ਸਮਝੌਤੇ ਅਧੀਨ ਸਨ, ਜਿਸ ਮੁਤਾਬਕ ਸਰਕਾਰ ਵੱਲੋਂ ਕਿਸਾਨਾਂ ਨੂੰ ਕਿਸੇ ਕਿਸਮ ਦੀ ਸਬਸਿਡੀ ਦਿੱਤੇ ਜਾਣ ਦੀ ਮਨਾਹੀ ਹੈ।

ਇਹ ਸਮਝੌਤਾ ਉਨ੍ਹਾਂ ਨਵੀਆਂ ਆਰਥਕ ਨੀਤੀਆਂ ਅਧੀਨ ਹੈ, ਜਿਸ ਉੱਤੇ ਕਾਂਗਰਸ ਸਰਕਾਰਾਂ ਨੇ ਦਸਤਖ਼ਤ ਕੀਤੇ ਸਨ। ਇਨ੍ਹਾਂ ਨੀਤੀਆਂ ਦਾ ਮਕਸਦ ਅਮਰੀਕਾ ਦੀ ਅਗਵਾਈ ਵਾਲੇ ਜੀ-7 ਗਰੁੱਪ- ਜਿਸ ਵਿੱਚ ਜਾਪਾਨ, ਕੈਨੇਡਾ, ਇਟਲੀ, ਜਰਮਨੀ, ਫਰਾਂਸ ਤੇ ਬਰਤਾਨੀਆ ਸ਼ਾਮਲ ਸਨ, ਵੱਲੋਂ ਸਮੁੱਚੇ ਵਿਕਾਸਸ਼ੀਲ ਦੇਸ਼ਾਂ ਨੂੰ ਆਰਥਕ ਤੌਰ ਉੱਤੇ ਗੁਲਾਮ ਬਣਾਉਣਾ ਸੀ। ਇਨ੍ਹਾਂ ਨੀਤੀਆਂ, ਜਿਨ੍ਹਾਂ ਨੂੰ ਵਿਸ਼ਵੀਕਰਨ, ਨਿੱਜੀਕਰਨ ਤੇ ਉਦਾਰੀਕਰਨ ਕਿਹਾ ਜਾਂਦਾ ਹੈ, ਅਧੀਨ ਵਿਕਾਸਸ਼ੀਲ ਦੇਸ਼ਾਂ ਦੇ ਸਮੁੱਚੇ ਬੁਨਿਆਦੀ, ਆਰਥਕ ਤੇ ਸਮਾਜੀ ਢਾਂਚੇ ਨੂੰ ਦੇਸੀ-ਬਦੇਸ਼ੀ ਪੂੰਜੀਪਤੀਆਂ ਨੂੰ ਸੌਂਪਣਾ ਸੀ।

ਜਦੋਂ ਸੋਵੀਅਤ ਯੂਨੀਅਨ ਵਿੱਚ ਉਥਲ-ਪੁਥਲ ਸ਼ੁਰੂ ਹੋਈ ਤਾਂ ਅਮਰੀਕਾ ਸਮਝ ਗਿਆ ਸੀ ਕਿ ਸੋਸ਼ਲਿਸਟ ਕੈਂਪ ਟੁੱਟਣ ਵਾਲਾ ਹੈ ਤਾਂ ਅਗਲਾ ਸਮਾਂ ਉਸ ਦੀ ਸਰਦਾਰੀ ਦਾ ਹੋਵੇਗਾ। ਇਸ ਸਮੇਂ ਦੌਰਾਨ ਅਮਰੀਕਾ ਨੇ ਆਪਣੇ ਕਿਸਾਨਾਂ ਨੂੰ ਦਿੱਤੀ ਜਾਂਦੀ ਸਬਸਿਡੀ ਇੱਕਦਮ ਵਧਾ ਦਿੱਤੀ ਸੀ। ਬਾਅਦ ਵਿੱਚ ਜਦੋਂ 1994 ਵਿੱਚ ਸਮਝੌਤੇ ਨੂੰ ਅੰਤਿਮ ਰੂਪ ਦਿੱਤਾ ਗਿਆ ਤਾਂ ਤੈਅ ਕਰ ਲਿਆ ਗਿਆ ਕਿ ਮੈਂਬਰ ਦੇਸ਼ ਕਿਸਾਨਾਂ ਨੂੰ ਸਿਰਫ਼ ਓਨੀ ਸਬਸਿਡੀ ਦੇ ਸਕਣਗੇ, ਜਿੰਨੀ ਉਹ 1986-88 ਵਿੱਚ ਦਿੰਦੇ ਸਨ। ਭਾਰਤ ਨੇ 1995 ਵਿੱਚ ਜਦੋਂ ਇਸ ਸਮਝੌਤੇ ਉੱਤੇ ਦਸਤਖ਼ਤ ਕੀਤੇ, ਉਸ ਸਮੇਂ ਅਮਰੀਕਾ ਆਪਣੇ ਕਿਸਾਨਾਂ ਨੂੰ 40 ਫ਼ੀਸਦੀ ਤੇ ਗਰੀਬ ਹੋਣ ਕਾਰਨ ਭਾਰਤ 10 ਫ਼ੀਸਦੀ ਸਬਸਿਡੀ ਦਿੰਦਾ ਸੀ। ਇਹ ਅਮਰੀਕੀ ਦਾਦਾਗਿਰੀ ਹੈ ਕਿ ਉਹ ਹਰ ਸਾਲ ਪ੍ਰਤੀ ਕਿਸਾਨ 40 ਹਜ਼ਾਰ ਡਾਲਰ ਤੇ ਭਾਰਤ ਸਿਰਫ਼ 300 ਡਾਲਰ ਦੇ ਰਿਹਾ ਹੈ। ਵਿਸ਼ਵ ਵਪਾਰ ਸੰਗਠਨ ਦੀ ਹਰ ਮੀਟਿੰਗ ਵਿੱਚ ਪੱਛਮੀ ਮੁਲਕ ਭਾਰਤ ਵੱਲੋਂ ਕਣਕ, ਝੋਨੇ, ਕਪਾਹ ਤੇ ਗੰਨੇ ਉੱਤੇ ਦਿੱਤੇ ਜਾਂਦੇ ਸਮਰਥਨ ਮੁੱਲ ਦਾ ਵਿਰੋਧ ਕਰਦੇ ਹਨ। ਇਸ ਹਾਲਤ ਵਿੱਚ ਭਾਰਤ ਸਰਕਾਰ ਦੇ ਐੱਮ.ਐੱਸ.ਪੀ. ਗਾਰੰਟੀ ਕਾਨੂੰਨ ਬਣਾਉਣ ਲਈ ਹੱਥ ਬੰਨ੍ਹੇ ਹੋਏ ਹਨ।

ਦੇਸੀ-ਵਿਦੇਸ਼ੀ ਸਰਮਾਏਦਾਰੀ ਵੱਲੋਂ ਵਿਛਾਏ ਗਏ



ਇਸ ਮੱਕੜ ਜਾਲ ਵਿੱਚੋਂ ਨਿਕਲਣ ਦਾ ਇੱਕੋ-ਇੱਕ ਰਾਹ ਇਹ ਹੈ ਕਿ ਭਾਰਤ ਵਿਸ਼ਵ ਵਪਾਰ ਸੰਸਥਾ ਦੀ ਮੈਂਬਰੀ ਛੱਡ ਦੇਵੇ, ਪਰ ਇਹ ਏਨਾ ਸੌਖਾ ਵੀ ਨਹੀਂ, ਕਿਉਂਕਿ 1990 ਵਿੱਚ ਭਾਰਤ ਸਰਕਾਰ ਨੇ 2 ਲੱਖ ਕਰੋੜ ਦੇ ਵਿਦੇਸ਼ੀ ਕਰਜ਼ੇ ਕਾਰਨ ਇਸ ਗੁਲਾਮੀ ਦੇ ਦਸਤਾਵੇਜ਼ ਉੱਤੇ ਦਸਤਖ਼ਤ ਕੀਤੇ ਸਨ। ਅੱਜ ਦੇਸ਼ ਦੇ ਹਰ ਨਾਗਰਿਕ 'ਤੇ 3,26,321 ਰੁਪਏ ਵਿਦੇਸ਼ੀ ਕਰਜ਼ਾ ਹੈ।

ਇਸ ਦੇ ਬਾਵਜੂਦ ਪਿਛਲੇ ਦੋ ਸਾਲਾਂ ਤੋਂ ਸੰਸਾਰਕ ਢਾਂਚੇ ਵਿੱਚ ਇੱਕ ਸਿਫ਼ਤੀ ਤਬਦੀਲੀ ਆਈ ਹੈ। ਇਸ ਦਾ ਮੁੱਢ 24 ਫ਼ਰਵਰੀ 2022 ਨੂੰ ਉਸ ਸਮੇਂ ਬੱਝਾ, ਜਦੋਂ ਰੂਸ ਨੇ ਉਸ ਵਿਰੁੱਧ ਸਾਮਰਾਜੀ ਦੇਸ਼ਾਂ ਵੱਲੋਂ ਸ਼ੁਰੂ ਕੀਤੀ ਗਈ ਪ੍ਰਾਕਸੀ ਵਾਰ ਵਿਰੁੱਧ ਯੂਕਰੇਨ 'ਤੇ ਹਮਲਾ ਕਰ ਦਿੱਤਾ ਸੀ। ਅਮਰੀਕਾ ਨੇ ਉਸ ਵੇਲੇ ਰੂਸ ਵਿਰੁੱਧ ਇਤਿਹਾਸ ਦੀਆਂ ਸਭ ਤੋਂ ਸਖ਼ਤ ਪਾਬੰਦੀਆਂ ਲਾਉਂਦਿਆਂ ਦਾਅਵਾ ਕੀਤਾ ਸੀ ਕਿ ਉਹ ਰੂਸ ਨੂੰ ਬਰਬਾਦ ਕਰਕੇ ਰੱਖ ਦੇਵੇਗਾ। ਅੱਜ ਦੋ ਸਾਲ ਬਾਅਦ ਹੋਇਆ ਕੀ? ਰੂਸ ਨੇ ਪੀ.ਪੀ.ਪੀ. ਦੇ ਪੈਮਾਨੇ ਅਨੁਸਾਰ ਜਰਮਨੀ ਨੂੰ ਪਛਾੜ ਕੇ ਦੁਨੀਆ ਦੀ ਪੰਜਵੀਂ ਵੱਡੀ ਅਰਥ-ਵਿਵਸਥਾ ਬਣਾ ਲਈ ਹੈ। ਅਮਰੀਕਾ ਦੇ ਪਿੱਛੇ ਲੱਗ ਕੇ ਯੂਰਪੀਨ ਮੁਲਕਾਂ ਨੇ ਆਪਣੇ-ਆਪ ਨੂੰ ਬਰਬਾਦ ਕਰ ਲਿਆ ਹੈ। ਇਹ ਦੇਸ਼ ਰੂਸ ਤੋਂ ਆਉਣ ਵਾਲੀ ਸਸਤੀ ਕੁਦਰਤੀ ਗੈਸ ਉੱਤੇ ਨਿਰਭਰ ਸਨ। ਪਾਬੰਦੀਆਂ ਕਾਰਨ ਇਹ ਬੰਦ ਹੋ ਗਈ। ਅੱਜ ਉਨ੍ਹਾਂ ਨੂੰ 5 ਗੁਣਾ ਮਹਿੰਗੀ ਤਰਲ ਗੈਸ ਅਮਰੀਕਾ ਤੋਂ ਖ਼ਰੀਦਣੀ ਪੈ ਰਹੀ ਹੈ। ਮਹਿੰਗਾਈ ਨੇ ਸਭ ਰਿਕਾਰਡ ਤੋੜ ਦਿੱਤੇ ਹਨ। ਦੋ ਸਾਲ ਪਹਿਲਾਂ ਤੱਕ ਜਿਹੜਾ ਜਰਮਨੀ ਦੁਨੀਆ ਦਾ ਮੁੱਖ ਸਨਅਤੀ ਕੇਂਦਰ ਸੀ, ਅੱਜ ਬਰਬਾਦ ਹੋ ਚੁੱਕਾ ਹੈ। ਸਾਰੇ ਉਦਯੋਗ ਅਮਰੀਕਾ ਸ਼ਿਫ਼ਟ ਹੋ ਗਏ ਹਨ। ਇਨ੍ਹਾਂ ਹਾਲਤਾਂ ਵਿੱਚੋਂ ਹੀ ਅੱਜ ਇਨ੍ਹਾਂ ਦੇਸ਼ਾਂ ਦੇ ਕਿਸਾਨ ਟਰੈਕਟਰ ਲੈ ਕੇ ਰਾਜਧਾਨੀਆਂ ਘੇਰ ਰਹੇ ਹਨ ਤੇ ਸਬਸਿਡੀਆਂ ਵਧਾਉਣ ਦੀ ਮੰਗ ਕਰ ਰਹੇ ਹਨ।

ਅਮਰੀਕਾ ਨੂੰ ਭਾਵੇਂ ਇਸ ਦਾ ਸਿੱਧਾ ਬਹੁਤਾ ਸੇਕ ਨਹੀਂ ਲੱਗਾ, ਪਰ ਅੰਦਰੋਂ ਉਹ ਵੀ ਖੋਖਲਾ ਹੋ ਚੁੱਕਾ ਹੈ। ਯੂਕਰੇਨ ਦੀ ਜੰਗ ਉਹ ਹਾਰ ਚੁੱਕਾ ਹੈ। ਉਥੇ ਵੀ ਚੋਣ ਯੁੱਧ ਮਘਿਆ ਹੋਇਆ ਹੈ। ਟਰੰਪ ਦਾ ਹੱਥ ਉਪਰ ਹੈ। ਉਸ ਨੇ ਪਹਿਲਾਂ ਹੀ ਐਲਾਨ ਕਰ ਦਿੱਤਾ ਹੈ ਕਿ ਰਾਸ਼ਟਰਪਤੀ ਬਣਦਿਆਂ ਹੀ ਉਹ ਯੂਕਰੇਨ ਯੁੱਧ ਖ਼ਤਮ ਕਰ ਦੇਵੇਗਾ। ਉਸ ਨੇ ਯੂਰਪੀ ਦੇਸ਼ਾਂ ਨੂੰ ਵੀ ਕਹਿ ਦਿੱਤਾ ਹੈ ਕਿ ਉਹ ਆਪਣਾ ਰੱਖਿਆ ਖ਼ਰਚਾ ਖ਼ੁਦ ਕਰਨ। ਇਸ ਤੋਂ ਸਪੱਸ਼ਟ ਹੈ ਕਿ ਆਉਣ ਵਾਲੇ ਸਮੇਂ ਵਿੱਚ ਵਿਸ਼ਵ ਅਰਥ-ਵਿਵਸਥਾ ਦੇ ਇੱਕ ਨਵੇਂ ਤੇ ਨਿਆਂਪੂਰਨ ਰੂਪ ਵਿੱਚ ਸਾਹਮਣੇ ਆ ਜਾਣ ਦਾ ਦੌਰ ਸ਼ੁਰੂ ਹੋ ਚੁੱਕਾ ਹੈ। ਸੰਕਰਮਣ ਦਾ ਇਹ ਦੌਰ ਤੇਜ਼ੀ ਨਾਲ ਅੱਗੇ ਵਧ ਰਿਹਾ ਸੀ, ਪਰ ਹਮਾਸ ਉੱਤੇ ਇਜ਼ਰਾਈਲ ਦੇ ਹਮਲੇ ਨੇ ਇਸ ਦੀ ਰਫ਼ਤਾਰ ਘਟਾਈ ਹੈ। ਇਸ ਸਾਰੇ ਘਟਨਾਕ੍ਰਮ ਦਾ ਸਿਹਰਾ ਉਨ੍ਹਾਂ ਕਿਸਾਨਾਂ-ਮਜ਼ਦੂਰਾਂ ਸਿਰ ਬੱਝੇਗਾ, ਜਿਹੜੇ ਆਪਣੇ-ਆਪਣੇ ਦੇਸ਼ ਵਿੱਚ ਸਾਮਰਾਜ ਵਿਰੁੱਧ ਲੜਾਈ ਲੜ ਰਹੇ ਹਨ। ਜੰਗ ਜਾਰੀ ਹੈ, ਜਿੱਤਾਂਗੇ ਜ਼ਰੂਰ।

# ‘ਇੰਡੀਆ’ ਭਾਜਪਾ ਨੂੰ ਠਿੱਬੀ ਲਾਉਣ ਦੀ ਤਾਕ ‘ਚ

**ਸਿਆਸੀ ਪਿੜ**

ਕਮਲਜੀਤ ਸਿੰਘ ਬਨਵੈਤ
ਫੋਨ: +91-9814734035



ਭਾਰਤ ਦੀਆਂ ਅਗਲੀਆਂ ਲੋਕ ਸਭਾ ਚੋਣਾਂ ਲਈ ਆਏ ਪਲੇਠੇ ਚੋਣ ਸਰਵੇਖਣ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਬਹੁਮਤ ਦਿਖਾਈ ਗਈ ਹੈ। ਚੋਣ ਸਰਵੇਖਣ ਮੁਤਾਬਿਕ ਭਾਜਪਾ ਜੇ ਆਪਣੇ ਦਮ ‘ਤੇ ਚੋਣ ਲੜਦੀ ਹੈ, ਤਦ ਵੀ 325 ਤੋਂ ਵੱਧ ਸੀਟਾਂ ‘ਤੇ ਜੇਤੂ ਰਹੇਗੀ, ਪਰ ਐਨ.ਡੀ.ਏ. ਨਾਲ ਮਿਲ ਕੇ ਸੀਟਾਂ ਦੀ ਗਿਣਤੀ ਪੌਣੇ 400 ਦੇ ਕਰੀਬ ਮਿਲਣ ਦਾ ਅੰਦਾਜ਼ਾ ਦੱਸਿਆ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਇਨ੍ਹਾਂ ਚੋਣਾਂ ਵਿੱਚ 400 ਤੋਂ ਵੱਧ ਸੀਟਾਂ ਜਿੱਤਣ ਦਾ ਦਾਅਵਾ ਕਰ ਰਹੇ ਹਨ। ਇੰਡੀਆ ਗੱਠਜੋੜ ਦੀ ਝੋਲੀ 66 ਸੀਟਾਂ ਦਿਖਾਈਆਂ ਗਈਆਂ ਹਨ। ਹੁਣ ਸਰਵੇਖਣ ਵਿੱਚ ਪੰਜਾਬ ਅੰਦਰ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਪੰਜ-ਪੰਜ ਸੀਟਾਂ ਦਿੱਤੀਆਂ ਗਈਆਂ ਹਨ, ਪਰ ਕਾਂਗਰਸ ਦੀ ਵੋਟ ਪ੍ਰਤੀਸ਼ਤਤਾ ਵੱਧ ਦਿਖਾਈ ਗਈ ਹੈ।

ਕੌਮੀ ਪੱਧਰ ‘ਤੇ ਇੰਡੀਆ ਗੱਠਜੋੜ ਵਿੱਚ ਸ਼ਾਮਿਲ ਦੋ ਪ੍ਰਮੁੱਖ ਪਾਰਟੀਆਂ- ਕਾਂਗਰਸ ਤੇ ਆਮ ਆਦਮੀ ਪਾਰਟੀ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਦੇ ਆਪਸ ਵਿੱਚ ਹੱਥ ਮਿਲਾਉਣ ਦੀਆਂ ਸੰਭਾਵਨਾਵਾਂ ਕਾਫੀ ਨੇੜੇ ਪਹੁੰਚ ਗਈਆਂ ਹਨ।

ਇੱਕ ਗੱਲ ਤਾਂ ਪੱਕੀ ਹੈ ਕਿ ਵਿਰੋਧੀ ਧਿਰਾਂ ਦੇ ਮਜਬੂਤ ਹੋਏ ਤੋਂ ਬਿਨਾ ਭਾਜਪਾ ਦੇ ਕੇਂਦਰ ਵਿੱਚੋਂ ਪੈਰ ਉਖਾੜਨੇ ਸੌਖੇ ਨਹੀਂ ਹਨ। ਇੰਡੀਆ ਗੱਠਜੋੜ ਵਿੱਚ ਚਾਹੇ ਸਾਰੀਆਂ ਵਿਰੋਧੀ ਪਾਰਟੀਆਂ ਰਲ ਕੇ ਚੱਲਣ ਲਈ ਸਹਿਮਤ ਨਹੀਂ ਹੋ ਸਕੀਆਂ ਹਨ, ਪਰ ਕਾਂਗਰਸ ਅਤੇ ਆਮ ਆਦਮੀ ਪਾਰਟੀ ਜਾਂ ਫਿਰ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਦਾ ਹੋਇਆ ਆਪਸੀ ਗੱਠਜੋੜ ਕਾਫੀ ਹੱਦ ਤੱਕ ਹਵਾ ਬਦਲ ਦੇਵੇਗਾ। ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਦੀ ਅਗਵਾਈ ਹੇਠਲੀ ਤ੍ਰਿਣਮੂਲ ਕਾਂਗਰਸ ਭਾਜਪਾ ਨੂੰ ਤਕੜੀ ਟੱਕਰ ਦੇਣ ਦੇ ਸਮਰੱਥ ਹੈ। ਬਿਹਾਰ ਵਿੱਚ ਵੀ ਇਸ ਵਾਰ ਪਲਟਾ ਆ ਸਕਦਾ ਸੀ, ਪਰ ਜਨਤਾ ਦਲ ਦੇ ਨਿਤੀਸ਼ ਕੁਮਾਰ ਨੇ ਇੱਕ ਵਾਰ ਫੇਰ ਪਲਟੀ ਮਾਰ ਕੇ ਭਾਜਪਾ ਦਾ ਪੱਲਾ ਫੜ ਲਿਆ ਹੈ।

ਇੰਡੀਆ ਗੱਠਜੋੜ ਨੂੰ ਲਗਾਤਾਰ ਝਟਕੇ ਤਾਂ ਲੱਗਦੇ ਰਹੇ ਹਨ, ਪਰ ਹੁਣ ਇਹ ਆਪਣੇ ਪੈਰਾਂ ਸਿਰ ਖੜਾ ਦਿਖਾਈ ਦੇ ਰਿਹਾ ਹੈ। ਜੇ ਹੋਰ ਸੂਬਿਆਂ ਵਿੱਚ ਵੀ ਕਾਂਗਰਸ ਅਤੇ ਵਿਰੋਧੀ ਧਿਰਾਂ ਆਪਸ ਵਿੱਚ ਹੱਥ ਮਿਲਾ ਲੈਣ ਤਾਂ ਇਨ੍ਹਾਂ ਚੋਣਾਂ ਨੂੰ ਲੈ ਕੇ ਆਏ ਪਲੇਠੇ ਚੋਣ ਸਰਵੇਖਣ ਦੇ ਅੰਦਾਜ਼ੇ ਗਲਤ ਸਿੱਧ ਹੋ ਸਕਦੇ ਹਨ। ਪੰਜਾਬ ਵਿੱਚ ਲੋਕ ਸਭਾ ਦੀਆਂ



ਨੇ ਤਿਆਰੀ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਕਰ ਦਿੱਤੀ ਹੈ। ਦਿੱਲੀ ਵਿੱਚ ਕਾਂਗਰਸ ਤਿੰਨ ਅਤੇ ‘ਆਪ’ ਚਾਰ ਸੀਟਾਂ ‘ਤੇ ਲੜਨ ਲਈ ਰਜ਼ਾਮੰਦ ਹੋ ਗਈ ਹੈ। ਗੁਜਰਾਤ ਵਿੱਚ ਆਮ ਆਦਮੀ ਪਾਰਟੀ ਦੋ ਸੀਟਾਂ ਲੈ ਕੇ ਅੱਗੇ ਵਧਣ ਲਈ ਤਿਆਰ ਹੈ, ਜਦਕਿ ਗੋਆ ਵਿੱਚ ਇੱਕ ਸੀਟ ਲਈ ਰਾਜ਼ੀ ਹੋ ਗਈ ਹੈ। ਚੰਡੀਗੜ੍ਹ ਦੀ ਇੱਕੋ ਇੱਕ ਸੀਟ ਕਾਂਗਰਸ ਲਈ ਛੱਡੀ ਜਾ ਰਹੀ ਹੈ, ਜਦਕਿ ਹਰਿਆਣਾ ਵਿੱਚ ਆਮ ਆਦਮੀ ਪਾਰਟੀ ਇੱਕ ਸੀਟ ਨਾਲ ਸਬਰ ਕਰਨ ਲਈ ਸਹਿਮਤ ਹੋ ਗਈ ਹੈ। ਅਸਲ ਵਿੱਚ ਇੰਡੀਆ ਗੱਠਜੋੜ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਿਹਾ ਹੈ। ਜਿਵੇਂ ਹਾਲਾਤ ਤੇਜ਼ੀ ਨਾਲ ਕਰਵਟ ਲੈ ਰਹੇ, ਜੇ ਇੰਡੀਆ ਗੱਠਜੋੜ ਸੱਤਾ ਵਿੱਚ ਨਹੀਂ ਆਉਂਦਾ ਤਾਂ ਇੱਕ ਮਜਬੂਤ ਵਿਰੋਧੀ ਧਿਰ ਖੜੀ ਕਰਨ ਵਿੱਚ ਕਾਮਯਾਬ ਤਾਂ ਹੋ ਹੀ ਜਾਵੇਗਾ। ਕਾਂਗਰਸ ਆਪਣੀ ਸੁੱਤੀ ਕਲਾ ਜਗਾਉਣ ਲਈ ਕੋਸ਼ਿਸ਼ ਕਰ ਰਹੀ ਹੈ। ਕੇਂਦਰ ਵਿੱਚ ਕਾਂਗਰਸ ਪਿਛਲੇ 10 ਸਾਲਾਂ ਤੋਂ ਸਤਾ ਤੋਂ ਦੂਰ ਬੈਠੀ ਹੈ, ਉਸ ਤੋਂ ਪਹਿਲਾਂ ਭਾਜਪਾ ਨੂੰ ਦੋ ਵਾਰ ਨੇੜੇ ਨਹੀਂ ਸੀ ਫਟਣ ਦਿੱਤਾ। ਚੰਡੀਗੜ੍ਹ ਵਿੱਚ ਮੇਅਰ ਦੀ ਪਲੇਠੀ ਜਿੱਤ ਨੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਰਿਸ਼ਤੇ ਨੂੰ ਮਜਬੂਤ ਕੀਤਾ ਹੈ।

ਯੂ.ਪੀ. ਵਿੱਚ ਕਾਂਗਰਸ ਅਤੇ ਸਮਾਜਵਾਦੀ ਪਾਰਟੀ ਆਪਸ ਵਿੱਚ ਬਗਲਗੀਰ ਹੋ ਗਏ ਹਨ। ਸਮਾਜਵਾਦੀ ਪਾਰਟੀ 63 ਅਤੇ ਕਾਂਗਰਸ 17 ਸੀਟਾਂ ‘ਤੇ ਚੋਣ ਲੜਨ ਲਈ ਰਜ਼ਾਮੰਦ ਹੋ ਗਈ ਹੈ। ਇਸ ਨੂੰ ਇੰਡੀਆ ਗੱਠਜੋੜ ਵਿੱਚ ਵੱਡੀ ਪ੍ਰਾਪਤੀ ਮੰਨਿਆ ਜਾ ਰਿਹਾ ਹੈ। ਮੱਧ ਪ੍ਰਦੇਸ਼ ਵਿੱਚ ਵੀ ਕੇਵਲ 13 ਸੀਟਾਂ ਹਨ। ਇਨ੍ਹਾਂ ਉੱਤੇ ਮੁੱਖ ਮੁਕਾਬਲਾ ਕਾਂਗਰਸ ਅਤੇ ਆਮ ਆਦਮੀ ਪਾਰਟੀ ਵਿੱਚ ਰਹਿਣ ਦੀ ਸੰਭਾਵਨਾ ਹੈ। ਜਿੱਤ ਦੋਹਾਂ ਵਿੱਚੋਂ ਕਿਸੇ ਦੀ ਵੀ ਝੋਲੀ ਪਵੇ, ਪਰ ਸੀਟਾਂ ਤਾਂ ਇੰਡੀਆ ਗੱਠਜੋੜ ਦੇ ਖਾਤੇ ਵਿੱਚ ਹੀ ਜੁੜਨਗੀਆਂ। ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਇਕੱਠੇ ਨਹੀਂ ਹੁੰਦੇ ਤਾਂ ਰਲ ਕੇ ਪੁਰਾਣੀਆਂ ਸੀਟਾਂ ਹੀ ਬਚਾ ਲੈਣ, ਇਹ ਗਨੀਮਤ ਹੋਵੇਗੀ। ਕਾਂਗਰਸ ਅਤੇ ਆਮ ਆਦਮੀ ਪਾਰਟੀ ਦਾ ਅਗਲੇ ਦਿਨਾਂ ਦੌਰਾਨ ਦੂਜੀਆਂ ਵਿਰੋਧੀ ਧਿਰਾਂ ਨਾਲ ਚੋਣ ਸਮਝੌਤਾ ਹੋ ਜਾਂਦਾ ਹੈ ਤਾਂ ਇੰਡੀਆ ਗੱਠਜੋੜ ਭਾਜਪਾ ਲਈ ਤਕੜੀ ਚੁਣੌਤੀ ਦੇ ਸਕਦਾ ਹੈ।

ਇਸ ਗੱਲ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਇੰਡੀਆ ਗੱਠਜੋੜ ਦਾ ਗਠਨ ਦੇਰੀ ਨਾਲ ਸ਼ੁਰੂ ਹੋਇਆ ਸੀ ਅਤੇ ਹੁਣ ਚੋਣ ਸਮਝੌਤੇ ਕਰਨ ਵਿੱਚ ਵੀ ਕਾਫੀ ਹੱਦ ਤੱਕ ਪਛੜ ਗਿਆ ਲੱਗਦਾ ਹੈ। ਇੰਡੀਆ ਗੱਠਜੋੜ ਲਈ ਮੁਹਿੰਮ ਦੋ ਸਾਲ ਪਹਿਲਾਂ ਛੇੜਨੀ ਚਾਹੀਦੀ ਸੀ। ਦੁੱਖ ਇਹ ਹੈ ਕਿ ਜੇ ਹੁਣ ਇੰਡੀਆ ਗੱਠਜੋੜ ਹੋਂਦ ਵਿੱਚ ਆਇਆ ਹੈ, ਤਦ ਵੀ ਕਈ ਸਿਆਸੀ ਲੀਡਰਾਂ ਦੀ ਹਉਮੈ ਇੱਕ ਦੂਜੇ ਦੇ ਨੇੜੇ ਨਹੀਂ ਹੋਣ ਦੇ ਰਹੀ ਹੈ। ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਵਿੱਚ ਕੋਈ ਵੀ ਵੱਡੇ ਤੋਂ ਵੱਡਾ ਨੇਤਾ ਸਿਰ ਚੁੱਕਣ ਦੀ ਹਿੰਮਤ ਨਹੀਂ ਰੱਖਦਾ। ਭਾਜਪਾ ਦਾ ਇਹ ਇੱਕ ਮੁਢਲਾ ਮੰਤਰ ਹੈ। ਕੁਝ ਵੀ ਹੋਵੇ ਬਦਲਾਅ ਮਨੁੱਖ ਦੀ ਜਰੂਰਤ ਹੈ। ਚਾਹੇ ਸਾਰੇ ਸਿਆਸੀ ਨੇਤਾ ਇੱਕੋ ਥਾਲੀ ਦੇ ਚੱਟੇ ਵੱਟੇ ਹੋਣ, ਪਰ ਫਿਰ ਵੀ ਇਨ੍ਹਾਂ ਨੂੰ ਆਪਣੀ ਔਕਾਤ ਦਿਖਾਉਣ ਦੀ ਕੁੰਜੀ ਵੋਟਰਾਂ ਦੇ ਹੱਥ ਹੈ।

FOR SINGH LLC
COMMERCIAL PARKING
Grand Opening Special 20% Off First 3 Months
Daily / Weekly / Monthly
(630) 984-9401
1940 Wiesbrook Drive Oswego, IL 60543

## ਸਿਆਸੀ ਪਾਰਟੀਆਂ ਦਾ ਕਿਸਾਨਾਂ ਨਾਲ ਤੇਹ ਉਪਰਲੇ ਮਨੋਂ

ਪੰਜਾਬ ਦਾ ਕਿਸਾਨ ਅੰਨਦਾਤਾ ਹੈ। ਪੂਰੇ ਦੇਸ਼ ਦਾ ਢਿੱਡ ਭਰਦਾ ਹੈ। ਮੁਲਕ ਵਿੱਚ ਹਰੀ ਕ੍ਰਾਂਤੀ ਲਿਆਉਣ ਦਾ ਸਿਹਰਾ ਪੰਜਾਬ ਦੇ ਕਿਸਾਨ ਸਿਰ ਵੱਜਦਾ ਹੈ। ਪੰਜਾਬ ਦੇ ਕਿਸਾਨ ਨੇ ਚਿੱਟੀ ਕ੍ਰਾਂਤੀ ਵੱਲ ਨੂੰ ਪੁਲਾਂਗ ਭਰੀ ਤਾਂ ਦੁੱਧ ਦੀਆਂ ਨਦੀਆਂ ਵਹਾਅ ਦਿੱਤੀਆਂ, ਪਰ ਕਿਸਾਨ ਦੀ ਹਾਲਤ ਇਨ੍ਹਾਂ ਅਲੰਕਾਰਾਂ ਦੇ ਤੁਲ ਨਹੀਂ ਹੈ। ਜੇ ਇਹ ਸੱਚ ਹੁੰਦਾ ਤਾਂ ਨਾ ਤਾਂ ਅੱਜ ਮੁਲਕ ਦਾ ਹਾਕਮ ਕਿਸਾਨਾਂ ਉੱਤੇ ਜਲ ਤੋਪਾਂ ਤੇ ਅੱਥਰੂ ਗੈਸ ਦੇ ਗੋਲੇ ਛੱਡਦਾ ਅਤੇ ਨਾ ਹੀ ਵਿਰੋਧੀ ਨਾਗਰਿਕ ਪਾਰਟੀਆਂ ਉਸ ਨੂੰ ਉਹਦੇ ਹਾਲਾਤ ‘ਤੇ ਛੱਡਦੀਆਂ। ਕਿਸਾਨਾਂ ਦੀਆਂ ਵੋਟਾਂ ਵੱਲ ਝਾਕ ਹਾਕਮ ਵੀ ਰੱਖੇਗਾ ਅਤੇ ਵਿਰੋਧੀ ਧਿਰਾਂ ਵੀ। ਹੁਣ ਕਿਸਾਨਾਂ ਦੀ ਬਾਂਹ ਫੜਨ ਲਈ ਕੋਈ ਵੀ ਵਿਰੋਧੀ ਧਿਰ ਅੱਗੇ ਨਹੀਂ ਆਈ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਪਾਸੇ ਵੱਲ ਪਹਿਲ ਕਰ ਗਏ। ਉਨ੍ਹਾਂ ਨੇ ਘੱਟੋ ਘੱਟ ਮੁਲਕ ਦੇ ਪ੍ਰਧਾਨ ਮੰਤਰੀ ਕੋਲ ਜਾ ਕੇ ਕਿਸਾਨਾਂ ਦੇ ਹੱਕ ਵਿੱਚ ਹਾਅ ਦਾ ਨਾਰਾ ਤਾਂ ਮਾਰਿਆ ਹੈ। ਪ੍ਰਧਾਨ ਮੰਤਰੀ ਦਾ ਦਿਲ ਪਸੀਜੇ ਜਾਂ ਨਾ ਉਹ ਪਿਘਲੇ ਜਾਂ ਨਾ, ਇਹ ਵੱਖਰੀ ਗੱਲ ਹੈ! ਦੂਜੇ ਸਿਆਸੀ ਪਾਰਟੀਆਂ ਲਈ ਉਹ ਰਾਹ ਦਸੇਰਾ ਜਰੂਰ ਬਣੇ ਹਨ। ਹਾਲੇ ਵੀ ਡੁੱਲੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਜੇ ਉਹ ਮੌਕਾ ਸੰਭਾਲ ਲੈਣ ਤਾਂ ਪ੍ਰਧਾਨ ਮੰਤਰੀ ਦੀ ਕੀ ਮਜਾਲ ਕਿ ਉਹ ਕਿਸਾਨਾਂ ਨੂੰ ਸ਼ੱਰੇਆਮ ਝੰਬ ਜਾਣ!



ਦੁੱਖ ਤਾਂ ਇਹ ਵੀ ਸਤਾਅ ਰਿਹਾ ਹੈ ਕਿ ਇਸ ਵਾਰ ਲੇਖਕਾਂ, ਬੁੱਧੀਜੀਵੀਆਂ ਤੇ ਸਾਹਿਤਕ ਸਭਾਵਾਂ ਨੇ ਵੀ ਡਟਵੇਂ ਬਿਆਨ ਨਹੀਂ ਦਿੱਤੇ ਹਨ। ਪੰਜਾਬੀ ਗਾਇਕਾਂ ਵਿੱਚੋਂ ਇੱਕ ਅੱਧ ਨੂੰ ਛੱਡ ਕੇ ਬਾਕੀ ਖੌਰੇ ਕਾਹਦੀ ਉਡੀਕ ਵਿੱਚ ਹਨ। ਸ਼ੰਭੂ ਬਾਰਡਰ ‘ਤੇ ਲੜਾਈ ਜਾਰੀ ਹੈ। ਬਾਵਜੂਦ ਇਸ ਦੇ ਪਿਛਲੀ ਵਾਰ ਜਿੰਨਾ ਜੋਸ਼ੀਲਾ ਸਾਹਿਤ ਨਹੀਂ ਰਚਿਆ ਜਾ ਰਿਹਾ, ਪਰ ਕਿਸਾਨ ਅਡੋਲ ਖੜਾ ਹੈ। ਕਿਸਾਨ ਅਤੇ ਨੌਜਵਾਨ ਆਪਣੀ ਜਾਨ ਵਾਰਨ ਲਈ ਇੱਕ ਦੂਜੇ ਤੋਂ ਮੂਹਰੇ ਨਿਕਲ ਰਹੇ ਹਨ। ਹੋਰ ਨਾ ਸਹੀ ਪੰਜਾਬ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਸੁਨੀਲ ਜਾਖੜ ਤਾਂ ਪ੍ਰਧਾਨ ਮੰਤਰੀ ਕੋਲ ਕਿਸਾਨਾਂ ਦੇ ਹੱਕ ਵਿੱਚ ਜਾ ਕੇ ਰੋਣਾ ਰੋਅ ਸਕਦੇ ਸਨ। ਨਾਲੇ ਉਨ੍ਹਾਂ ਦਾ ਪਿਛੋਕੜ ਕਿਸਾਨੀ ਹੈ।

ਪੰਜਾਬ ਹੀ ਨਹੀਂ, ਮੁਲਕ ਦੀਆਂ ਵਿਰੋਧੀ ਰਾਜਨੀਤਿਕ ਪਾਰਟੀਆਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕਿਸਾਨ ਮੁੱਦੇ ਉੱਤੇ ਸਰਕਾਰਾਂ ਤੇ ਸਰਬ ਪਾਰਟੀ ਮੀਟਿੰਗ ਬੁਲਾਉਣ ਲਈ ਦਬਾਅ ਪਾਉਣ। ਵੱਖ-ਵੱਖ ਸਿਆਸੀ ਪਾਰਟੀਆਂ ਦੇ ਵਫਦ ਵੀ ਪ੍ਰਧਾਨ ਮੰਤਰੀ ਨੂੰ ਮਿਲ ਕੇ ਕਿਸਾਨਾਂ ਉੱਤੇ ਰਲ ਕੇ ਮਸਲਾ ਕੱਢਣ ਦਾ ਸੁਝਾਅ ਰੱਖ ਸਕਦੇ ਸਨ। ਭਾਰਤ ਵਿੱਚ ਸਰਕਾਰ ਨਾ ਹਮੇਸ਼ਾ ਇੱਕ ਪਾਰਟੀ ਦੀ ਰਹਿਣੀ ਹੈ ਅਤੇ ਨਾ ਹੀ ਕਿਸਾਨਾਂ ਦਾ ਸੰਘਰਸ਼ ਕਿਸੇ ਇੱਕ ਪਾਰਟੀ ਦੇ ਖਿਲਾਫ ਹੈ। ਉਹ ਤਾਂ ਆਪਣਾ ਹੱਕ ਮੰਗਦੇ ਹਨ। ਉਹ ਹੱਕ ਜਿਹੜਾ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 19 ਨਵੰਬਰ 2021 ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਵੇਲੇ ਦੇਣ ਦਾ ਐਲਾਨ ਕੀਤਾ ਸੀ। ਫਸਲਾਂ ਦੇ ਘੱਟੋ ਘੱਟ ਸਮਰਥਨ ਮੁੱਲ ਨੂੰ ਲੈ ਕੇ ਇੱਕ ਕਮੇਟੀ ਬਣਾਉਣ ਦਾ ਵਾਅਦਾ ਕੀਤਾ ਗਿਆ ਸੀ, ਪਰ ਹਾਕਮ ਨੇ ਕਮੇਟੀ ਵਿੱਚ ਉਹ ਮੈਂਬਰ ਸ਼ਾਮਿਲ ਕਰ ਲਏ, ਜਿਨਾਂ ਬਾਰੇ ਕਿਸਾਨਾਂ ਨੇ ਪਹਿਲਾਂ ਹੀ ਇਤਰਾਜ਼ ਜਤਾਇਆ ਸੀ। ਫਿਰ ਕਿਸਾਨਾਂ ਨੇ ਰੋਸ ਵਜੋਂ ਇਸ ਕਮੇਟੀ ਵਿੱਚ ਸ਼ਮੂਲੀਅਤ ਨਹੀਂ ਕੀਤੀ। ਸਰਕਾਰ ਇੱਕ ਵਾਰ ਨਹੀਂ, ਦੋ ਵਾਰ ਉੱਕੀ ਹੈ। ਪਹਿਲਾ ਤਾਂ ਇਹ ਕੇ ਪੰਜ ਮੰਗਾਂ ਉੱਤੇ ਵਿਚਾਰ ਕਰਨ ਲਈ ਜਾਂ ਇਨ੍ਹਾਂ ਨੂੰ ਲਾਗੂ ਕਰਨ ਲਈ ਦੋ ਸਾਲ ਤੋਂ ਵੱਧ ਲਟਕਾਇਆ ਗਿਆ ਅਤੇ ਜੇ ਕਮੇਟੀ ਬਣਾਈ ਹੀ ਗਈ ਤਾਂ ਉਸ ਵਿੱਚ ਵੀ ਕਾਣ ਲਈ ਗਈ ਸੀ।

ਹੈਰਾਨੀ ਦੀ ਗੱਲ ਇਹ ਕਿ ਕਿਸੇ ਵੀ ਸਿਆਸੀ ਪਾਰਟੀ ਨੇ ਜੇ ਮੁਲਕ ਦੇ ਹਾਕਮ ਦਾ ਬੂਹਾ ਖੜਕਾਉਣ ਦਾ ਹੀ ਨਹੀਂ ਕੀਤਾ ਤਾਂ ਘੱਟੋ ਘੱਟ ਅਦਾਲਤ ਦਾ ਸਹਾਰਾ ਤਾ ਲਿਆ ਜਾ ਸਕਦਾ ਸੀ। ਅਦਾਲਤ ਵਿੱਚ ਵੀ ਹਰਿਆਣਾ ਸਰਕਾਰ ਦੀਆਂ ਵਧੀਕੀਆਂ ਨੂੰ ਰੋਕਣ ਲਈ ਕੁਝ ਵਕੀਲਾਂ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਬੂਹਾ ਖੜਕਾਇਆ ਹੈ। ਹਾਈ ਕੋਰਟ ਦੇ ਤਾਜ਼ਾ ਫੈਸਲੇ ਨੇ ਕਈਆਂ ਨੂੰ ਹੈਰਾਨੀ ਵਿੱਚ ਪਾ ਦਿੱਤਾ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਕਿਸਾਨ ਮੋਟਰਸਾਈਕਲ ਜਾਂ ਬੱਸਾਂ ਰਾਹੀਂ ਹਰਿਆਣਾ ਵਿੱਚ ਦੀ ਲੰਘ ਸਕਦੇ ਹਨ, ਟਰੈਕਟਰ ਤੇ ਟਰਾਲੀਆਂ ਲਿਜਾਣ ਦੀ ਪਾਬੰਦੀ ਹੈ। ਜੇ ਟਰੈਕਟਰ ਲੈਜਾਣੇ ਹੀ ਹਨ ਤਾਂ ਇਹ ਟਰੱਕਾਂ ਵਿੱਚ ਲੱਦ ਕੇ ਲੈਜਾਏ ਜਾਣ। ਅਦਾਲਤ ਰਾਹੀਂ ਰੋਡ ਟਰਾਂਸਪੋਰਟ ਸੇਫਟੀ ਦੀ ਇੱਕ ਧਾਰਾ ਦਾ ਹਵਾਲਾ ਦਿੱਤਾ ਗਿਆ ਹੈ। ਆਮ ਲੋਕਾਂ ਦੇ ਮਨਾਂ ਵਿੱਚ ਇਹ ਖਿਆਲ ਆ ਰਿਹਾ ਕਿ ਜੇ ਟਰੈਕਟਰ-ਟਰਾਲੀਆਂ ਹਾਈਵੇ ‘ਤੇ ਚੜ੍ਹਾਉਣੀਆਂ ਮਨ੍ਹਾਂ ਹਨ ਤਾਂ ਹੁਣ ਤੱਕ ਪੰਜਾਬ ਦੇ ਕੋਨੇ ਕੋਨੇ ਵਿੱਚੋਂ ਬਾਰਡਰ ‘ਤੇ ਪੁੱਜੀਆਂ ਟਰਾਲੀਆਂ ਦੇ ਰਾਹ ਵਿੱਚ ਚਲਾਨ ਕਿਉਂ ਨਹੀਂ ਕੀਤੇ ਗਏ। ਨਾਲ ਹੀ ਸਵਾਲ ਇਹ ਖੜਾ ਹੁੰਦਾ ਹੈ ਕਿ ਹਾਈਵੇਜ਼ ਉੱਤੇ ਬੈਰੀਕੇਡ ਲਾਉਣ ਦੀ ਆਗਿਆ ਕਿਹੜਾ ਕਾਨੂੰਨ ਦਿੰਦਾ ਹੈ? ਇਸ ਬਾਰੇ ਵੀ ਹਾਈਕੋਰਟ ਨੂੰ ਸਪਸ਼ਟ ਕਰ ਦੇਣਾ ਚਾਹੀਦਾ ਸੀ। ਹਰਿਆਣਾ ਅਤੇ ਕੇਂਦਰ ਸਰਕਾਰ ਦੀਆਂ ਵਧੀਕੀਆਂ ਨੂੰ ਲੈ ਕੇ ਕਿਸਾਨਾਂ ਹੀ ਨਹੀਂ, ਆਮ ਲੋਕਾਂ ਦੇ ਦਿਲਾਂ ਵਿੱਚ ਵੀ ਰੋਸ ਹੈ ਅਤੇ ਉਹ ਗੁੱਸੇ ਨਾਲ ਅੰਦਰੋਂ ਅੰਦਰੀ ਭਰੇ ਪੀਤੇ ਹੋਏ ਹਨ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕੇਂਦਰ ਸਰਕਾਰ ਅਤੇ ਕਿਸਾਨਾਂ ਦਰਮਿਆਨ ਹੋਈਆਂ ਮੀਟਿੰਗਾਂ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਬਾਵਜੂਦ ਇਹਦੇ ਕੋਈ ਗੱਲ ਸਿਰੇ ਨਹੀਂ ਚੜ੍ਹ ਸਕੀ ਹੈ। ਕੇਂਦਰ ਸਰਕਾਰ ਵੱਲੋਂ ਕਿਸਾਨਾਂ ਮੂਹਰੇ ਚੌਥੀ ਮੀਟਿੰਗ ਵਿੱਚ ਰੱਖੇ ਪ੍ਰਸਤਾਵ ਨੂੰ ਮੂਲੋਂ ਰੱਦ ਕਰ ਦਿੱਤਾ ਗਿਆ ਹੈ, ਕਿਉਂਕਿ ਉਹ ਇਸ ਵਿੱਚ ਵੀ ਹਾਕਮ ਦੀ ਚਲਾਕੀ ਦੇਖਦੇ ਹਨ। ਇਸੇ ਦੌਰਾਨ ਇੱਕ ਰਾਹਤ ਦੀ ਖਬਰ ਮਿਲੀ ਹੈ, ਉਹ ਇਹ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਅਗਲੇ ਗੇੜ ਦੀ ਮੀਟਿੰਗ ਲਈ ਸੱਦਾ ਦੇ ਦਿੱਤਾ ਹੈ। ਇੱਥੇ ਕਿਸਾਨ ਲੀਡਰ ਸਤਨਾਮ ਸਿੰਘ ਪੰਧੇਰ ਦੀ ਇੱਕ ਇੰਟਰਵਿਊ ਦਾ ਜ਼ਿਕਰ ਕਰਨਾ ਵਾਜਬ ਰਹੇਗਾ, ਜਿਸ ਵਿੱਚ ਉਹ ਕਹਿੰਦੇ ਹਨ ਕਿ ਨਿਪਟਾਰਾ ਤਾਂ ਗੱਲਬਾਤ ਰਾਹੀਂ ਹੀ ਹੋਣਾ ਹੈ, ਚਾਹੇ ਕਿਸਾਨਾਂ ਦੀ ਗੱਲ ਸ਼ੰਭੂ ਬਾਰਡਰ ‘ਤੇ ਬਹਿ ਕੇ ਸੁਣ ਲਈ ਜਾਵੇ ਜਾਂ ਫਿਰ ਦਿੱਲੀ ਦੀਆਂ ਬਰੂਹਾਂ ਤੋਂ। ਦੁੱਖ ਤਾਂ ਉਦੋਂ ਵੀ ਹੋਰ ਹੋਇਆ ਜਦੋਂ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਗੋਲੀ ਨਾਲ ਹੋਈ ਮੌਤ ਤੋਂ ਬਾਅਦ ਵੀ ਸਿਆਸੀ ਪਾਰਟੀਆਂ ਸੜਕਾਂ ‘ਤੇ ਨਹੀਂ ਉਤਰੀਆਂ। ਲੋੜ ਤਾਂ ਕਿਸੇ ਵੇਲੇ ਸਰਕਾਰ ਦੇ ਗਲ ਵਿੱਚ ਅੰਗੂਠਾ ਦੇਣ ਦੀ ਸੀ, ਪਰ ਕਿਸਾਨ ਕਿਸੇ ਸਿਆਸੀ ਲੀਡਰ ਜਾਂ ਪਾਰਟੀ ਦੇ ਮੁਥਾਜ ਨਹੀਂ ਲੱਗਦੇ ਹਨ। ਉਨ੍ਹਾਂ ਨੇ ਆਪਣੇ ਦਮ ‘ਤੇ ਸਰਕਾਰ ਨੂੰ ਘੇਰਾ ਪਾ ਲਿਆ ਹੈ। ਉਹ ਹਾਈਵੇ ‘ਤੇ ਟਰੈਕਟਰ ਚੜ੍ਹਾਉਣ ਸਮੇਤ ਦਿੱਲੀ ਜਾ ਕੇ ਗਰਜਣ ਦਾ ਐਲਾਨ ਕਰ ਚੁੱਕੇ ਹਨ। ਪ੍ਰਦਰਸ਼ਨਕਾਰੀ ਕਿਸਾਨਾਂ ਦੇ ਸਿਰ ਪਈ ਭੀੜ ਨੇ ਸਾਰੀਆਂ ਧਿਰਾਂ ਨੂੰ ਇੱਕ ਮੇਜ ‘ਤੇ ਲਿਆ ਬਿਠਾ ਦਿੱਤਾ ਹੈ।

ਇੱਕ ਗੱਲ ਹੋਰ, ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਅਤੇ ਕਿਸਾਨਾਂ ਦੀ ਕਰਜਾ ਮੁਆਫੀ ਦਾ ਮਸਲਾ ਸਿਰਫ ਭਾਰਤੀ ਜਨਤਾ ਪਾਰਟੀ ਨਾਲ ਨਹੀਂ ਜੁੜਿਆ ਹੋਇਆ, ਸਗੋਂ ਇਸ ਦਾ ਸਬੰਧ ਤਾਂ ਕੇਂਦਰ ਦੀ ਸਰਕਾਰ ਨਾਲ ਹੈ। ਭਾਰਤੀ ਜਨਤਾ ਪਾਰਟੀ ਇਸ ਨੂੰ ਆਪਣੇ ਵੱਕਾਰ ਦਾ ਸਵਾਲ ਬਣਾਈ ਬੈਠੀ ਹੈ। ਇਹ ਵੀ ਤਾਂ ਹੋ ਸਕਦਾ ਕਿ ਕਿਸਾਨਾਂ ਨੂੰ ਘੱਟੋ ਘੱਟ ਸਮਰਥਨ ਮੁੱਲ ਦੇਣ ਸਮੇਤ ਦੂਜੀਆਂ ਮੰਗਾਂ ਮੰਨਣ ਦਾ ਸੁਭਾਗ ਭਾਰਤੀ ਜਨਤਾ ਪਾਰਟੀ ਦੇ ਖਾਤੇ ਵਿੱਚ ਪੈ ਜਾਵੇ, ਪਰ ਇਸ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਇੰਡੀਆ ਗੱਠਜੋੜ ਦੇ ਮੋਢਿਆਂ ‘ਤੇ ਪੈ ਜਾਵੇ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ਾਇਦ ਇਹ ਪੱਥਰ ‘ਤੇ ਲਕੀਰ ਮੰਨੀ ਬੈਠੇ ਹਨ ਕਿ ਅਗਲੀ ਸਰਕਾਰ ਉਨ੍ਹਾਂ ਦੀ ਪਾਰਟੀ ਦੀ ਹੀ ਆਵੇਗੀ। ਉਨ੍ਹਾਂ ਦਾ ਇਹ ਭੁਲੇਖਾ ਘੱਟੋ ਘੱਟ ਚੰਡੀਗੜ੍ਹ ਦੇ ਮੇਅਰ ਦੀ ਚੋਣ ਵਿੱਚ ਨਿਆਂਪਾਲਿਕਾ ਨੇ ਸਿਆਸਤ ਦੀ ਲਾਈ ਪਿੱਠ ਤੋਂ ਬਾਅਦ ਨਿਕਲ ਜਾਣਾ ਚਾਹੀਦਾ ਸੀ।

# ਘਰ ਉਹ ਹੈ ਜਿੱਥੇ ਹਾਰਮੋਨੀਅਮ ਹੈ

**ਜਿਉਂ ਜਿਉਂ ਜ਼ਿੰਦਗੀ ਦੇ ਪੜਾਅ ਬਦਲਦੇ ਰਹਿੰਦੇ ਹਨ, ਤਿਉਂ ਤਿਉਂ ਮੁੱਠੀ ਦੀ ਰੇਤ ਵਾਂਗ ਬੜਾ ਕੁਝ ਛੁਟਦਾ ਜਾਂਦਾ ਹੈ ਅਤੇ ਨਵਾਂ ਦਾਇਰਾ ਸਾਨੂੰ ਕਲਾਵੇ ਵਿੱਚ ਲੈਣ ਲਈ ਸਾਡੇ ਸਾਹਮਣੇ ਆ ਖੜ੍ਹਾ ਹੁੰਦਾ ਰਹਿੰਦਾ ਹੈ। ਜਦੋਂ ਅਸੀਂ ਵਸਤਾਂ/ਚੀਜ਼ਾਂ ਨਾਲ ਭਾਵਨਾਤਮਕ ਤੌਰ 'ਤੇ ਜੁੜ ਜਾਂਦੇ ਹਾਂ, ਤਾਂ ਨਿਰਸੰਦੇਹ ਉਸ ਤੋਂ ਵਿਛੜ ਕੇ ਵੀ ਉਸ ਪ੍ਰਤੀ ਤਾਂਘ ਸਾਡੇ ਚੇਤ-ਅਚੇਤ ਮਨ ਵਿੱਚ ਸਾਹ ਭਰਦੀ ਰਹਿੰਦੀ ਹੈ; ਕਿਉਂਕਿ ਕਿਸੇ ਸ਼ੈਅ ਨਾਲ ਮੋਹ ਪੈਣ ਜਾਣ ਦੀ ਕੋਈ ਪਰਿਭਾਸ਼ਾ ਨਹੀਂ ਹੁੰਦੀ, ਤੇ ਨਾ ਹੀ ਇਸ ਦਾ ਕੋਈ ਹੱਦ-ਬੰਨਾ! ਅਜਿਹੇ ਅਹਿਸਾਸਾਂ ਨੂੰ ਹੀ ਬਿਆਨ ਕਰਦਾ ਹੈ ਇਹ ਦਿਲਚਸਪ ਲੇਖ...**

**ਸੁਖਮਨੀ ਕੌਰ ਬਜਾਜ**

ਪੰਛੀਆਂ ਦੀਆਂ ਕੁਝ ਕਿਸਮਾਂ ਜਦੋਂ ਵੀ ਇਹ ਮਹਿਸੂਸ ਕਰਦੀਆਂ ਹਨ ਕਿ ਉਨ੍ਹਾਂ ਦੇ ਘਰ ਨੂੰ ਖ਼ਤਰਾ ਹੈ, ਚਾਹੇ ਤੂਫ਼ਾਨ ਦੇ ਹਮਲੇ ਰਾਹੀਂ ਹੋਵੇ ਜੋ ਉਨ੍ਹਾਂ ਦੀਆਂ ਸੰਘਣੀਆਂ ਝਾੜੀਆਂ ਨੂੰ ਧੱਕਾ/ਹਲੂਣਾ ਦੇਵੇ, ਉਹ ਆਪਣੀਆਂ ਜੜ੍ਹਾਂ ਵਿੱਚ ਪਨਾਹ ਲੈਣ ਲਈ ਹੇਠਾਂ ਆਪਣੇ ਪਿਆਰੇ ਰੁੱਖ ਵਿੱਚ ਭੱਜ ਜਾਂਦੇ ਹਨ। ਮੈਂ ਕਹਾਂਗੀ ਕਿ ਸਮਾਨ ਜਾਨਵਰ, ਹਾਲਾਂਕਿ ਇਸ ਵਰਗੀਕਰਨ ਵਿੱਚ ਆਮ ਤੌਰ 'ਤੇ ਸ਼ਾਮਲ ਨਹੀਂ ਕੀਤੇ ਗਏ, ਮਨੁੱਖ ਹਨ।

ਜਦੋਂ ਕਿ ਅਸੀਂ ਸ਼ਾਬਦਿਕ ਤੌਰ 'ਤੇ ਆਪਣੇ ਆਪ ਨੂੰ ਆਪਣੀਆਂ ਕੰਧਾਂ ਦੇ ਕੰਕਰੀਟ ਵਿੱਚ ਦੱਬਦੇ ਨਹੀਂ ਹਾਂ, ਕੀ ਅਸੀਂ ਤਬਦੀਲੀ ਦੇ ਪਹਿਲੇ ਸੰਕੇਤ ਉਤੇ 'ਘਰ' ਦੇ ਦਿਲਾਸੇ ਨਾਲ ਆਪਣੇ ਦਿਲਾਂ ਨੂੰ ਪੱਟੀ ਕਰਨ ਲਈ ਨਹੀਂ ਤਰਸਦੇ? ਅਲੰਕਾਰਿਕ 'ਘਰ' ਜਿਸਦਾ ਮੈਂ ਹਵਾਲਾ ਦਿੰਦੀ ਹਾਂ, ਉਹ ਇੱਟ ਜਾਂ ਮਿੱਟੀ ਤੋਂ ਬਣਿਆ ਨਹੀਂ ਹੈ, ਸਗੋਂ ਇਸ ਦੀ ਬਜਾਏ ਇਹ ਉਸ ਅਹਿਸਾਸ ਦੀ ਤਾਂਘ ਹੈ, ਜੋ ਅਸੀਂ ਕਦੇ ਆਪਣੇ ਅਤੇ ਸਾਡੇ ਦਿਲਾਂ ਦੇ ਟੁਕੜਿਆਂ ਨੂੰ ਸੰਭਾਲਦੇ ਤੇ ਪਾਲਦੇ ਸੀ; ਸਾਡੀਆਂ ਜੜ੍ਹਾਂ, ਜਿਸ ਤੋਂ ਬਾਕੀ ਸਭ ਕੁਝ ਪੈਦਾ ਹੁੰਦਾ ਹੈ।

ਇਹ ਭਾਵਨਾ ਹੈ ਜੋ ਸਾਨੂੰ ਉਸੇ ਕਿਤਾਬ ਨੂੰ 15ਵੀਂ ਵਾਰ ਦੁਬਾਰਾ ਪੜ੍ਹਨ ਲਈ, ਅੱਧੀ ਰਾਤ ਨੂੰ ਕਿਸੇ ਅਜਿਹੇ ਵਿਅਕਤੀ ਜਿਸ ਨੂੰ ਅਸੀਂ ਪਿਆਰ ਕਰਦੇ ਹਾਂ, ਨੂੰ ਬੁਲਾਉਣ ਲਈ ਪ੍ਰੇਰਿਤ ਕਰਦੀ ਹੈ ਤਾਂ ਜੋ ਅਸੀਂ ਉਨ੍ਹਾਂ ਦੀ ਆਵਾਜ਼ ਸੁਣ ਸਕੀਏ। ਅਸੀਂ ਉਨ੍ਹਾਂ ਗੀਤਾਂ ਨੂੰ ਦੁਬਾਰਾ ਕਿਉਂ ਚਲਾਉਣਾ ਚਾਹੁੰਦੇ ਹਾਂ, ਜੋ ਅਸੀਂ ਬਹੁਤ ਸਮਾਂ ਪਹਿਲਾਂ ਸੁਣੇ ਸਨ ਸਿਰਫ ਇੱਕ ਪਲ ਲਈ, ਕਿਸੇ ਹੋਰ ਸਮੇਂ ਵਿੱਚ ਟੈਲੀਪੋਰਟ ਹੋ ਜਾਈਏ। ਇਹ ਉਹ ਅਹਿਸਾਸ ਹੈ, ਜੋ ਇੱਕ ਸ਼ੈੱਫ ਨੂੰ ਆਪਣੀ ਦਾਦੀ ਦੇ ਪਰਿਵਾਰਕ ਪਕਵਾਨ ਤਿਆਰ ਕਰਨਾ ਜਾਰੀ ਰੱਖਦਾ ਹੈ, ਭਾਵੇਂ ਇਸ ਦੇ ਗਾਹਕ ਜਾਂ ਇਸ ਪਕਵਾਨ ਨੂੰ ਖਾਣ ਵਾਲੇ ਬਹੁਤ ਘੱਟ ਹੋਣ ਪਰ ਭਾਵਨਾਤਮਕ ਤੌਰ 'ਤੇ ਇਸ ਦੀ ਕੀਮਤ ਬਹੁਤ ਜ਼ਿਆਦਾ ਹੈ। ਇਹ 18ਵੀਂ ਸਦੀ ਦੇ ਰੋਮਾਂਟਿਕਾਂ ਨੂੰ ਜੀਵਨ ਦੇ ਇੱਕ ਨਵੇਂ ਤਰੀਕੇ ਦੇ ਉਥਲ-ਪੁਥਲ ਦੇ ਵਿਚਕਾਰ, ਤਰਾਸ਼ਣ ਲਈ ਅਗਵਾਈ ਕਰਦਾ ਹੈ।

ਮੇਰੇ ਅਤੇ ਹੋਰ ਬਹੁਤ ਸਾਰੇ ਲੋਕਾਂ ਲਈ ਇਹ 'ਘਰ' ਸਿਰਫ ਅੰਸ਼ਕ ਰੂਪ ਵਿੱਚ ਅਲੰਕਾਰਕ ਹੈ। ਕਈ ਗਰਮੀਆਂ ਪਹਿਲਾਂ ਮੇਰੇ ਛੇਵੇਂ ਜਨਮ ਦਿਨ ਤੋਂ ਦੋ ਦਿਨ ਪਹਿਲਾਂ ਮੇਰੀ ਮੰਮੀ, ਮੇਰੇ ਡੈਡੀ ਅਤੇ ਮੈਂ ਬਹੁਤ ਹੀ ਝਿਜਕਦੇ ਹੋਏ ਸੈਨ ਡਿਏਗੋ (ਕੈਲੀਫੋਰਨੀਆ) ਵਿੱਚ ਇੱਕ ਨਵੇਂ ਘਰ ਵਿੱਚ ਜਾਣ ਲਈ ਫੌਕਸ ਰਿਵਰ ਗਰੋਵ (ਇਲੀਨਾਏ) ਵਿੱਚ ਸਾਡੇ ਘਰ ਨੂੰ ਅਲਵਿਦਾ ਕਹਿ ਦਿੱਤਾ। ਦੰਤਕਥਾ ਹੈ ਕਿ ਮੇਰੇ ਡੈਡੀ ਨੇ ਦੁੱਧ ਖਰੀਦਣ ਲਈ



ਬਾਹਰ ਜਾਂਦੇ ਸਮੇਂ ਆਪਣੇ ਰੀਐਲਟਰ ਨਾਲ ਇੱਕ ਕਾਲ ਦੌਰਾਨ ਇੱਕ ਇੱਛਾ ਨਾਲ ਘਰ ਖਰੀਦਿਆ ਸੀ। ਮੇਰੇ ਡੈਡੀ ਦੀ ਨਵੀਂ ਨੌਕਰੀ ਸੀ, ਸੋ ਅਸੀਂ ਦੋ ਮਹੀਨਿਆਂ ਦੇ ਅੰਦਰ ਸ਼ਿਕਾਗੋ ਦੇ ਮੌਸਮ ਨੂੰ ਅਲਵਿਦਾ ਆਖ ਸੈਨ ਡਿਏਗੋ ਦੇ ਮੌਸਮ ਵਿੱਚ ਢਲ਼ ਜਾਣ ਲਈ ਚਲੇ ਗਏ ਸੀ। ਅਸੀਂ ਉੱਥੇ ਸੱਤ ਸਾਲ ਰਹੇ।

ਕਿਸਮਤ ਦੇ ਇੱਕ ਹੈਰਾਨਕੁਨ ਸਮਰੂਪ ਖੇਡ ਵਿੱਚ ਸਾਲਾਂ ਬਾਅਦ ਮੇਰੀ ਮੰਮੀ, ਮੇਰੇ ਡੈਡੀ ਅਤੇ ਅਜੇ ਵੀ ਝਿਜਕਦਿਆਂ ਮੈਂ ਮੇਰੇ ਤੇਰ੍ਹਵੇਂ ਜਨਮ ਦਿਨ ਤੋਂ ਦੋ ਦਿਨ ਬਾਅਦ ਸੈਨ ਡਿਏਗੋ ਦੇ ਸਾਡੇ ਘਰ ਨੂੰ ਅਲਵਿਦਾ ਕਹਿ ਉਸੇ ਘਰ ਵਾਪਸ ਜਾਣ ਲਈ ਤੁਰ ਪਏ, ਜਿੱਥੇ ਅਸੀਂ ਪਹਿਲਾਂ ਰਹਿੰਦੇ ਸੀ। ਜੇ ਤੁਸੀਂ ਮੇਰੀ ਮੰਮੀ ਨੂੰ ਵਾਪਸ ਜਾਣ ਬਾਰੇ ਉਨ੍ਹਾਂ ਦੇ ਵਿਚਾਰ ਪੁੱਛੋ ਤਾਂ ਉਹ ਤੁਹਾਨੂੰ ਦੱਸਣਗੇ, "ਇਹ ਘਰ ਵਾਪਸ ਆਉਣ ਵਰਗਾ ਮਹਿਸੂਸ ਹੁੰਦਾ ਹੈ!" ਅਤੇ ਉਨ੍ਹਾਂ ਦੇ ਲਈ ਸ਼ਾਇਦ ਇਹ 22 ਸਾਲਾਂ ਤੋਂ 'ਫੌਕਸ ਰਿਵਰ ਗਰੋਵ' ਵਿੱਚ ਰਹਿਣ ਤੋਂ ਬਾਅਦ ਸੀ। ਮੇਰੇ ਲਈ ਇਸ ਜਗ੍ਹਾਂ ਦੀਆਂ ਸਭ ਤੋਂ ਤਾਜ਼ਾ ਯਾਦਾਂ ਉਦੋਂ ਦੀਆਂ ਸਨ, ਜਦੋਂ ਮੈਂ ਪੰਜ ਸਾਲ ਦੀ ਸਾਂ, ਇਸ ਲਈ ਮੈਂ ਤੁਹਾਨੂੰ ਸ਼ਾਇਦ ਇਸ ਦੇ ਬਿਲਕੁਲ ਉਲਟ ਦੱਸਾਂਗੀ।

ਅਗਲੇ ਮਹੀਨਿਆਂ ਵਿੱਚ ਅਤੇ ਹੁਣ ਵੀ ਕੁਝ ਹੱਦ ਤੱਕ ਘਰ ਨਾਲ ਜੁੜੀਆਂ ਯਾਦਾਂ ਦੀ ਇੱਕ ਲਹਿਰ ਨੇ ਮੈਨੂੰ ਘੇਰ ਲਿਆ। ਮੈਂ ਆਪਣੇ ਦੋਸਤਾਂ, ਜਾਣੀਆਂ-ਪਛਾਣੀਆਂ ਗਲੀਆਂ ਨੂੰ ਹੁਣ ਵੀ ਯਾਦ ਕਰਦੀ ਹਾਂ। ਸਾਡੇ ਗਾਰਡਨ ਵਿੱਚ ਸੂਰਜ ਚੜ੍ਹਨ ਵੇਲੇ ਕਿੰਨੀ ਸੁੰਦਰ ਧੁੰਦ ਉਡਦੀ ਸੀ, ਖਜੂਰ ਦੇ ਦਰੱਖਤ, ਇੱਥੋਂ ਤੱਕ ਕਿ ਕਿਰਲੀਆਂ ਵੀ, ਜਿਨ੍ਹਾਂ ਤੋਂ ਮੈਂ ਸੱਤ ਵਿੱਚੋਂ ਛੇ ਸਾਲਾਂ ਤੋਂ ਡਰੀ ਹੋਈ ਸੀ (ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਮੈਂ ਇਹ ਕਹਾਂਗੀ), ਅਤੇ ਉਹ ਛੋਟੀਆਂ ਯਾਦਾਂ ਜਿਨ੍ਹਾਂ ਬਾਰੇ ਮੈਂ ਸੋਚਿਆ ਕਿ ਮੈਂ ਅਣਜਾਣ ਲੋਕਾਂ ਅਤੇ ਅਣਜਾਣ ਦਰਖਤਾਂ ਦੀ ਇਸ ਅਜੀਬ ਧਰਤੀ ਵਿੱਚ ਦੁਬਾਰਾ ਕਦੇ ਅਨੁਭਵ ਨਹੀਂ ਕਰ ਸਕਦੀ।

ਜਿਸ ਨੂੰ ਮੈਂ ਸਭ ਤੋਂ ਜ਼ਿਆਦਾ ਯਾਦ ਕੀਤਾ, ਉਹ ਸੀ ਗੁਰਦੁਆਰਾ। ਸੈਨ ਡਿਏਗੋ ਗੁਰਦੁਆਰਾ ਇੱਕ ਪੁਰਾਣਾ ਗਿਰਜਾਘਰ ਸੀ; ਜਦੋਂ ਵੀ ਮੈਂ ਇਸ ਨੂੰ ਯਾਦ ਕਰਦੀ ਹਾਂ, ਮੈਂ ਮਖਮਲੀ ਗਲੀਚਿਆਂ ਦੀਆਂ ਝਲਕੀਆਂ ਦੇਖਦੀ ਹਾਂ; ਉਹ ਲੋਕ, ਜਿਨ੍ਹਾਂ ਨੂੰ ਮੈਂ ਨਾਂ ਨਾਲ ਨਹੀਂ ਜਾਣਦੀ ਸੀ, ਫਿਰ ਵੀ ਉਨ੍ਹਾਂ ਨੂੰ ਚਿਹਰੇ ਦੁਆਰਾ ਜਾਣਦੀ ਸੀ; ਅਤੇ ਇੱਕ ਬਹੁਤ ਵੱਡਾ ਖੂਹ ਜਿਸ ਵਿੱਚ ਕਦੇ ਪਾਣੀ ਨਹੀਂ ਸੀ ਹੁੰਦਾ। ਮੈਂ ਗੈਰਾਜ ਵਿਚਲੇ ਦਰਵਾਜ਼ੇ ਤੋਂ ਇਮਾਰਤ ਦੇ ਅੰਦਰ ਅਤੇ ਬਾਹਰ ਸੁਰੀਲੇ ਜਾਪ (ਗੁਰਬਾਣੀ ਪਾਠ), ਸੰਗੀਤ (ਸ਼ਬਦ ਕੀਰਤਨ) ਨੂੰ ਸੁਣਦੀ। ਇਕੱਲੇ ਯਾਦਾਂ ਵਿੱਚੋਂ ਮੈਂ ਲੰਗਰ ਦੀ ਦਾਲ ਦੀ ਖੁਸ਼ਬੂ ਨੂੰ ਮਹਿਸੂਸ ਕਰ ਸਕਦੀ ਹਾਂ। ਗੁਰਦੁਆਰੇ ਨੇ ਮੈਨੂੰ ਸੱਤ ਸਾਲਾਂ ਦੇ ਲੰਬੇ ਕੋਰਸ (ਇੱਕ ਬਹੁਤ ਖੁਸ਼ਕਿਸਮਤ ਇਤਫ਼ਾਕ) ਵਿੱਚ ਪੰਜਾਬੀ ਇਤਿਹਾਸ, ਧਰਮ, ਪੰਜਾਬੀ ਬੋਲਣ, ਪੜ੍ਹਨ ਅਤੇ ਲਿਖਣ ਦੇ ਨਾਲ-ਨਾਲ ਸਾਰੀਆਂ ਕਦਰਾਂ-ਕੀਮਤਾਂ ਬਾਰੇ ਮੇਰੇ ਦਿਲ ਨੂੰ ਸਿਖਾਇਆ। ਗੁਰਦੁਆਰਾ ਸਾਹਿਬ ਵਿੱਚ ਮੈਂ ਪਹਿਲੇ ਦਿਨ ਤੋਂ ਆਖਰੀ ਦਿਨ ਤੱਕ ਕੀਰਤਨ ਕਰਨਾ ਸਿੱਖਿਆ।

ਹਾਰਮੋਨੀਅਮ ਇੱਕ ਭਾਰਤੀ ਸਾਜ਼ ਹੈ, ਜਿਸ ਨੂੰ ਪਿਆਨੋ ਅਤੇ ਇੱਕ ਅਕਾਰਡੀਅਨ ਦੇ ਮਿਸ਼ਰਣ ਵਜੋਂ ਦਰਸਾਇਆ ਜਾ ਸਕਦਾ ਹੈ। ਇਸ ਵਿੱਚ ਪਿਆਨੋ ਵਰਗੀਆਂ ਕੁੰਜੀਆਂ ਹੁੰਦੀਆਂ ਹਨ, ਪਰ ਪਿਛਲੇ ਪਾਸੇ ਇੱਕ ਨੀਲੇ-ਜਾਮਨੀ (ਆਮ ਤੌਰ 'ਤੇ) ਹੈਂਡ-ਪੰਪ ਹੁੰਦਾ ਹੈ। ਮੂਹਰਲੇ ਪਾਸੇ ਚਾਂਦੀ ਅਤੇ ਸੁਨਹਿਰੀ ਗੰਢਾਂ ਨੂੰ ਟਿਊਨਰ ਵਜੋਂ ਵਰਤਿਆ ਜਾਂਦਾ ਹੈ। ਗੁਰਦੁਆਰੇ ਵਿੱਚ ਛੋਟੇ-ਛੋਟੇ ਨਜ਼ਦੀਕੀ ਸਮੂਹਾਂ ਵਿੱਚ ਕਲਾਸਾਂ ਤੋਂ ਬਾਅਦ ਵਾਲੰਟੀਅਰਾਂ ਦੁਆਰਾ ਹਾਰਮੋਨੀਅਮ ਦੇ ਨਾਲ ਗਾਈ ਜਾਣ ਵਾਲੀ ਸਦੀਆਂ ਪੁਰਾਣੀ ਗੁਰਬਾਣੀ ਅਤੇ ਸ਼ਾਸਤਰੀ ਸਿਧਾਂਤ ਸਿਖਾਏ ਜਾਂਦੇ ਸਨ।

ਇਲੀਨਾਏ ਵਿੱਚ ਮੇਰਾ ਪਹਿਲਾ ਸਾਲ, ਮਿਡਲ ਸਕੂਲ ਦਾ ਮੇਰਾ ਆਖਰੀ ਸਾਲ ਸੀ ਅਤੇ ਦੂਜਾ (ਇਸ ਸਾਲ) ਹਾਈ ਸਕੂਲ ਦਾ ਮੇਰਾ ਪਹਿਲਾ ਸਾਲ ਹੈ, ਜਿਵੇਂ ਕਿ ਮੈਂ ਇਨ੍ਹਾਂ ਨਵੀਆਂ ਥਾਵਾਂ 'ਤੇ ਨੈਵੀਗੇਟ ਕੀਤਾ, ਖਾਸ ਤੌਰ 'ਤੇ ਹਾਈ ਸਕੂਲ ਵਿੱਚ ਲਗਾਤਾਰ ਵਧ ਰਹੇ ਹੋਮਵਰਕ ਅਤੇ ਜ਼ਿੰਮੇਵਾਰੀਆਂ ਨਾਲ, ਮੈਂ ਹਰ ਵਕਤ ਆਪਣੇ ਆਪ ਤੋਂ ਅਤੇ 'ਘਰ' ਤੋਂ ਦੂਰ ਮਹਿਸੂਸ ਕਰਦੀ ਰਹੀ; ਤੇ ਪੁਰਾਣੀ ਯਾਦਾਂ ਦੀ ਤਾਂਘ ਦਿਲ ਵਿੱਚ ਚੁਭਦੀ ਰਹੀ।

ਪਿਛਲੇ ਦੋ ਸਾਲਾਂ ਵਿੱਚ ਮੇਰੇ ਲਈ ਹਾਰਮੋਨੀਅਮ 'ਘਰ' ਦੀ ਧਾਰਨਾ ਦਾ ਰੂਪ ਬਣ ਗਿਆ ਹੈ, ਇਸ ਲਈ ਅੱਠਵੀਂ ਜਮਾਤ ਦੌਰਾਨ ਅਤੇ ਹਾਈ ਸਕੂਲ ਦੇ ਪਹਿਲੇ ਸਮੈਸਟਰ ਦੇ ਸ਼ੁਰੂ ਵਿੱਚ ਮੈਂ ਹਾਰਮੋਨੀਅਮ ਵਜਾਉਣ ਲਈ ਸਮਾਂ ਕੱਢਣ ਲਈ ਕੁਝ ਅੱਧੇ ਦਿਲ ਨਾਲ ਕੋਸ਼ਿਸ਼ ਕੀਤੀ। ਇੱਕ ਵਾਰ ਫਿਰ ਹਾਰਮੋਨੀਅਮ ਇਨ੍ਹਾਂ ਕੋਸ਼ਿਸ਼ਾਂ ਦੀ ਅਸਫਲਤਾ ਜੋ ਮੈਂ ਹੁਣ ਮਹਿਸੂਸ ਕੀਤਾ ਹੈ, ਉਹ ਇੱਛਾ ਦੀ ਘਾਟ ਕਾਰਨ ਨਹੀਂ ਸੀ, ਪਰ ਦੋਹਾਂ ਡਰ ਕਾਰਨ ਸੀ ਕਿ ਮੈਂ ਇਸ ਨੂੰ ਵਜਾਉਣ ਵਿੱਚ ਉਨਾ ਅਨੰਦ ਨਹੀਂ ਮਹਿਸੂਸ ਕਰਾਂਗੀ, ਜਿੰਨਾ ਮੈਂ ਸੈਨ ਡਿਏਗੋ ਵਿੱਚ ਕੀਤਾ ਸੀ।

ਪਹਿਲੇ ਸਮੈਸਟਰ ਦੇ ਅੰਤ ਤੱਕ ਮੈਂ ਇਲੀਨਾਏ ਅਤੇ ਹਾਈ ਸਕੂਲ ਨੂੰ ਆਪਣੇ ਤਰੀਕੇ ਨਾਲ ਪਿਆਰ ਕਰਨਾ ਸਿੱਖ ਲਿਆ ਹੈ। ਮੈਨੂੰ ਇਹ ਵੀ ਅਹਿਸਾਸ ਹੋਇਆ ਕਿ ਇੱਥੇ ਵੀ ਨਵੀਆਂ ਕਿੰਨੀਆਂ ਖ਼ੂਬਸੂਰਤ ਯਾਦਾਂ ਬਣਾਈਆਂ ਹਨ, ਜਿਨ੍ਹਾਂ ਬਾਰੇ ਮੈਂ ਕਦੇ ਧਿਆਨ ਵੀ ਨਹੀਂ ਦਿੱਤਾ, ਕਿਉਂਕਿ ਮੈਂ ਹਮੇਸ਼ਾ ਇਨ੍ਹਾਂ ਦੀ ਤੁਲਨਾ ਸੈਨ ਡਿਏਗੋ ਨਾਲ ਕਰਦੀ ਰਹੀ। ਇਸ ਸਾਲ ਮੈਂ ਲਗਾਤਾਰ ਹਾਰਮੋਨੀਅਮ ਵਜਾਉਣ ਦੀ ਉਮੀਦ ਕਰਦੀ ਹਾਂ, ਬਿਲਕੁਲ ਉਸੇ ਤਰ੍ਹਾਂ ਮਹਿਸੂਸ ਕਰਨ ਦੇ ਤਰੀਕੇ ਵਜੋਂ ਨਹੀਂ, ਜਿਵੇਂ ਮੈਂ ਪਿਛਲੇ ਸਮੇਂ ਵਿੱਚ ਕੀਤਾ ਸੀ, ਪਰ ਇਸ ਨੂੰ ਹੁਣ ਦੇ ਨਾਲ ਮਿਲਾਉਣ ਲਈ ਵੀ।

---

*"ਕਿਸੇ ਨੂੰ ਤਬਦੀਲੀ ਤੋਂ ਕਿਉਂ ਡਰਨਾ ਚਾਹੀਦਾ ਹੈ? ਇਸ ਤੋਂ ਬਿਨਾ ਕੀ ਹੋ ਸਕਦਾ ਹੈ? ਵਿਸ਼ਵ-ਵਿਆਪੀ ਕੁਦਰਤ ਲਈ ਵਧੇਰੇ ਪ੍ਰਸੰਨ ਜਾਂ ਵਧੇਰੇ ਢੁਕਵਾਂ ਕੀ ਹੋ ਸਕਦਾ ਹੈ? ਕੀ ਤੁਸੀਂ ਭੋਜਨ ਵਿੱਚ ਤਬਦੀਲੀ ਕੀਤੇ ਬਿਨਾ ਖਾ ਸਕਦੇ ਹੋ? ਅਤੇ ਕੀ ਕੁਝ ਵੀ ਲਾਭਦਾਇਕ ਤਬਦੀਲੀ ਤੋਂ ਬਿਨਾ ਕੀਤਾ ਜਾ ਸਕਦਾ ਹੈ? ਕੀ ਤੁਸੀਂ ਨਹੀਂ ਦੇਖਦੇ ਕਿ ਤੁਹਾਡੇ ਲਈ ਬਦਲਣਾ ਇੱਕੋ ਜਿਹਾ ਹੈ ਅਤੇ ਵਿਸ਼ਵ-ਵਿਆਪੀ ਕੁਦਰਤ ਲਈ ਵੀ ਬਰਾਬਰ ਜ਼ਰੂਰੀ ਹੈ?"* ***-ਮਾਰਕਸ ਔਰੇਲੀਅਸ***


DJ RJB Entertainment Inc.
One of Chicagoland's leading Mobile DJ Companies.
We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!
Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life
Social: Instagram
Facebook
Youtube: djrjbmusic
djrj
Website: djrjbmusic.com
Ph: 630-770-0007

BHANGRA CLASSES
Chicago & Milwaukee Area
ONLINE CLASSES AVAILABLE
Bhangra
Luddi
Malwai Giddha
Jhummer
Jindua
Weight Loss Bhangra
For The Students of Canada & USA
Learn From Professional Coach From Punjab
BHANGRA RHYMES
Call/Whtsapp us For More info
602-610-0001
WWW.BHANGRARHYMES.COM

# .ਗ਼ਰੂਰ ਦੀ ਕੰਧ

ਸੱਚੋ-ਸੱਚ

ਡਾ. ਅਰਵਿੰਦਰ ਸਿੰਘ ਭੱਲਾ
ਫੋਨ: +91-9463062603



ਕੁੱਝ ਮਨੁੱਖ ਆਪਣੇ ਜੀਵਨ ਵਿੱਚ ਅਕਸਰ ਇਹ ਗਲਤੀ ਕਰ ਬੈਠਦੇ ਹਨ ਕਿ ਰੱਬ ਦੀ ਮਿਹਰ ਸਦਕਾ ਜੀਵਨ ਵਿੱਚ ਜੋ ਸੁੱਖ ਸਹੂਲਤਾਂ, ਗਿਆਨ, ਅਨੁਭਵ, ਸ਼ੋਹਰਤ ਤੇ ਰੁਤਬਾ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ, ਉਹ ਇਸ ਸਭ ਨੂੰ ਰੱਬ ਦੀ ਕਿਰਪਾ ਜਾਂ ਦਾਤ ਸਮਝਣ ਦੀ ਬਜਾਏ ਇਨ੍ਹਾਂ ਦਾਤਾਂ ਨੂੰ ਇੱਕ ਤਲਵਾਰ ਬਣਾ ਕੇ ਨਿਤਾਣਿਆਂ, ਮਜ਼ਲੂਮਾਂ, ਮਸਕੀਨਾਂ ਤੇ ਬੇਕਸੂਰਾਂ ਨੂੰ ਜਿਬਾਹ ਕਰਨ ਤੋਂ ਗੁਰੇਜ਼ ਨਹੀਂ ਕਰਦੇ ਹਨ। ਉਹ ਬੋਲਣ ਲੱਗਿਆਂ ਇੰਨਾ ਵੀ ਨਹੀਂ ਸੋਚਦੇ ਹਨ ਕਿ ਦੂਸਰਿਆਂ ਦੇ ਜ਼ਿਹਨ ਉੱਪਰ ਉਨ੍ਹਾਂ ਦੇ ਮਨ ਦੀ ਕੁੜੱਤਣ, ਬੇਲੋੜੀ ਤਨਕੀਦ (ਆਲੋਚਨਾ/ਨੁਕਤਾਚੀਨੀ) ਅਤੇ ਭੱਦੇ ਬੋਲਾਂ ਦਾ ਕੀ ਅਸਰ ਪਵੇਗਾ? ਉਹ ਆਪਣੇ ਗ਼ਰੂਰ ਦਾ ਕੱਦ ਇੰਨਾ ਉਚਾ ਕਰ ਲੈਂਦੇ ਹਨ ਕਿ ਉਨ੍ਹਾਂ ਨੂੰ ਆਪਣੇ ਵਜੂਦ ਦੇ ਸਾਹਮਣੇ ਸਭ ਹਕੀਰ (ਤੁੱਛ/ਘਟੀਆ) ਦਿਸਦੇ ਹਨ ਤੇ ਉਹ ਸਭ ਦਾ ਨਿਰਾਦਰ ਕਰਕੇ ਫ਼ਖਰ ਮਹਿਸੂਸ ਕਰਦੇ ਹਨ। ਉਹ ਬਿਲਕੁਲ ਹੀ ਭੁੱਲ ਜਾਂਦੇ ਹਨ ਕਿ ਜੇਕਰ ਰੱਬ ਨੇ ਉਨ੍ਹਾਂ ਲਈ ਇੱਕ ਅਜਿਹੀ ਦੁਨੀਆ ਤਜਵੀਜ਼ ਕਰ ਦਿੱਤੀ, ਜਿੱਥੇ ਸਭ ਉਨ੍ਹਾਂ ਵਰਗੇ ਹੋਣਗੇ ਤਾਂ ਸੱਚ ਜਾਣਿਓ ਇਹੋ ਜਿਹੀਆਂ ਗ਼ਰੂਰ ਵਿੱਚ ਡੁੱਬੀਆਂ ਹੋਈਆਂ ਬਦਰੂਹਾਂ ਲਈ ਇੱਕ ਪਲ ਵੀ ਜਿਉਣਾ ਸੰਭਵ ਨਹੀਂ ਹੋਵੇਗਾ। ਸਾਨੂੰ ਹਮੇਸ਼ਾ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਦੂਸਰਿਆਂ ਦੀ ਜ਼ਿੰਦਗੀ ਨੂੰ ਨਰਕ ਬਣਾਉਣਾ ਬਹੁਤ ਸੌਖਾ ਹੁੰਦਾ ਹੈ, ਪਰ ਜਦੋਂ ਜਹਨੁਮ ਦੀ ਅੱਗ ਦਾ ਸੇਕ ਖੁਦ ਨੂੰ ਲਗਦਾ ਹੈ ਤਾਂ ਉਸ ਸਮੇਂ ਜਹਨੁਮ ਦੇ ਮਾਇਨੇ ਸਮਝ ਆਉਂਦੇ ਹਨ। ਹਮੇਸ਼ਾ ਇਹ ਕੋਸ਼ਿਸ਼ ਕਰੋ ਕਿ ਤੁਸੀਂ ਆਪਣੇ ਜੀਵਨ ਵਿੱਚ ਕਦੇ ਵੀ ਕਿਸੇ ਨੂੰ ਆਪਣੇ ਤੋਂ ਹਕੀਰ ਨਾ ਸਮਝੋ, ਕਿਉਂਕਿ ਤੁਹਾਡਾ ਰੱਬ ਗ਼ਰੂਰ ਨੂੰ ਪਸੰਦ ਨਹੀਂ ਕਰਦਾ ਹੈ ਅਤੇ ਉਹ ਹਮੇਸ਼ਾ ਨਿਮਾਣਿਆਂ ਤੇ ਨਿਤਾਣਿਆਂ ਦੇ ਹੱਕ ਵਿੱਚ ਖੜ੍ਹਾ ਹੁੰਦਾ ਹੈ। ਜੇ ਤੁਸੀਂ ਚਾਹੁੰਦੇ ਹੋ ਕਿ ਤੁਸੀਂ ਪਰਵਦਗਾਰ ਦੀ ਦਰਗਾਹ ਉਤੇ ਕਬੂਲ ਪਵੋ ਤਾਂ ਕਦੇ ਵੀ ਰੱਬ ਦੀਆਂ ਦਾਤਾਂ ਨੂੰ ਤਲਵਾਰ ਵਾਂਗ ਨਾ ਵਰਤੋ।

ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਹਾਕਮ ਹਮੇਸ਼ਾ ਆਪਣੇ ਮੁੱਠੀ ਭਰ ਚਾਪਲੂਸ ਲੋਕਾਂ ਵਿੱਚ ਘਿਰੇ ਰਹਿੰਦੇ ਹਨ ਅਤੇ ਹਾਕਮ ਅੰਨੇ, ਬੋਲੇ ਤੇ ਕੰਨਾਂ ਦੇ ਕੱਚੇ ਵੀ ਹੁੰਦੇ ਹਨ। ਸਾਹਿਬ-ਏ-ਅਖਤਿਆਰ ਲੋਕਾਂ ਦੇ ਚਾਪਲੂਸ ਜਿਹੋ ਜਿਹੀ ਦੁਨੀਆਂ ਦਾ ਦ੍ਰਿਸ਼ ਜਾਂ ਕਿਸੇ ਵਾਰਤਰੇ ਬਾਰੇ ਤਸਵੀਰ ਚਿਤਰਦੇ, ਉਸ ਨੂੰ ਇਹ ਹੈਂਕੜਬਾਜ਼ ਲੋਕ ਸੱਚ ਮੰਨ ਲੈਂਦੇ ਹਨ। ਦੁਨੀਆਂ ਅਜਿਹੇ ਹਾਕਮਾਂ ਕੋਲੋਂ ਅਦਲ, ਰਹਿਮ ਆਦਿ ਦੀ ਉਮੀਦ ਰੱਖਦੀ ਹੈ, ਲੇਕਿਨ ਉਨ੍ਹਾਂ ਲੋਕਾਂ ਦੀ ਉਮੀਦ ਦੇ ਉਲਟ ਉਨ੍ਹਾਂ ਨੂੰ ਬੇਇਨਸਾਫੀ, ਸੋਸ਼ਣ ਅਤੇ ਲੁੱਟ-ਖਸੁੱਟ ਮਿਲਦੀ ਹੈ। ਹੈਂਕੜਬਾਜ਼ ਹਾਕਮ ਅਕਸਰ ਦੂਜੇ ਲੋਕਾਂ ਉੱਪਰ ਆਪਣੀ ਮਨਮਰਜ਼ੀ ਠੋਸਣ ਵਿੱਚ ਖੁਸ਼ੀ ਤੇ ਸੰਤੁਸ਼ਟੀ ਹਾਸਲ ਕਰਦੇ ਹਨ ਅਤੇ ਖ਼ੁਦ ਨੂੰ ਸਭ ਤੋਂ ਵੱਡਾ ਤਾਕਤਵਰ ਤੇ ਸ਼ਾਤਿਰ ਹਾਕਮ ਸਿੱਧ ਕਰਨ ਦਾ ਯਤਨ ਕਰਦੇ ਹਨ। ਬੇਕਸੂਰ, ਭੋਲੇ-ਭਾਲੇ ਤੇ ਜ਼ੁਲਮ ਦੇ ਸ਼ਿਕਾਰ ਅਤੇ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਲੇ ਸੱਚੇ-ਸੁੱਚੇ ਲੋਕਾਂ ਨੂੰ ਫਾਹੇ ਟੰਗਿਆ ਜਾਂਦਾ ਹੈ ਤੇ ਚਾਪਲੂਸ ਲੋਕ ਹੈਂਕੜਬਾਜ਼ ਹੁਕਮਰਾਨਾਂ ਦੀ ਛੱਤਰ ਛਾਇਆ ਦਾ ਸੁਖ ਭੋਗਦੇ ਹੋਏ ਮਸਕੀਨਾਂ, ਮਜ਼ਲੂਮ ਤੇ ਨਿਤਾਣੇ ਲੋਕਾਂ ਉੱਪਰ ਆਪਣੀ ਝੂਠੀ ਧੌਂਸ ਜਮਾਉਂਦੇ ਹਨ।

ਹਾਕਮ ਗ਼ਰੂਰ ਦੀ ਮੂਰਤ ਬਣ ਕੇ ਲੋਕਾਂ ਦੇ ਕੋਲੋਂ ਬੋਲਣ, ਲਿਖਣ ਤੇ ਆਜ਼ਾਦ ਸੋਚਣ ਦੀ ਆਜ਼ਾਦੀ ਖੋਹ ਕੇ ਇਹ ਸੋਚਦੇ ਹਨ ਕਿ ਸਭ ਲੋਕ ਉਨ੍ਹਾਂ ਦੇ ਗ਼ੁਲਾਮ ਹਨ। ਉਹ ਆਪਣੀ ਸੱਤਾ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕਰਦੇ ਹੋਏ ਨਿਤ ਨਵੇਂ ਮਨਸੂਬੇ ਬਣਾਉਂਦੇ ਹੋਏ ਆਪਣੀਆਂ ਨਾਜਾਇਜ਼ ਜ਼ਿੱਦਾਂ ਪੁਗਾਉਂਦੇ ਹਨ ਅਤੇ ਆਪਣੇ ਅੰਤ ਤੋਂ ਬੇਖ਼ਬਰ ਹੋ ਕੇ ਬੇਕਸੂਰ ਤੇ ਨਿਮਾਣੇ ਲੋਕਾਂ ਉੱਪਰ ਆਪਣਾ ਜ਼ਬਰ ਢਾਹੁੰਦੇ ਹਨ। ਅਜਿਹੇ ਹਾਕਮ ਇਹ ਭੁੱਲ ਜਾਂਦੇ ਹਨ ਕਿ ਅੱਤ ਅਤੇ ਖ਼ੁਦਾ ਦਾ ਵੈਰ ਹੁੰਦਾ ਹੈ। ਮਰਿਆਦਾ ਨੂੰ ਛਿੱਕੇ ਟੰਗ ਕੇ ਅਜਿਹੇ ਹਾਕਮ ਧਰਤੀ ਉੱਪਰ ਖ਼ੁਦ ਨੂੰ ਖ਼ੁਦਾ ਸਮਝਦੇ ਹੋਏ ਰੱਬ ਦੇ ਕਹਿਰ ਤੋਂ ਵੀ ਨਹੀਂ ਡਰਦੇ ਹਨ। ਝੂਠੀਆਂ ਸਿਫਤਾਂ ਦੀ ਭੁੱਖ ਦੇ ਸ਼ਿਕਾਰ ਅਜਿਹੇ ਬੌਣੇ ਕਿਰਦਾਰ ਵਾਲੇ ਲੋਕ ਧਰਤੀ ਉੱਪਰ ਬੋਝ ਹੁੰਦੇ ਹਨ।

ਜੇਕਰ ਖ਼ੁਦ ਨੂੰ ਅਸ਼ਰਫਲ ਮਖਲੂਕਾਤ ਕਹਾਉਣ ਵਾਲਾ ਇਨਸਾਨ ਗ਼ਰੂਰ ਨੂੰ ਵਿਸਾਰ ਕੇ ਉਸ ਪਰਵਦਗਾਰ ਦੇ ਭੈਅ ਵਿੱਚ ਜਿਉਣਾ ਸਿੱਖ ਲਵੇ ਤਾਂ ਨਿਸ਼ਚਿਤ ਤੌਰ ਉੱਪਰ ਉਸ ਦਾ ਜਿਊਣਾ ਵੀ ਸਫਲ ਹੈ ਅਤੇ ਮਰਨਾ ਵੀ ਸਫਲ ਹੈ, ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਅਸੀਂ ਕਮਜ਼ਰਫ ਲੋਕ ਆਪਣੀ ਹੈਂਕੜ ਦੀ ਉੱਚੀ ਟੀਸੀ ਉੱਪਰ ਬੈਠ ਕੇ ਆਪਣੇ ਇਰਦ-ਗਿਰਦ ਦੇ ਲੋਕਾਂ ਨੂੰ ਆਪਣੇ ਨਾਲੋਂ ਤੁੱਛ, ਕਮਜ਼ੋਰ, ਨੀਵਾਂ ਅਤੇ ਕਮ ਹੈਸੀਅਤ ਵਾਲਾ ਮੰਨਦੇ ਹੋਏ ਖ਼ੁਦ ਨੂੰ ਤਾਕਤਵਰ ਅਤੇ ਸ੍ਰੇਸ਼ਟ ਮੰਨਣ ਦੇ ਨਸ਼ੇ ਵਿੱਚ ਇੰਨੇ ਮਦਮਸਤ ਹੋ ਜਾਂਦੇ ਹਾਂ ਕਿ ਨਾ ਕਿਸੇ ਦਾ ਭੈਅ, ਨਾ ਕਿਸੇ ਦਾ ਲਿਹਾਜ਼, ਨਾ ਕਿਸੇ ਨਾਲ ਹਮਦਰਦੀ, ਨਾ ਹੀ ਕਿਸੇ ਦੀ ਕੋਈ ਸ਼ਰਮ ਅਤੇ ਨਾ ਹੀ ਵਕਤ ਦੇ ਬਦਲਣ ਦਾ ਖਿਆਲ ਸਾਨੂੰ ਰਹਿੰਦਾ ਹੈ।



ਹਾਕਮ .ਗ਼ਰੂਰ ਦੀ ਮੂਰਤ ਬਣ ਕੇ ਲੋਕਾਂ ਦੇ ਕੋਲੋਂ ਬੋਲਣ, ਲਿਖਣ ਤੇ ਆਜ਼ਾਦ ਸੋਚਣ ਦੀ ਆਜ਼ਾਦੀ ਖੋਹ ਕੇ ਇਹ ਸੋਚਦੇ ਹਨ ਕਿ ਸਭ ਲੋਕ ਉਨ੍ਹਾਂ ਦੇ .ਗ਼ੁਲਾਮ ਹਨ। ਉਹ ਆਪਣੀ ਸੱਤਾ ਨੂੰ ਕਾਇਮ ਰੱਖਣ ਦੀ ਕੋਸ਼ਿਸ਼ ਕਰਦੇ ਹੋਏ ਨਿਤ ਨਵੇਂ ਮਨਸੂਬੇ ਬਣਾਉਂਦੇ ਹੋਏ ਆਪਣੀਆਂ ਨਾਜਾਇਜ਼ ਜ਼ਿੱਦਾਂ ਪੁਗਾਉਂਦੇ ਹਨ ਅਤੇ ਆਪਣੇ ਅੰਤ ਤੋਂ ਬੇਖ਼ਬਰ ਹੋ ਕੇ ਬੇਕਸੂਰ ਤੇ ਨਿਮਾਣੇ ਲੋਕਾਂ ਉੱਪਰ ਆਪਣਾ ਜ਼ਬਰ ਢਾਹੁੰਦੇ ਹਨ।

ਆਪਣੀ ਮਗ਼ਰੂਰੀ ਅਤੇ ਆਪਣੀ ਹੀ ਧੁਨ ਵਿੱਚ ਅੱਜ ਦਾ ਮਨੁੱਖ ਵਿਚਾਰਾਤਮਕ ਵੱਖਰਤਾ, ਸਮਾਜਿਕ, ਧਾਰਮਿਕ-ਸਭਿਆਚਾਰਕ ਭਿੰਨਤਾਵਾਂ ਤੇ ਵਿਰੋਧ ਦਾ ਸਤਿਕਾਰ ਕਰਨ ਅਤੇ ਸ਼ਾਂਤਮਈ ਸਹਿਹੋਂਦ ਤੇ ਸਹਿਣਸ਼ੀਲਤਾ ਦੇ ਗੁਣਾਂ ਨੂੰ ਭੁਲਾ ਕੇ ਸਿਰਫ਼ ਆਪਣੇ ਨੁਕਤਾ-ਏ-ਨਿਗਾਹ ਨੂੰ ਸਹੀ ਠਹਿਰਾਉਣ ਦੀ ਜ਼ਿੱਦ ਪੁਗਾਉਂਦਾ ਹੋਇਆ ਖ਼ੁਦ ਕਹਿਣਾ ਤਾਂ ਬਹੁਤ ਕੁਝ ਚਾਹੁੰਦਾ ਹੈ, ਪਰ ਕਿਸੇ ਦੂਸਰੇ ਨੂੰ ਨਾ ਤਾਂ ਬਰਦਾਸ਼ਤ ਕਰਦਾ ਹੈ ਅਤੇ ਨਾ ਹੀ ਕਿਸੇ ਦੂਸਰੇ ਦੀ ਕੁਝ ਸੁਣਨਾ ਚਾਹੁੰਦਾ ਹੈ। ਉਹ ਸਭ ਕੁਝ ਜਾਣਦਿਆਂ-ਬੁਝਦਿਆਂ ਅਣਜਾਣ ਹੋਣ ਦਾ ਢੋਂਗ ਰਚਾਉਂਦਾ ਹੋਇਆ ਇੱਕ ਫ਼ਰੇਬ ਦੀ ਜ਼ਿੰਦਗੀ ਜਿਊਣ ਨੂੰ ਜ਼ਿੰਦਗੀ ਸਮਝ ਕੇ ਤਮਾਮ ਉਮਰ ਖ਼ੁਦ ਨੂੰ ਧੋਖਾ ਦਿੰਦਾ ਹੈ।

ਅਕਸਰ ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਜਦ ਕੋਈ ਗ਼ਰੂਰ ਵਿੱਚ ਰਮੀ ਹੋਈ ਦੇਹ ਕਿਸੇ ਮਜ਼ਲੂਮ ਨਾਲ ਵਧੀਕੀ ਕਰਦਿਆਂ ਉਸ ਦੇ ਸਵੈਮਾਣ ਦਾ ਨਿਰਾਦਰ ਕਰਨ ਦੇ ਨਾਲ-ਨਾਲ ਉਸ ਦੇ ਸੁਤੰਤਰ ਵਜੂਦ ਦਾ ਤ੍ਰਿਸਕਾਰ ਕਰ ਰਹੀ ਹੁੰਦੀ ਹੈ ਤਾਂ ਉਸ ਦੇ ਹਾਵ-ਭਾਵ, ਬੋਲਾਂ ਜਾਂ ਲਹਿਜ਼ੇ ਵਿੱਚ ਵੀ ਨਕਾਰਾਤਮਕ ਬਦਲਾਅ ਅਤੇ ਹੰਕਾਰ ਝਲਕਦਾ ਹੈ ਅਤੇ ਉਸ ਦੇ ਆਪਣੇ ਹਾਵ-ਭਾਵ ਉੱਪਰ ਵੀ ਆਪਣਾ ਕੋਈ ਨਿਯੰਤਰਣ ਨਹੀਂ ਰਹਿੰਦਾ ਹੈ। ਉਸ ਦੇ ਬੋਲਾਂ ਵਿਚਲੇ 'ਮੈਂ' ਦੇ ਸ਼ੋਰ ਵਿੱਚ ਮਜ਼ਲੂਮਾਂ, ਬੇਕਸੂਰਾਂ, ਨਿਤਾਣਿਆਂ ਅਤੇ ਕਮਜ਼ੋਰ ਲੋਕਾਂ ਦੇ ਬੁੱਲਾਂ ਦੇ ਹਾਸੇ ਕਿਤੇ ਗੁੰਮ ਹੋ ਜਾਂਦੇ ਹਨ ਅਤੇ ਉਨ੍ਹਾਂ ਦੇ ਦਿਲ ਦਾ ਸਕੂਨ ਤੇ ਜਿਊਣ ਦੀ ਚਾਹਤ ਦਮ ਤੋੜ ਦਿੰਦੀ ਹੈ।


ਦਰਅਸਲ ਕੋਈ ਵੀ ਮਗਰੂਰਿਆ ਵਿਅਕਤੀ ਇਸ ਸਦੀਵੀਂ ਸੱਚਾਈ ਤੋਂ ਮੂੰਹ ਮੋੜ ਲੈਂਦਾ ਹੈ ਕਿ ਦੁਨੀਆਂ ਦੇ ਇਸ ਰੰਗਮੰਚ ਦੇ ਸੂਤਰਧਾਰ ਨੇ ਉਸ ਨੂੰ ਆਪਣਾ ਕਿਰਦਾਰ ਨਿਭਾਉਣ ਲਈ ਕੇਵਲ ਗਿਣਤੀ ਦੇ ਚਾਰ ਦਿਹਾੜੇ ਦਿੱਤੇ ਹਨ। ਲੇਕਿਨ ਉਹ ਗਾਫ਼ਲ ਰੰਗਕਰਮੀ ਇਹ ਸਮਝ ਬੈਠਦਾ ਹੈ ਕਿ ਜਿਵੇਂ ਸਾਰੇ ਡਰਾਮੇ ਦਾ ਮਰਕਜ਼ੀ ਕਿਰਦਾਰ ਉਹ ਨਿਭਾਅ ਰਿਹਾ ਹੋਵੇ। ਸਾਨੂੰ ਇਹ ਯਾਦ ਰੱਖਣ ਦੀ ਜ਼ਰੂਰਤ ਹੈ ਕਿ ਅਸੀਂ ਸਭ ਲੋਕ ਸਮੁੱਚੇ ਨਿਜ਼ਾਮ ਦਾ ਇੱਕ ਅਦਨਾ ਜਿਹਾ ਹਿੱਸਾ ਹੁੰਦੇ ਹਾਂ ਅਤੇ ਜਦੋਂ ਅਸੀਂ ਸਮੁੱਚੇ ਨਿਜ਼ਾਮ ਨੂੰ ਆਪਣੀ ਇੱਛਾ ਅਨੁਸਾਰ ਨਿਯੰਤ੍ਰਿਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਅਸੀਂ ਆਪਣੇ ਆਸ-ਪਾਸ ਦੇ ਲੋਕਾਂ ਦੇ ਜੀਵਨ ਵਿੱਚ ਕਈ ਮੁਸ਼ਕਿਲਾਂ ਖੜੀਆਂ ਕਰ ਦਿੰਦੇ ਹਾਂ ਅਤੇ ਹੌਲੀ-ਹੌਲੀ ਸਧਾਰਨ ਲੋਕਾਂ ਨਾਲ ਸਾਡੇ ਫਾਸਲੇ ਇੰਨੇ ਵਧ ਜਾਂਦੇ ਹਨ ਕਿ ਸਾਡਾ ਗ਼ਰੂਰ ਹੀ ਸਾਡੇ ਗਲੇ ਦਾ ਫੰਦਾ ਬਣ ਜਾਂਦਾ ਹੈ। ਸਾਡਾ ਲਾਲਚ ਅਤੇ ਹਉਮੈ ਸਾਨੂੰ ਆਮ ਤੋਂ ਖਾਸ ਬਣਨ ਦੇ ਲਈ ਅੰਨਿਆਂ ਕਰ ਦਿੰਦਾ ਹੈ ਅਤੇ ਅਸੀਂ ਖਾਸ ਬਣ ਕੇ ਆਮ ਲੋਕਾਂ ਨੂੰ ਘਿਰਣਾ ਦੀ ਨਜ਼ਰ ਨਾਲ ਦੇਖਦੇ ਹੋਏ ਆਪਣੀਆਂ ਅੱਖਾਂ ਉੱਪਰ ਗ਼ਰੂਰ ਦੀ ਪੱਟੀ ਬੰਨ ਕੇ ਕੁਰਾਹੇ ਪੈ ਜਾਂਦੇ ਹਾਂ।

ਅਸਲ ਵਿੱਚ ਜੋ ਲੋਕ ਦੂਜਿਆਂ ਨੂੰ ਇਸਤੇਮਾਲ ਕਰਨ ਜਾਂ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੇ ਹਨ, ਉਹ ਕਦੇ ਵੀ ਦੂਜਿਆਂ ਦੇ ਮਨਾਂ ਵਿੱਚ ਆਪਣੇ ਲਈ ਸਤਿਕਾਰ ਦੀ ਭਾਵਨਾ ਪੈਦਾ ਨਹੀਂ ਕਰ ਸਕਦੇ ਹਨ। ਇਨ੍ਹਾਂ ਲੋਕਾਂ ਨੂੰ ਜਾਂ ਤਾਂ ਇਸ ਗੱਲ ਦੀ ਸੋਝੀ ਤੱਕ ਨਹੀਂ ਹੁੰਦੀ ਜਾਂ ਆਪਣੀ ਹੈਂਕੜ ਸਥਾਪਤ ਕਰਨ ਦੀ ਕੋਸ਼ਿਸ਼ ਕਰਦੇ ਹੋਏ ਇਹ ਜਾਣ-ਬੁੱਝ ਕੇ ਇਸ ਬੁਨਿਆਦੀ ਤੇ ਸਦੀਵੀਂ ਸੱਚ ਨੂੰ ਭੁੱਲਣ ਦਾ ਢੋਂਗ ਰਚਦੇ ਹਨ ਕਿ ਜਿੱਥੇ ਖ਼ੌਫ਼ ਹੁੰਦਾ ਹੈ, ਉੱਥੇ ਪਿਆਰ ਤੇ ਸਤਿਕਾਰ ਦੀ ਭਾਵਨਾ ਦਾ ਵਿਕਾਸ ਹੋਣਾ ਸੰਭਵ ਨਹੀਂ ਹੋ ਸਕਦਾ ਹੈ। ਹਰ ਪਲ ਦੂਸਰਿਆਂ ਦੀ ਆਜ਼ਾਦ ਹਸਤੀ ਨੂੰ ਸਿਰਿਉਂ ਨਕਾਰਨ ਤੇ ਲਤਾੜਨ ਨਾਲ ਅਜਿਹੇ ਲੋਕ ਮਜ਼ਲੂਮ ਲੋਕਾਂ ਦੀ ਨਫ਼ਰਤ ਦਾ ਪਾਤਰ ਬਣਦੇ ਹਨ।

ਜੋ ਲੋਕ ਇਹ ਲੋਚਦੇ ਹੁੰਦੇ ਹਨ ਕਿ ਹਰ ਕਾਰਜ ਉਨ੍ਹਾਂ ਦੀ ਇੱਛਾ ਅਨੁਸਾਰ ਉਨ੍ਹਾਂ ਦੀ ਆਗਿਆ ਲੈ ਕੇ ਹੋਵੇ ਅਤੇ ਠੀਕ-ਗ਼ਲਤ ਤੇ ਜਾਇਜ਼-ਨਾਜਾਇਜ਼ ਦੇ ਮਾਪਦੰਡ ਉਨ੍ਹਾਂ ਦੀ ਖੁਸ਼ੀ ਤੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਨਿਰਧਾਰਤ ਕੀਤੇ ਜਾਣ, ਜੇਕਰ ਅਜਿਹੇ ਲੋਕਾਂ ਦੇ ਮਨਸੂਬਿਆਂ, ਸੋਚ, ਬਿਰਤੀ ਅਤੇ ਅਮਲਾਂ ਨੂੰ ਗਹੁ ਨਾਲ ਵਾਚਿਆ ਜਾਵੇ ਤਾਂ ਸਾਨੂੰ ਇਹ ਸਹਿਜੇ ਹੀ ਮਹਿਸੂਸ ਹੋਵੇਗਾ ਕਿ ਅਜਿਹੇ ਲੋਕ ਮਾਨਸਿਕ ਤੌਰ ਉੱਪਰ ਬੀਮਾਰ ਹੁੰਦੇ ਹਨ। ਦੂਜਿਆਂ ਨੂੰ ਖ਼ੁਦ ਤੋਂ ਨੀਵਾਂ ਸਮਝਣ ਵਾਲੇ ਇਨ੍ਹਾਂ ਲੋਕਾਂ ਨੂੰ ਆਪਣੀ ਤਾਕਤ, ਵਜੂਦ ਅਤੇ ਗ਼ਰੂਰ ਦੇ ਬੁੱਤ ਦੇ ਢਹਿ ਢੇਰੀ ਹੋ ਜਾਣ ਦਾ ਡਰ ਲਗਾਤਾਰ ਸਤਾਉਂਦਾ ਰਹਿੰਦਾ ਹੈ ਅਤੇ ਇਹ ਆਪਣੇ ਅਸਲੀ ਚਿਹਰੇ ਨੂੰ ਛੁਪਾਉਣ, ਆਪਣੀ ਅਸੁਰੱਖਿਆ, ਕਮਜ਼ਰਫੀ ਅਤੇ ਸੌੜੇ ਨਜ਼ਰੀਏ ਨੂੰ ਦੂਜਿਆਂ ਤੋਂ ਲੁਕਾਉਣ ਦੀ ਦੌੜ ਵਿੱਚ ਅਜਿਹੇ ਖੁਸ਼ਾਮਦ ਪਸੰਦ ਲੋਕਾਂ ਦੇ ਸਹਾਰੇ ਆਪਣੇ ਆਲੇ-ਦੁਆਲੇ ਇੱਕ ਅਜਿਹਾ ਜਾਲ ਬੁਣ ਲੈਂਦੇ ਹਨ ਕਿ ਜਿਸ ਵਿੱਚ ਇਨ੍ਹਾਂ ਦੇ ਖੁਸ਼ਾਮਦੀਆਂ ਅਤੇ ਚਹੇਤਿਆਂ ਤੋਂ ਇਲਾਵਾ ਹੋਰ ਕੋਈ ਵੀ ਪ੍ਰਵੇਸ਼ ਨਹੀਂ ਕਰ ਪਾਉਂਦਾ ਹੈ।

ਗੰਧਲੀ ਸੋਚ ਤੇ ਤੰਗਦਿਲੀ ਦੇ ਸ਼ਿਕਾਰ ਇਨ੍ਹਾਂ ਹੰਕਾਰੀ ਲੋਕਾਂ ਨੂੰ ਜੇਕਰ ਕੋਈ ਜੁਅੱਰਤ ਕਰਕੇ ਜਾਂ ਭੁਲੇਖੇ ਨਾਲ ਆਇਨਾ ਦਿਖਾ ਦੇਵੇ ਤਾਂ ਇਹ ਆਪਣੇ ਗੰਧਲੇ ਚਿਹਰਿਆਂ ਨੂੰ ਸਾਫ਼ ਕਰਨ ਦੀ ਬਜਾਏ ਆਇਨੇ ਨੂੰ ਚਕਨਾਚੂਰ ਕਰਨ ਉਤੇ ਉਤਾਰੂ ਹੋ ਜਾਂਦੇ ਹਨ। ਅਜਿਹੇ ਲੋਕਾਂ ਨੂੰ ਸੁਧਾਰਨ ਦੀ ਬਜਾਏ ਇਨ੍ਹਾਂ ਦਾ ਤ੍ਰਿਸਕਾਰ ਕਰਕੇ ਇਨ੍ਹਾਂ ਤੋਂ ਦੂਰੀ ਬਣਾ ਕੇ ਰੱਖਣ ਦੀ ਜ਼ਰੂਰਤ ਹੁੰਦੀ ਹੈ, ਕਿਉਂਕਿ ਅਜਿਹੇ ਲੋਕ ਉਹ ਸੱਪ ਹੁੰਦੇ ਹਨ, ਜੋ ਹਰ ਵੇਲੇ ਦੂਜਿਆਂ ਨੂੰ ਨਿਗਲਣ ਜਾਂ ਡੰਗਣ ਦੀ ਖਾਤਰ ਆਪਣਾ ਫਨ ਖਿਲਾਰ ਕੇ ਜ਼ਹਿਰ ਉਗਲਦੇ ਰਹਿੰਦੇ ਹਨ। ਅਜਿਹੇ ਲੋਕ ਖਾਰੇ ਪਾਣੀਆਂ ਦੀ ਉਸ ਜਲਧਾਰਾ ਵਾਂਗ ਹੁੰਦੇ ਹਨ, ਜਿਸ ਵਿੱਚ ਭਾਵੇਂ ਲੱਖਾਂ ਟਨ ਸ਼ਹਿਦ ਮਿਲਾਉਣ ਤੋਂ ਬਾਅਦ ਵੀ ਉਸ ਦਾ ਖਾਰਾਪਣ ਦੂਰ ਨਹੀਂ ਹੁੰਦਾ ਹੈ। ਸਾਨੂੰ ਸਬਰ, ਸਹਿਜ, ਸੁਹਿਰਦਤਾ, ਸ਼ਾਤੀ, ਇੰਤਜ਼ਾਰ ਅਤੇ ਅਰਦਾਸ ਦੀ ਢਾਲ ਨਾਲ ਆਪਣੀ ਹਿਫ਼ਾਜ਼ਤ ਕਰਨ ਦੀ ਕਲਾ ਸਿੱਖਣ ਦੀ ਜ਼ਰੂਰਤ ਹੈ, ਕਿਉਂਕਿ ਇਹ ਉਹ ਢਾਲ ਹੈ, ਜਿਸ ਉਤੇ ਕਿਸੇ ਵੀ ਜ਼ਾਲਮ ਦਾ ਵਾਰ ਅਤੇ ਕਿਸੇ ਵੀ ਨਾਗ ਦਾ ਜ਼ਹਿਰ ਭਾਰੂ ਨਹੀਂ ਪੈ ਸਕਦਾ ਹੈ। ਇਨ੍ਹਾਂ ਹੈਂਕੜਬਾਜ਼ ਲੋਕਾਂ ਨੂੰ ਬਦਲਣ ਜਾਂ ਇੰਨੇ ਪੱਧਰ ਤੱਕ ਗਿਰ ਕੇ ਇਨ੍ਹਾਂ ਨੂੰ ਆਇਨਾ ਦਿਖਾ ਕੇ ਚਿੱਤ ਕਰਨ ਦੀ ਥਾਂ ਆਪਣਾ ਸਹਿਜ ਤੇ ਮਾਨਸਿਕ ਸਕੂਨ ਸਦਾ ਕਾਇਮ ਰੱਖਣ ਦੀ ਜ਼ਰੂਰਤ ਹੁੰਦੀ ਹੈ।

ਕਾਸ਼! ਪਰਮਾਤਮਾ ਸਾਨੂੰ ਵੀ ਸਰਲ, ਸਧਾਰਨ ਤੇ ਸਹਿਜ ਤਰੀਕੇ ਨਾਲ ਜ਼ਿੰਦਗੀ ਨੂੰ ਗੁਜ਼ਾਰਨ ਦਾ ਬੱਲ, ਬੁੱਧੀ ਅਤੇ ਪ੍ਰੇਰਣਾ ਦੇਵੇ ਅਤੇ ਅਸੀਂ ਉਸ ਨਿਰੰਕਾਰ ਦੇ ਭੈਅ ਵਿੱਚ ਇੱਕ ਅਜਿਹਾ ਜੀਵਨ ਗੁਜ਼ਾਰ ਪਾਈਏ ਕਿ ਅਸੀਂ ਖ਼ੁਦ ਵੀ ਵਿਕਾਰਾਂ ਦੇ ਬੰਧਨਾਂ ਤੋਂ ਮੁਕਤ ਹੋਈਏ ਅਤੇ ਆਪਣੇ ਆਸ-ਪਾਸ ਦੇ ਲੋਕਾਂ ਨੂੰ ਵੀ ਇਨ੍ਹਾਂ ਵਿਕਾਰਾਂ ਦੇ ਬੰਧਨਾਂ ਤੋਂ ਮੁਕਤ ਕਰਨ ਵਿੱਚ ਸਹਾਈ ਹੋ ਸਕੀਏ।



ਮੈਡੀਸਨ, ਵਿਸਕਾਨਸਿਨ ਤੋਂ ਸਿਰਫ਼ 20 ਮਿੰਟਾਂ ਦੀ ਦੂਰੀ 'ਤੇ
ਘੱਟ ਕੀਮਤ ਉਤੇ ਪੀਜ਼ਾ ਰੈਸਟੋਰੈਂਟ
ਵਿਕਾਊ ਹੈ
ਖੁਦ ਦੇ ਪੀਜ਼ਾ ਰੈਸਟੋਰੈਂਟ ਦੇ ਮਾਲਕ ਬਣੋ!
ਪਹਿਲੇ ਦਿਨ ਤੋਂ ਹੀ ਸੁਆਦੀ ਪੀਜ਼ਾ ਦੀ ਸੇਵਾ ਜਾਰੀ ਰੱਖਣ ਲਈ ਤਿਆਰ
ਕੀਮਤ $65,000
ਹੋਰ ਜਾਣਕਾਰੀ ਲਈ ਸੰਪਰਕ ਕਰੋ: 562-600-0031

# ਕਿੱਥੇ ਗਏ ਉਹ ਨਿੱਘੇ ਨੀਂਦ ਦੇ ਹੁਲਾਰੇ

## ਜੁਗ ਜੁਗ ਜੀਓ... (9)

ਡਾ. ਹਰਬੰਸ ਕੌਰ ਦਿਓਲ

"ਇੱਕ ਛੀਪ, ਦੋ ਛੀਪ, ਤਿੰਨ ਛੀਪ...।"

"ਬੈਅਅਅਅ...।"

"ਦੀਦੀ, ਇਹ ਕੀ?"

"ਪ੍ਰੀਤ, ਤੇਰੀਆਂ ਈ ਭੇਡਾਂ ਤੈਨੂੰ ਬੁਲਾ ਰਹੀਆਂ ਨੇ।"

"ਦੀਦੀ, ਮੈਂ ਸਾਰੀ ਰਾਤ ਨਹੀਂ ਸੁੱਤੀ। ਅਸਲ ਵਿੱਚ ਕਾਫੀ ਦੇਰ ਤੋਂ ਇਹ ਸੌਣ ਦੀ ਸਮੱਸਿਆ ਹੈ। ਨਿੰਮੀ ਕਹਿੰਦੀ ਸੀ, ਇਹ ਗਿਣਤੀ ਕਰਨ ਨਾਲ ਨੀਂਦ ਆ ਜਾਂਦੀ ਏ।"

"ਫਿਰ ਨੀਂਦ ਆਈ ਕਿ ਭੇਡਾਂ ਆਈਆਂ?"

"ਤੁਸੀਂ ਮੇਰਾ ਮਜ਼ਾਕ ਉਡਾਉਂਦੇ ਓ, ਮਦਦ ਕਰਨ ਦੀ ਥਾਂ। ਦੱਸੋ ਨਾ ਕੋਈ ਇਲਾਜ!"

"ਹੂੰ!... ਸੋਚਾਂਗੇ! ਪਹਿਲਾਂ ਚਰਨਾਂ ਵਿੱਚ ਮੱਥਾ ਟੇਕ, ਲੱਤਾਂ ਘੁੱਟ, ਕੁਝ ਸਮੱਗਰੀ ਲਿਆ। ਸ਼ਨੀ ਨੇ ਤੇਰੇ ਘਰ ਡੇਰਾ ਲਾਇਆ ਹੋਇਐ। ਬਹੁਤ ਕਰੋਪੀ ਹੋਈ ਪਈ ਐ ਤੇਰੇ 'ਤੇ। ਇਹ ਔਖਾ ਹੀ ਨਿਕਲੇਗਾ।"

"ਪਲੀਜ਼ ਦੀਦੀ!" ਪ੍ਰੀਤ ਨੇ ਰੋਣ ਹਾਕੀ ਹੋ ਕੇ ਕਿਹਾ।

"ਲੈ ਬੱਚੇ, ਬਾਬਿਆਂ ਨੇ ਤਰਸ ਕੀਤਾ ਤੇਰੇ 'ਤੇ, ਜਾ ਕਲਮ-ਪੱਤਰ ਲੈ ਆ। ਆਉਂਦੀ ਹੋਈ ਮਿਲਕ ਕੇਕ ਦਾ ਡੱਬਾ, ਕੁਝ ਫਲ, ਡਰਾਈ ਫਰੂਟ, ਨਮਕ ਤੋਂ ਬਿਨਾ ਨਟਜ਼, ਬੀਜ, ਬਦਾਮਾਂ ਵਾਲ ਦੁੱਧ, ਇੱਕ ਨਾਰੀਅਲ, ਇੱਕ ਵਧੀਆ ਜਿਹਾ ਸੂਟ- ਤੇਰੇ ਲਈ ਪੂਜਾ ਜੋ ਕਰਨੀ ਪੈਣੀ ਏ। ਹਿੰਮਤ ਨਾਲ ਛੇਤੀ ਆਈਂ ਮੁੜ ਕੇ, ਕਿਤੇ ਸ਼ਨੀ ਕੇਤੂ ਨੂੰ ਨਾ ਬੁਲਾ ਲਵੇ- ਡਬਲ ਪੂਜਾ ਕਰਨੀ ਪੈ ਜਾਵੇਗੀ ਫਿਰ ਤਾਂ!"


"ਇਹ ਸੂਟ ਕੀ ਕਰਨੈ?"

"ਸ਼ਨੀ ਦੀ ਘਰ ਵਾਲੀ ਵੀ ਨਾਲ ਆਈ ਹੋਈ ਐ।"

"ਇੰਨੇ ਨੂੰ ਚਾਚੀ ਨੇ ਚਾਹ ਅਤੇ ਚੰਨੀ ਦੇ ਮਨਪਸੰਦ ਘਰ ਬਣਾਏ ਹੋਏ ਬਿਸਕੁਟ ਮੇਜ 'ਤੇ ਰੱਖਦਿਆਂ ਕਿਹਾ, "ਕਿਉਂ ਧੀਏ ਇਹਦੀਆਂ ਲੱਤਾਂ ਖਿੱਚੀ ਜਾਨੀ ਏਂ, ਤੂੰ ਤਾਂ ਇਨ੍ਹਾਂ ਫਜ਼ੂਲ ਗੱਲਾਂ ਵਿੱਚ ਯਕੀਨ ਨਹੀਂ ਕਰਦੀ।"

"ਚਾਚੀ ਜੀ, ਇਹਨੂੰ ਤੰਗ ਕਰਕੇ ਮੈਨੂੰ ਮਜ਼ਾ ਬੜਾ ਆਉਂਦੈ। ਇਸ ਦਾ ਮੂੰਹ ਦੇਖਣ ਵਾਲਾ ਸੀ।"

"ਚੱਲ, ਚਾਹ ਪੀ ਲਓ, ਠੰਡੀ ਹੁੰਦੀ ਜਾਂਦੀ ਏ। 'ਲਾਚੀਆਂ ਪਾ ਕੇ ਮੈਂ ਬੜੇ ਪਿਆਰ ਨਾਲ ਬਣਾਈ ਏ।"



"ਵਾਹ ਬਈ ਵਾਹ! ਚਾਹ ਪੀਣ ਦਾ ਤਾਂ ਸੁਆਦ ਈ ਆ ਗਿਆ।" ਚੰਨੀ ਨੇ ਘੁੱਟ ਭਰਦਿਆਂ ਕਿਹਾ।

"ਚੰਨੀਏ, ਕਰ ਇਹਦਾ ਕੋਈ ਹੀਲਾ, ਨਾ ਸੌਂਦੀ ਐ, ਨਾ ਕਿਸੇ ਨੂੰ ਸੌਣ ਦਿੰਦੀ ਏ। ਮੈਂ ਗੁਰਦੁਆਰੇ ਚੱਲੀ ਆਂ, ਸੰਗਰਾਂਦ ਐ ਅੱਜ।"

"ਚੱਲ ਪ੍ਰੀਤ, ਸੁਖਾਲੀ ਜਿਹੀ ਹੋ ਕੇ ਬੈਠ ਜਾ, ਆਪਾਂ ਨੂੰ ਕਾਫੀ ਗੱਲਾਂ ਕਰਨੀਆਂ ਪੈਣੀਆਂ ਨੇ। ਨੀਂਦ ਆਪਣੇ ਲਈ ਬਹੁਤ ਹੀ ਜ਼ਰੂਰੀ ਹੈ ਅਤੇ ਜ਼ਿੰਦਗੀ ਦਾ ਇਹ ਇੱਕ ਸਹਾਇਕ ਸਿਸਟਮ ਹੈ। ਇਹ ਇੱਕ ਸਾਧਨ ਹੈ, ਜਿਸ ਨਾਲ ਆਪਾਂ ਆਪਣੇ ਸਰੀਰ ਅਤੇ ਦਿਮਾਗ ਦੀ ਤੰਦਰੁਸਤੀ ਦਾ ਬਟਨ ਰੀਸੈਟ ਕਰ ਸਕਦੇ ਹਾਂ। ਨੀਂਦ ਇੱਕ ਹਾਊਸਕੀਪਿੰਗ (housekeeping) ਦਾ ਕੰਮ ਕਰਦੀ ਐ। ਦਿਮਾਗ ਅਤੇ ਸਰੀਰ ਵਿੱਚ ਜਿਹੜੀਆਂ ਹਾਨੀਕਾਰਕ ਚੀਜ਼ਾਂ (toxins) ਜਾਗਦੇ ਵੇਲੇ ਜਮ੍ਹਾਂ ਹੁੰਦੀਆਂ ਹਨ, ਉਨ੍ਹਾਂ ਨੂੰ ਬਾਹਰ ਕੱਢ ਕੇ ਸਾਫ ਸੁਥਰਾ ਬਣਾ ਕੇ ਪੂਰੀ ਮੁਰੰਮਤ ਕਰਕੇ ਅਗਲੇ ਦਿਨ ਲਈ ਤਿਆਰ ਕਰਦੀ ਏ। ਅੱਛੀ ਨੀਂਦ ਆਪਣੀ ਦਿਮਾਗੀ ਤੇ ਸਰੀਰਕ ਸਿਹਤ ਅਤੇ ਕਾਬਲੀਅਤ ਦੀ ਬੁਨਿਆਦ ਹੈ। ਹਰ ਇੱਕ ਨੂੰ 7 ਤੋਂ 9 ਘੰਟੇ ਸੌਣਾ ਚਾਹੀਦਾ ਹੈ, ਚੰਗੀ ਗੂੜ੍ਹੀ ਨੀਂਦ (quality ਅਤੇ quantity) ਦੋਨੋਂ ਜ਼ਰੂਰੀ ਹਨ। ਜੇ ਘਟਾ ਕੇ 4 ਜਾਂ 5 ਘੰਟੇ ਕਰ ਦੇਈਏ ਤਾਂ ਮਰਨ ਦਾ ਖਤਰਾ 60% ਵਧ ਜਾਂਦੈ। ਇਸ ਕਰਕੇ ਕਹਿੰਦੇ ਨੇ, ਥੋੜ੍ਹੀ ਨੀਂਦ ਥੋੜ੍ਹੀ ਹੀ ਜੀਵਨ ਦੀ ਮਿਆਦ!"

"ਦੀਦੀ, ਇਸ ਦਾ ਮਤਲਬ ਕਿ ਨੀਂਦ ਤੋਂ ਬਿਨਾ ਆਪਾਂ ਜੀ ਨਹੀਂ ਸਕਦੇ ਅਤੇ ਲੱਗਦੈ ਇਹ ਤਾਂ ਆਪਣੀ ਖੁਰਾਕ ਤੋਂ ਵੀ ਜ਼ਿਆਦਾ ਜ਼ਰੂਰੀ ਹੈ।"

"ਤੂੰ ਠੀਕ ਕਿਹੈ।"

"ਇਹ ਦੋ ਤਰ੍ਹਾਂ ਦੀ ਹੁੰਦੀ ਐ। ਇੱਕ ਤਰ੍ਹਾਂ ਦੀ ਨੂੰ ਕਹਿੰਦੇ ਹਨ- ਰੈਮ ਸਲੀਪ (REM- rapid eye movement) ਅਤੇ ਦੂਸਰੀ ਹੈ- ਨੌਨ ਰੈਮ (Non-REM) ਨੀਂਦ। ਜਿਹੜੀ ਦੂਸਰੀ ਹੈ, ਉਹਦੀਆਂ ਚਾਰ ਸਟੇਜਾਂ ਹੁੰਦੀਆਂ ਹਨ- ਦੋ ਲਾਈਟ ਅਤੇ ਦੋ ਡੂੰਘੀ/ਗੂੜ੍ਹੀ ਨੀਂਦ ਦੀਆਂ। ਇਹ 90 ਮਿੰਟ ਦਾ ਚੱਕਰ (cycle) ਹੁੰਦਾ ਹੈ ਅਤੇ ਸਾਰੀ ਰਾਤ ਚੱਲਦਾ ਰਹਿੰਦਾ ਹੈ। ਇਹ ਸਾਰੀਆਂ ਤਰ੍ਹਾਂ ਦੀ ਨੀਂਦ ਵਿੱਚ ਵੱਖਰੇ ਵੱਖਰੇ ਕੰਮ ਹੁੰਦੇ ਨੇ ਦਿਮਾਗ ਲਈ। ਜ਼ਿਆਦਾਤਰ ਅੱਧੀ ਰਾਤ ਤੱਕ ਗੂੜ੍ਹੀ ਨੀਂਦ ਹੁੰਦੀ ਹੈ। ਉਸ ਤੋਂ ਬਾਅਦ REM. ਗੂੜ੍ਹੀ ਨੀਂਦ ਵੇਲੇ ਦਿਨ ਦੀਆਂ ਯਾਦਾਂ 'ਕੱਲੀਆਂ-'ਕੱਲੀਆਂ ਕਰ ਕੇ ਜਮ੍ਹਾਂ ਹੁੰਦੀਆਂ ਨੇ, ਯਾਨਿ ਆਪਾਂ ਸੇਵ ਬਟਨ ਦਬਾਉਂਦੇ ਆਂ। ਰੈਮ ਸਲੀਪ ਵੇਲੇ ਸੁਪਨੇ ਆਉਂਦੇ ਨੇ, ਯਾਦਾਂ ਗਰੁੱਪ ਕੀਤੀਆਂ ਜਾਂਦੀਆਂ ਨੇ ਅਤੇ ਉਨ੍ਹਾਂ ਦੇ ਇਮੋਸ਼ਨਲ ਫਸਟ-ਏਡ ਲਾ ਕੇ ਉਨ੍ਹਾਂ ਨੂੰ ਘੱਟ ਪੇਨਫੁਲ ਬਣਾਇਆ ਜਾਂਦੈ ਤੇ ਸਮੱਸਿਆਵਾਂ ਦਾ ਹੱਲ ਵੀ ਕੱਢਿਆ ਜਾਂਦੈ। ਤਾਂ ਹੀ ਸਿਆਣੇ ਕਹਿੰਦੇ ਨੇ, ਫਿਕਰ ਨਾ ਕਰ, ਸੌਂ ਜਾਹ! ਸਵੇਰੇ ਉਠ ਕੇ ਸੋਚੀਂ, ਇਸ ਦਾ ਹੱਲ ਲੱਭ ਜਾਵੇਗਾ। ਕਿੰਨਾ ਸੱਚ ਹੈ, ਇਨ੍ਹਾਂ ਗੱਲਾਂ ਵਿੱਚ।"

"ਮੈਂ ਤਾਂ ਕੁਦਰਤ ਦੇ ਇਹ ਚਮਤਕਾਰ 'ਤੇ ਵਾਰੇ ਵਾਰੇ ਜਾਂਦੀ ਆਂ।"

"ਪ੍ਰੀਤ, ਅੱਗੇ ਸੁਣ।... ਜਦੋਂ ਆਪਾਂ ਸੌਂਦੇ ਹਾਂ, ਇਹ ਬੇਹੋਸ਼ੀ ਦੀ ਹਾਲਤ ਹੁੰਦੀ ਏ ਅਤੇ ਕੋਈ ਖਤਰਾ ਹੋਵੇ, ਪਤਾ ਨਹੀਂ ਲੱਗਦਾ। ਆਪਣੇ ਬਜ਼ੁਰਗ ਸਾਲਾਂ ਪਹਿਲਾਂ ਗੁਫਾਵਾਂ (caves) ਵਿੱਚ ਗਰੁੱਪਾਂ ਵਿੱਚ ਮਿਲ ਕੇ ਰਹਿੰਦੇ ਸੀ। ਨੀਂਦ ਦੇ ਹਿਸਾਬ ਦੋ ਤਰ੍ਹਾਂ ਦੇ ਬੰਦੇ ਹਨ। ਇੱਕ ਤਰ੍ਹਾਂ ਦੇ ਜਲਦੀ ਸੌਣ ਵਾਲੇ ਅਤੇ ਜਲਦੀ ਉਠਣ ਵਾਲੇ। ਦੂਜੇ ਲੇਟ ਸੌਣ ਵਾਲੇ ਤੇ ਲੇਟ ਉਠਣ ਵਾਲੇ। ਇਹ ਆਪਣੇ ਵੱਖਰੇ-ਵੱਖਰੇ ਜੀਨਜ਼ ਕਾਰਨ ਹੁੰਦੈ। ਘਰ ਵਿੱਚ ਦੋਨੋਂ ਤਰ੍ਹਾਂ ਦੇ ਬੰਦੇ ਹਨ। ਕੋਈ ਜਲਦੀ ਤੇ ਕੋਈ ਦੇਰ ਨਾਲ ਸੌਂਦਾ ਏ। ਰਾਤ ਦਾ ਬਿਲਕੁਲ ਥੋੜ੍ਹਾ ਵਕਤ ਹੁੰਦੈ, ਜਦੋਂ ਦੋਨੋਂ ਤਰ੍ਹਾਂ ਦੇ ਸੌਣ ਵਾਲੇ ਘਰ ਦੇ ਜੀਅ ਸੌਂ ਰਹੇ ਹੋਣਗੇ। ਇਸ ਲਈ ਉਹ ਵਕਤ, ਜਿਸ ਵੇਲੇ ਖਤਰੇ ਤੇ ਨਿਗਰਾਨੀ ਨਹੀਂ ਹੁੰਦੀ (ਨੀਂਦ ਕਰਕੇ), ਉਹ ਵਕਤ ਘੱਟ ਹੁੰਦਾ ਏ।"

"ਦੀਦੀ, ਇਹ ਤਾਂ ਕਮਾਲ ਦੀ ਗੱਲ ਐ।"

"ਅਗਲੀ ਗੱਲ ਤਾਂ ਇਸ ਤੋਂ ਵੀ ਜ਼ਿਆਦਾ ਹੈਰਾਨ ਕਰਨ ਵਾਲੀ ਹੈ। ਆਪਣੇ ਦਿਮਾਗ ਦੇ ਦੋ ਹਿੱਸੇ ਹਨ- ਸੱਜਾ ਤੇ ਖੱਬਾ, ਅਤੇ ਉਹ ਉਲਟੇ ਪਾਸੇ ਨੂੰ ਕੰਟਰੋਲ ਕਰਦੇ ਨੇ ਯਾਨਿ ਸੱਜੇ ਪਾਸੇ ਦਾ ਦਿਮਾਗ ਖੱਬੇ ਪਾਸੇ ਦੇ ਸਰੀਰ ਨੂੰ ਅਤੇ ਖੱਬੇ ਪਾਸੇ ਦਾ ਦਿਮਾਗ ਸੱਜੇ ਪਾਸੇ ਦੇ ਸਰੀਰ ਨੂੰ। ਆਪਣਾ ਬੋਲਣ ਦਾ ਕੇਂਦਰ ਖੱਬੇ ਪਾਸੇ ਦੇ ਦਿਮਾਗ ਵਿੱਚ ਹੈ। ਜਦੋਂ ਆਪਾਂ ਸੌਂਦੇ ਹਾਂ ਤਾਂ ਦੋਨੋਂ ਪਾਸੇ ਸੌਂਦੇ ਨੇ, ਪਰ ਦਿਮਾਗ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਨੇ ਨੀਂਦ ਵੇਲੇ। ਕਈ ਜਾਨਵਰ ਜੋ ਪਾਣੀ ਵਿੱਚ ਰਹਿੰਦੇ ਨੇ, ਜਿਵੇਂ ਡੌਲਫਿਨਜ਼ (dolphins) ਵਗੈਰਾ, ਉਨ੍ਹਾਂ ਦਾ ਇੱਕ ਪਾਸੇ ਦਾ ਦਿਮਾਗ ਹੀ ਸੌਂਦੈ ਇੱਕ ਵਕਤ 'ਤੇ, ਤਾਂ ਕਿ ਉਹ ਸਾਹ ਲੈ ਸਕਣ ਬਾਹਰ ਆ ਕੇ, ਜਦੋਂ ਉਨ੍ਹਾਂ ਨੂੰ ਜ਼ਰੂਰਤ ਹੋਵੇ।"

"ਕੀ ਪੰਛੀ ਆਪਣੇ ਵਰਗੇ ਨੇ ਜਾਂ ਡੌਲਫਿਨਜ਼ ਵਰਗੇ?"

"ਉਨ੍ਹਾਂ ਦਾ ਤਾਂ ਇਸ ਤੋਂ ਵੀ ਵਧੀਆ ਤਰੀਕਾ ਹੈ। ਤੂੰ ਪਤਾ ਨ੍ਹੀਂ ਧਿਆਨ ਕੀਤਾ ਏ ਕਿ ਨਹੀਂ, ਜਦੋਂ ਉਹ ਅਰਾਮ ਕਰਦੇ ਨੇ ਤਾਂ ਇੱਕ ਲਾਈਨ ਵਿੱਚ ਬੈਠਦੇ ਨੇ ਤਾਰਾਂ ਵਗੈਰਾ 'ਤੇ, ਪੂਰੀ ਉਡਾਰ ਵਿੱਚ ਜੋ ਵਿਚਕਾਰ ਵਾਲੇ ਹੁੰਦੇ ਨੇ, ਉਨ੍ਹਾਂ ਦਾ ਦੋਨੋਂ ਪਾਸੇ ਦਾ ਦਿਮਾਗ ਨੀਂਦ ਵੇਲੇ ਸੌਂ ਜਾਂਦੈ ਅਤੇ ਦੋਨੋਂ ਪਾਸਿਆਂ ਵਾਲੇ ਬਾਹਰ ਵਾਲੀ ਅੱਖ ਖੁੱਲ੍ਹੀ ਰੱਖਦੇ ਨੇ ਅਤੇ ਉਨ੍ਹਾਂ ਦਾ ਇੱਕ ਪਾਸੇ ਦਾ ਦਿਮਾਗ ਹੀ ਸੌਂਦਾ ਹੈ ਤਾਂ ਕਿ ਉਹ ਖਤਰੇ ਤੋਂ ਸਾਵਧਾਨ ਰਹਿਣ। ਜਦੋਂ ਉਨ੍ਹਾਂ ਦਾ ਇੱਕ ਪਾਸੇ ਦਾ ਦਿਮਾਗ ਅਰਾਮ ਕਰ ਲੈਂਦਾ ਏ ਤਾਂ ਉਹ ਆਪਣਾ ਮੂੰਹ ਘੁਮਾ ਕੇ 180 ਡਿਗਰੀ ਦੂਜੇ ਪਾਸੇ ਨੂੰ ਕਰ ਲੈਂਦੇ ਨੇ ਅਤੇ ਦੂਸਰੀ ਬਾਹਰ ਵਾਲੀ ਅੱਖ ਖੋਲ੍ਹ ਕੇ ਸੌਂ ਜਾਂਦੇ ਨੇ। ਇਸ ਤਰ੍ਹਾਂ ਖੱਬੇ ਤੇ ਸੱਜੇ ਪਾਸੇ ਦੇ ਪੰਛੀ ਆਪਣੀ ਨੀਂਦ ਵੀ ਪੂਰੀ ਕਰ ਲੈਂਦੇ ਨੇ ਅਤੇ ਖਤਰੇ ਤੋਂ ਨਿਗਰਾਨੀ ਵੀ ਰੱਖਦੇ ਨੇ ਸਾਰੇ ਝੁੰਡ ਲਈ।"

"ਵਾਹ ਬਈ ਵਾਹ! ਕੁਦਰਤ ਦੀਆਂ ਕਰਾਮਾਤਾਂ ਦਾ ਕੋਈ ਹਿਸਾਬ ਨਹੀਂ।"

"ਪ੍ਰੀਤ, ਹੁਣ ਸਵਾਲ ਉਠਦਾ ਏ ਕਿ ਆਪਾਂ ਸੌਂਦੇ ਕਿਉਂ ਹਾਂ? ਇਸ ਦਾ ਆਪਾਂ ਨੂੰ ਕੀ ਫਾਇਦਾ ਹੈ ਅਤੇ ਜੇ ਨਾ ਸੌਂਈਏ ਤਾਂ ਕੀ ਨੁਕਸਾਨ ਹਨ?

ਨੀਂਦ ਦੀ ਕੁਆਲਿਟੀ ਅਤੇ ਮਿਕਦਾਰ- ਦੋਵੇਂ ਹੀ ਜ਼ਰੂਰੀ ਹਨ, ਜਿਵੇਂ ਆਪਾਂ ਪਹਿਲਾਂ ਗੱਲ ਕਰ ਚੁਕੇ ਹਾਂ। ਨੀਂਦ ਵੇਲੇ ਇੰਨੀਆਂ ਤਬਦੀਲੀਆਂ ਹੁੰਦੀਆਂ ਹਨ ਆਪਣੇ ਦਿਮਾਗ ਅਤੇ ਸਰੀਰ ਦੀ ਤੰਦਰੁਸਤੀ ਨੂੰ ਕਾਇਮ ਰੱਖਣ ਲਈ ਕਿ ਸਾਇੰਸਦਾਨਾਂ ਨੇ ਨੀਂਦ ਨੂੰ ਮਲਟੀਟਾਸਕਿੰਗ ਨਿੰਜਾ (multitasking ninja) ਕਿਹੈ।

1. ਦਿਮਾਗ ਦੀਆਂ ਜ਼ਹਿਰੀਲੀਆਂ ਵਸਤਾਂ (toxins, trash) ਜੋ ਜਾਗਣ ਵੇਲੇ ਦਿਮਾਗ ਦੀਆਂ ਐਕਟੀਵਿਟੀਜ਼ ਕਰਕੇ ਕੱਠੀਆਂ ਹੋਈਆਂ ਹੁੰਦੀਆਂ ਹਨ, ਉਨ੍ਹਾਂ ਨੂੰ ਨੀਂਦ ਵੇਲੇ ਕੱਢਿਆ (wash out) ਜਾਂਦੈ ਸੌਣ ਵੇਲੇ। ਅੱਧੀ ਰਾਤ ਦੇ ਨੇੜੇ ਦਿਮਾਗ ਦੇ ਸੈੱਲਾਂ ਦੀ ਗੱਲਬਾਤ ਥੋੜ੍ਹੀ ਦੇਰ ਲਈ ਬੰਦ ਹੋ ਜਾਂਦੀ ਹੈ ਅਤੇ (CSF) ਫਲਅਡ ਕਾਰ ਵਾਸ਼ ਦੀ ਤਰ੍ਹਾਂ ਆਪਣੇ ਦਿਮਾਗ ਨੂੰ ਧੋ ਦਿੰਦੈ। ਬਾਕੀ ਵਕਤ ਵਿੱਚ ਦਿਮਾਗ ਦੇ ਸੈੱਲ ਆਪਸ ਵਿੱਚ ਸੰਚਾਰ (communicate) ਕਰਦੇ ਹਨ ਅਤੇ ਨਵੀਆਂ ਗਤੀਵਿਧੀਆਂ ਵੱਲ ਧਿਆਨ ਦਿੱਤਾ ਜਾਂਦੈ। ਨਵੀਆਂ ਯਾਦਾਂ ਨੂੰ ਇੱਕਸਾਰ ਕਰਨ ਦਾ ਕੰਮ (consolidate memories) ਅਤੇ ਦਿਮਾਗ ਦੀ ਮੁਰੰਮਤ (repair ਅਤੇ restore) ਹੁੰਦੀ ਏ।

ਨੀਂਦ ਦੀ ਘਾਟ ਜੇ ਹੋਵੇ, 2-3 ਰਾਤਾਂ ਨਾ ਸੌਂ ਸਕੋ ਤਾਂ ਚਿੰਤਾ (anxiety) ਦਿਮਾਗੀ ਉਲਝਣ (confusion) ਹੋ ਜਾਂਦੀ ਹੈ। ਕਈ ਵਾਰੀ ਤਾਂ hallucinations ਵੀ ਹੋਣ ਲੱਗ ਜਾਂਦੀਆਂ ਹਨ। ਨਵੀਆਂ ਗੱਲਾਂ ਦੀ ਯਾਦਦਾਸ਼ਤ, ਨਵੀਆਂ ਗਤੀਵਿਧੀਆਂ ਸਿੱਖਣ ਅਤੇ ਫੈਸਲੇ ਕਰਨ ਦੀ ਕਾਬਲੀਅਤ ਘਟ ਜਾਂਦੀ ਹੈ। ਜੇ ਉਨੀਂਦਰਾ ਤਿੰਨ ਮਹੀਨੇ ਤੋਂ ਜ਼ਿਆਦਾ ਹੋ ਜਾਵੇ ਤਾਂ ਦਿਮਾਗੀ ਕਮਜ਼ੋਰੀ ਦਾ ਖਤਰਾ ਵਧ ਜਾਂਦੈ। ਮਾੜਾ ਨਿਰਣਾ (poor judgment) ਕਰਕੇ ਐਕਸੀਡੈਂਟ ਵੀ ਵਧ ਜਾਂਦੇ ਨੇ। ਹਰ ਸਾਲ ਲੱਖ ਦੇ ਕਰੀਬ ਹਾਦਸੇ ਵਾਪਰਦੇ ਹਨ। ਨਾ ਸੌਣ ਨਾਲ ਤਣਾਅ (stress) ਵਧਦਾ ਏ ਅਤੇ ਯਾਦਦਾਸ਼ਤ 'ਤੇ ਵੀ ਅਸਰ ਪੈਂਦਾ ਹੈ।



2. ਨੀਂਦ ਵੇਲੇ ਤਾਂ ਦਿਲ ਵਿੱਚ ਵੀ ਤਬਦੀਲੀਆਂ ਆਉਂਦੀਆਂ ਨੇ। ਆਪਣੇ ਦਿਲ ਦੀ ਧੜਕਣ ਦੇ ਰੇਟ ਦੀ ਵੇਰੀਏਬਿਲਟੀ (variability) ਵਧ ਜਾਂਦੀ ਏ। ਖ਼ੂਨ ਦਾ ਦੌਰਾ ਵੀ ਘਟ ਜਾਂਦੈ, ਕਿਉਂਕਿ ਸਿਮਪੈਥੈਟਕ (sympathetic) ਐਕਟੇਵਿਟੀ ਘਟ ਜਾਂਦੀ ਐ ਸੌਣ ਦੇ ਦੌਰਾਨ। ਜੇ ਨੀਂਦ ਘੱਟ ਹੋਵੇ ਤਾਂ ਉਸ ਤੋਂ ਉਲਟ ਹੁੰਦਾ ਏ। ਕੋਰਟੀਸੋਲ ਹਾਰਮੋਨ ਵਧਣ ਕਰਕੇ ਇਨਫਲੇਮੇਸ਼ਨ ਤੇ ਖ਼ੂਨ ਦਾ ਦੌਰਾ ਵਧ ਜਾਂਦੈ ਅਤੇ ਐਥੀਰੋਸਕਲੀਰੋਸਿਸ (atherosclerosis) ਹੋ ਜਾਂਦੈ, ਜਿਸ ਨਾਲ ਦਿਲ ਦੀ ਬਿਮਾਰੀ ਦਾ ਖਤਰਾ ਵਧ ਜਾਂਦੈ।

3. ਤੀਸਰਾ, ਆਪਣੀ ਸੁਰੱਖਿਆ ਸ਼ਕਤੀ (immunity) ਨੂੰ ਮਜ਼ਬੂਤ ਬਣਾਉਣ ਲਈ ਵਧੀਆ ਕੁਆਲਿਟੀ ਦੀ ਨੀਂਦ ਅਤੇ ਚੰਗੀ ਮਿਕਦਾਰ ਵਿੱਚ ਨੀਂਦ ਦੀ ਬਹੁਤ ਜ਼ਰੂਰਤ ਹੈ। ਨੀਂਦ ਵੇਲੇ ਆਪਣਾ ਸਰੀਰ ਖਾਸ ਪ੍ਰੋਟੀਨ ਸਾਈਟੋਕਾਈਨੇਜ਼ (cytokines) ਬਣਾਉਂਦਾ ਹੈ, ਜੋ ਸੰਕ੍ਰਮਣ (infection) ਤੇ ਸੋਜ (inflammation) ਨੂੰ ਖਤਮ ਕਰਕੇ ਰੋਗਨਾਸ਼ਕ (antibodies) ਅਤੇ ਪ੍ਰਤਿਰੋਧੀ (immune) ਸੈੱਲ ਬਣਾਉਂਦੇ ਹਨ। ਜੇ ਨੀਂਦ ਘਟਾ ਕੇ 4-5 ਘੰਟੇ ਕੀਤੀ ਜਾਵੇ ਤਾਂ 70% ਕੈਂਸਰ ਨੂੰ ਕਾਬੂ ਕਰਨ ਵਾਲੇ ਕਿਲਰ ਸੈੱਲ ਘਟ ਜਾਂਦੇ ਨੇ। ਨੀਂਦ ਘੱਟ ਹੋਣ ਦਾ, ਜਿਸ ਨੂੰ ਇਨਸੋਮਨੀਆ (insomnia) ਕਹਿੰਦੇ ਹਨ, ਆਪਣੀ ਸੁਰੱਖਿਆ ਸ਼ਕਤੀ 'ਤੇ ਇੱਥੋਂ ਤੱਕ ਅਸਰ ਪੈਂਦਾ ਏ ਕਿ ਜੇ ਆਪਾਂ ਇੱਕ ਹਫਤਾ ਚੰਗੀ ਤਰ੍ਹਾਂ ਨਾ ਸੌਂਈਏ ਅਤੇ ਵੈਕਸੀਨ ਲਈਏ, ਉਸ ਦਾ ਅਸਰ 50% ਹੀ ਹੁੰਦੈ- ਮਤਲਬ ਕਿ ਆਪਣੇ ਸਰੀਰ ਦੀ ਕੋਈ ਬਿਮਾਰੀ ਨੂੰ ਫਾਈਟ ਕਰਨ ਦੀ ਸਮਰਥਾ 50% ਘਟ ਜਾਂਦੀ ਹੈ।"

"ਦੀਦੀ, ਤੁਸੀਂ ਤਾਂ ਡਰਾ ਈ ਦਿੱਤੈ।"

"ਅੱਗੇ ਚੱਲ ਕੇ ਆਪਾਂ ਇਲਾਜ ਵੀ ਕਰਾਂਗੇ, ਪਰ ਪੂਰੀ ਜਾਣਕਾਰੀ ਸੁਣ ਲੈ ਪਹਿਲਾਂ।

4. ਅਗਲਾ ਹੈ ਉਸਾਰੀ ਕਿਰਿਆ (metabolism) 'ਤੇ ਅਸਰ। ਨੀਂਦ ਵੇਲੇ ਹਾਰਮੋਨਜ਼ ਦੀਆਂ ਤਬਦੀਲੀਆਂ ਕਾਰਨ ਸ਼ੂਗਰ 'ਤੇ ਕਾਬੂ ਕਰਨ ਦਾ ਅਤੇ ਇਨਸੁਲਿਨ ਰਜਿਸਟੈਂਟ ਘਟਾਉਣ ਦਾ ਕੰਮ ਹੁੰਦਾ ਐ। ਜੇਕਰ ਨੀਂਦ ਦੀ ਸਮੱਸਿਆ ਹੋਵੇ ਤਾਂ ਸ਼ੂਗਰ ਤੇ ਕਾਰਬਜ਼ ਦੀ ਕਰੇਵਿੰਗਜ਼ ਹੁੰਦੀ ਹੈ ਅਤੇ ਮੋਟਾਪੇ ਦੀ 50% ਸੰਭਾਵਨਾ ਹੋ ਜਾਂਦੀ ਹੈ, ਇਸ ਦੇ ਨਾਲ ਹੀ ਸ਼ੂਗਰ ਦੀ ਬਿਮਾਰੀ ਆਦਿ ਦੀ ਵੀ।

5. ਨੀਂਦ ਵੇਲੇ ਆਪਣੇ ਸਰੀਰ ਵਿੱਚ ਕਈ ਤਰ੍ਹਾਂ ਦੇ ਤੱਤ (hormones) ਬਣਦੇ ਨੇ। ਵਿਕਾਸ ਦੇ ਹਾਰਮੋਨ (growth hormone), ਜਿਸ ਨਾਲ ਬੱਚਿਆਂ ਦੀਆਂ ਹੱਡੀਆਂ ਦਾ ਵਿਕਾਸ ਹੁੰਦਾ ਹੈ, ਇਸ ਦੀ ਮਾਤਰਾ ਰਾਤ ਨੂੰ ਦੋ-ਦੋ ਘੰਟੇ ਬਾਅਦ ਵਧਦੀ ਰਹਿੰਦੀ ਹੈ ਅਤੇ ਰੈਮ ਸਲੀਪ ਵੇਲੇ ਜ਼ਿਆਦਾ ਮਾਤਰਾ ਸਿਖਰ 'ਤੇ ਹੁੰਦੀ ਹੈ। ਇਹ ਆਪਣੇ ਪੱਠਿਆਂ ਤੇ ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਏ ਅਤੇ ਫੈਟ ਦੀ ਉਸਾਰੀ ਕਿਰਿਆ (fat metabolism) ਦਾ ਕੰਮ ਕਰਕੇ ਉਸ ਨੂੰ ਘਟਾਉਂਦਾ ਏ।

-ਖੁਸ਼ੀ ਦੇ ਹਾਰਮੋਨ (happy hormones) ਵੀ ਬਣਦੇ ਹਨ ਸੌਣ ਵੇਲੇ

-ਕੋਰਟੀਸੋਲ (cortisol), ਰਾਤ ਨੂੰ ਇਸ ਦੀ ਮਾਤਰਾ ਘਟ ਜਾਂਦੀ ਏ, ਜੇ ਨੀਂਦ ਚੰਗੀ ਤਰ੍ਹਾਂ ਨਾ ਆਵੇ ਤਾਂ ਇਹ ਜਲਦੀ, ਇੱਕ ਘੰਟਾ ਪਹਿਲਾਂ ਹੀ ਵਧ ਜਾਂਦੈ ਸਵੇਰੇ।

-ਲੈਪਟਿਨ (leptin), ਜੋ ਮਿਹਦੇ ਦੇ ਭਰ ਜਾਣ 'ਤੇ ਸਿਗਨਲ ਦਿੰਦਾ ਹੈ

-ਗਰੈਲਿਨ (ghrelin) ਜੋ ਭੁੱਖ ਦਾ ਇਸ਼ਾਰਾ ਕਰਦੈ

ਇਹ ਦੋਹਾਂ ਦੀ ਗੜਬੜ ਕਰ ਕੇ ਜੇ ਨੀਂਦ ਨਾ ਆਵੇ, ਗਲਤ ਖੁਰਾਕ ਦੀ ਲਾਲਸਾ (cravings) ਵਧ ਜਾਂਦੀ ਹੈ ਅਤੇ ਭੁੱਖ ਵੀ ਵਧ ਜਾਂਦੀ ਏ। ਇਹ ਦੋਹਾਂ ਗੱਲਾਂ ਕਾਰਨ ਵਜਨ ਵਧਣ ਦਾ ਅਤੇ ਸ਼ੂਗਰ ਦੀ ਬਿਮਾਰੀ ਦੀ ਬੁਨਿਆਦ ਬਣ ਜਾਂਦੀ ਏ।

-ਮੈਲਾਟੋਨਿਨ (melatonin) ਦਿਨ ਨੂੰ ਘੱਟ ਹੁੰਦੀ ਏ, ਹਨੇਰੇ ਨਾਲ ਇਸ ਦੀ ਮਾਤਰਾ ਵਧਦੀ ਹੈ- ਇਹ ਸਾਨੂੰ ਸੌਣ ਲਈ ਸਹਾਇਕ ਹੁੰਦਾ ਹੈ।

ਟੀ.ਐਸ.ਐਚ. (TSH) ਸੌਣ ਵੇਲੇ ਘੱਟ ਹੁੰਦਾ ਏ, ਇਹ ਥਾਈਰੁਐਡ ਗਲੈਂਡ (thyroid gland) ਦੇ ਕੰਮ ਨੂੰ ਸੰਭਾਲਦਾ ਹੈ, ਜੋ ਆਪਣੀ ਉਸਾਰੀ ਕਿਰਿਆ ਦਾ ਕਮਾਂਡਰ-ਇਨ-ਚੀਫ ਹੈ।"

"ਦੀਦੀ, ਆਹ ਤਾਂ ਸਾਰੀ ਸਿਹਤ ਦਾ ਈ ਕੰਮ ਗੜਬੜ ਹੋ ਗਿਆ, ਲੰਮੇ ਅਰਸੇ ਲਈ ਜੇ ਨੀਂਦ ਨਾ ਆਵੇ। ਉਨੀਂਦਰੇ ਦਾ ਤਾਂ ਐਪੀਡੈਮਿਕ ਹੋਇਆ ਲੱਗਦੈ।"

"ਚੱਲ ਆਪਾਂ ਇਸ ਦੇ ਕਾਰਨਾਂ ਵੱਲ ਧਿਆਨ ਕਰੀਏ।

1. ਬਹੁਤ ਲੋਕਾਂ ਦਾ ਕਹਿਣੈ, ਕੰਮ ਬਹੁਤ ਹੈ, ਵਕਤ ਘੱਟ ਹੈ। ਰਾਤ ਨੂੰ ਜਾਗਣਾ ਪੈਂਦਾ ਹੈ ਕੰਮ ਖਤਮ ਕਰਨ ਲਈ।

2. ਤਣਾਅ, ਚਿੰਤਾ ਜ਼ਿੰਦਗੀ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੀ, ਪੈਸੇ ਦੀ ਘਾਟ ਅਤੇ ਨੌਕਰੀ ਦੀ ਫਿਕਰ।

3. ਇਲੈਕਟ੍ਰੋਨਿਕ ਯੰਤਰਾਂ ਦਾ ਨਸ਼ਾ (addiction)

4. ਕਈ ਬਿਮਾਰੀਆਂ ਜਿਵੇਂ ਘੁਰਾੜਿਆਂ ਦੀ (snoring) ਅਤੇ ਸਲੀਪ ਐਪਨੀਆ (sleep apnea), ਐਸੀਡਿਟੀ (gerd and acid reflux), ਰਾਤ ਨੂੰ ਪਸੀਨਾ, ਰਾਤ ਨੂੰ ਮੁੜ ਮੁੜ ਪਿਸ਼ਾਬ ਦੀ ਤਕਲੀਫ, ਜੋੜਾਂ ਦਾ ਜਾਂ ਪਿੱਠ ਦਾ ਦਰਦ, ਲੱਤਾਂ ਨੂੰ ਖੱਲੀਆਂ ਚੜ੍ਹਨਾ ਵਗੈਰਾ

5. ਕਈ ਦਵਾਈਆਂ ਦੇ ਬੁਰੇ ਪ੍ਰਭਾਵ

6. ਉਦਾਸੀ ਅਤੇ ਹੋਰ ਦਿਮਾਗੀ ਬਿਮਾਰੀਆਂ

7. ਉਮਰ ਕਰ ਕੇ ਬਜ਼ੁਰਗਾਂ ਦੀ ਨੀਂਦ ਵੀ ਘੱਟ ਹੋ ਸਕਦੀ ਹੈ

8. ਸੌਣ ਦੀਆਂ ਮਾੜੀਆਂ ਆਦਤਾਂ।"

"ਦੀਦੀ, ਕਈਆਂ ਨੂੰ ਨੀਂਦ ਨਹੀਂ ਆਉਂਦੀ, ਉਹ ਸੌਣਾ ਚਾਹੁੰਦੇ ਨੇ, ਵਕਤ ਵੀ ਹੈ ਜਿਵੇਂ ਮੈਂ ਅਤੇ ਕਈ ਲੋਕ ਸੌਂ ਜਾਂਦੇ ਨੇ, ਪਰ ਜਲਦੀ ਜਾਗ ਖੁੱਲ੍ਹ ਜਾਂਦੀ ਹੈ।"

"ਦੋਨੋਂ ਤਰ੍ਹਾਂ ਦੇ ਕੁਝ ਕਾਰਨ ਆਮ ਹਨ ਜਿਵੇਂ ਸਟਰੈਸ, ਚਿੰਤਾ, ਦਰਦ ਅਤੇ ਉਦਾਸੀ।

ਇਹ ਫਰਕ ਹੋ ਸਕਦਾ ਜਿਵੇਂ ਵੱਖਰੀ ਵੱਖਰੀ ਕਰੋਨੋਟਾਈਪ (chronotype). ਕਈ ਲੋਕ ਜਲਦੀ ਸੌਣ ਵਾਲੇ ਅਤੇ ਕਈ ਲੇਟ ਸੌਣ ਵਾਲੇ ਹਨ। ਇਹ ਜਨੈਟਿਕ ਫਰਕ ਕਰਕੇ ਹੁੰਦਾ ਏ ਅਤੇ ਤੁਸੀਂ ਬਦਲ ਨਹੀਂ ਸਕਦੇ। ਜੇ ਲੇਟ ਸੌਣ ਵਾਲੀ ਕਰੋਨੋਟਾਈਪ ਜਲਦੀ ਪੈ ਜਾਣ ਉਨ੍ਹਾਂ ਨੂੰ ਨੀਂਦ ਤਾਂ ਆਉਣੀ ਨਹੀਂ, ਮੰਜੇ 'ਤੇ ਪਾਸੇ ਈ ਮਾਰਨੇ ਐਂ। ਸਫਰ ਕਰਨ ਨਾਲ ਜੈੱਟ ਲੈਗ ਵੀ ਤੁਹਾਡਾ ਸਰਕੇਡੀਅਨ (circadian rhythm) ਬਦਲ ਜਾਂਦੈ।

ਕਿਉਂ ਨਾ ਆਪਾਂ ਇਸ ਤੋਂ ਅੱਗੇ ਦਾ ਹਿੱਸਾ ਅਗਲੀ ਵਾਰ ਵਿਚਾਰ ਕਰੀਏ!"

ਤੰਦਰੁਸਤ ਰਹੋ, ਖੁਸ਼ ਰਹੋ!

**ਨੋਟ: ਇਸ ਲੇਖ ਵਿਚਲੇ ਤੱਥ ਸਿਰਫ ਜਾਣਕਾਰੀ ਲਈ ਛਾਪੇ ਜਾ ਰਹੇ ਹਨ। ਕਿਸੇ ਵੀ ਤਰ੍ਹਾਂ ਦਾ ਘਰੇਲੂ ਆਹਾਰ-ਪਾਹਰ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ ਮਸ਼ਵਰਾ ਜ਼ਰੂਰ ਕਰੋ।**

# ਭਾਰਤੀ ਹਾਕੀ ਦਾ 'ਬਰੇਨੀ ਫਾਰਵਰਡ' ਸੁਰਿੰਦਰ ਸਿੰਘ ਸੋਢੀ

**ਖਿਡਾਰੀ ਹੱਦਾਂ-ਸਰਹੱਦਾਂ ਤੋਂ ਪਾਰ ਹੁੰਦੇ ਹਨ। ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਲੜੀਵਾਰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਭਾਰਤੀ ਹਾਕੀ ਦੇ ਨਾਮੀ ਖਿਡਾਰੀ ਸੁਰਿੰਦਰ ਸਿੰਘ ਸੋਢੀ ਤੋਂ ਭਲਾ ਕੌਣ ਵਾਕਫ ਨਹੀਂ! 1982 ਵਿੱਚ ਉਹ 23 ਵਰ੍ਹਿਆਂ ਦੀ ਉਮਰੇ ਭਾਰਤੀ ਟੀਮ ਦੇ ਕਪਤਾਨ ਬਣ ਗਏ ਸਨ। ਭਾਰਤ ਸਰਕਾਰ ਨੇ 1998 ਵਿੱਚ ਉਨ੍ਹਾਂ ਨੂੰ ਅਰਜੁਨਾ ਐਵਾਰਡ ਨਾਲ ਸਨਮਾਨਤ ਕੀਤਾ। ਗੌਲਫ ਖੇਡਣ ਲੱਗੇ ਤਾਂ ਉਥੇ ਵੀ ਚੈਂਪੀਅਨ ਬਣੇ। ਖੇਡਾਂ ਨੂੰ ਸਮਰਪਿਤ ਸੁਰਿੰਦਰ ਸਿੰਘ ਸੋਢੀ ਨੇ ਜਲੰਧਰ ਸਥਿਤ ਆਪਣੇ ਘਰ ਦਾ ਨਾਮ ਵੀ 'ਓਲੰਪੀਆ ਨੈਸਟ' ਰੱਖਿਆ, ਜਿਸ ਵਿੱਚ ਮਾਸਕੋ ਓਲੰਪਿਕਸ ਦੇ ਲੋਗੋ ਦੇ ਡਿਜ਼ਾਇਨ ਲਗਾਏ ਹਨ। ਪੇਸ਼ ਹੈ, ਸ. ਸੋਢੀ ਦੇ ਖੇਡ-ਜੀਵਨ ਦਾ ਸੰਖੇਪ ਵੇਰਵਾ...**

**ਖਿਡਾਰੀ ਪੰਜ-ਆਬ ਦੇ (12)**

ਨਵਦੀਪ ਸਿੰਘ ਗਿੱਲ
ਫੋਨ: +91-9780036216



ਸੁਰਿੰਦਰ ਸਿੰਘ ਸੋਢੀ ਭਾਰਤੀ ਹਾਕੀ ਦੇ ਸੁਨਹਿਰੀ ਯੁੱਗ ਦਾ ਆਖਰੀ ਹਸਤਾਖਰ ਹੈ। ਸੋਢੀ ਦੀ ਅਗਵਾਈ ਹੇਠ ਭਾਰਤੀ ਹਾਕੀ ਨੇ ਓਲੰਪਿਕ ਖੇਡਾਂ ਵਿੱਚ ਆਖਰੀ ਤਮਗਾ 1980 ਵਿੱਚ ਮਾਸਕੋ ਵਿਖੇ ਜਿੱਤਿਆ ਸੀ, ਉਹ ਵੀ ਸੋਨੇ ਦਾ। ਸੋਢੀ ਵੀ ਸ਼ੁੱਧ ਸੋਨੇ ਵਰਗਾ ਖਿਡਾਰੀ ਹੈ। ਸੋਢੀ ਦੀ ਸਟਿੱਕ ਦਾ ਜਾਦੂ ਵੀ ਸਿਖਰਾਂ 'ਤੇ ਰਿਹਾ। ਮਾਸਕੋ ਵਿਖੇ 15 ਗੋਲਾਂ ਨਾਲ ਟਾਪ ਸਕੋਰਰ ਬਣ ਕੇ ਉਸ ਨੇ 1956 ਦੀਆਂ ਮੈਲਬਰਨ ਓਲੰਪਿਕ ਖੇਡਾਂ ਦੇ ਟਾਪ ਸਕੋਰਰ ਊਧਮ ਸਿੰਘ ਦੀ ਬਰਾਬਰੀ ਕੀਤੀ ਸੀ। ਇਹ ਰਿਕਾਰਡ ਹਾਲੇ ਤੱਕ ਨਹੀਂ ਟੁੱਟਿਆ। ਸੋਢੀ ਨੇ ਹਾਕੀ ਖੇਡਣੀ ਕਾਹਦੀ ਛੱਡੀ, ਭਾਰਤੀ ਹਾਕੀ ਦੀ ਕਿਸਮਤ ਹੀ ਰੁੱਸ ਗਈ। ਉਸ ਤੋਂ ਬਾਅਦ ਓਲੰਪਿਕ ਖੇਡਾਂ ਵਿੱਚ ਤਾਂ ਭਾਰਤੀ ਟੀਮ ਤਮਗਾ ਤਾਂ ਦੂਰ ਦੀ ਗੱਲ, ਸਗੋਂ 41 ਸਾਲ ਤੱਕ ਸੈਮੀ ਫਾਈਨਲ ਵੀ ਨਹੀਂ ਖੇਡੀ। 2021 ਵਿੱਚ ਟੋਕੀਓ ਵਿਖੇ ਭਾਰਤੀ ਹਾਕੀ ਟੀਮ ਨੇ ਸੈਮੀ ਫ਼ਾਈਨਲ ਖੇਡਿਆ ਅਤੇ ਫੇਰ ਕਾਂਸੀ ਦਾ ਤਮਗ਼ਾ ਜਿੱਤਿਆ। ਇਸ ਸਮੇਂ ਦੌਰਾਨ 2008 ਵਿੱਚ ਤਾਂ ਭਾਰਤੀ ਟੀਮ ਓਲੰਪਿਕਸ ਲਈ ਕੁਆਲੀਫਾਈ ਵੀ ਨਾ ਹੋ ਸਕੀ ਸੀ। ਸੋਢੀ ਸੋਲਾਂ ਵਰ੍ਹਿਆਂ ਦੀ ਸਭ ਤੋਂ ਛੋਟੀ ਉਮਰੇ ਭਾਰਤੀ ਟੀਮ ਵਿੱਚ ਆ ਗਿਆ ਸੀ। ਤੇਈਵੇਂ ਸਾਲ ਤਾਂ ਉਹ ਭਾਰਤੀ ਹਾਕੀ ਦਾ ਕਪਤਾਨ ਬਣ ਗਿਆ ਸੀ।

ਭਾਰਤ ਨੇ ਚੈਂਪੀਅਨਜ਼ ਟਰਾਫੀ ਵਿੱਚ ਵੀ ਆਪਣਾ ਪਲੇਠਾ ਤਮਗਾ ਉਸੇ ਦੀ ਕਪਤਾਨੀ ਹੇਠ 1982 ਵਿੱਚ ਐਮਸਟਰਡਮ ਵਿਖੇ ਜਿੱਤਿਆ ਸੀ। ਵਿਸ਼ਵ ਕੱਪ ਤੇ ਓਲੰਪਿਕਸ ਦੇ ਪੱਧਰ ਵਾਲੇ ਇਸ ਟੂਰਨਾਮੈਂਟ ਵਿੱਚ ਭਾਰਤੀ ਟੀਮ ਨੂੰ ਅਗਲਾ ਤਮਗਾ ਜਿੱਤਣ ਲਈ 34 ਵਰ੍ਹੇ ਉਡੀਕ ਕਰਨੀ ਪਈ। ਗੋਲਾਂ ਦੀ ਸਭ ਤੋਂ ਤੇਜ਼ ਹੈਟ੍ਰਿਕ ਮਾਰਨ ਦਾ ਰਿਕਾਰਡ ਵੀ ਸੋਢੀ ਦੇ ਨਾਮ ਦਰਜ ਹੈ, ਜੋ ਉਸ ਨੇ ਮਾਸਕੋ ਓਲੰਪਿਕਸ ਵਿੱਚ ਤਨਜ਼ਾਨੀਆ ਖਿਲਾਫ ਮੈਚ ਵਿੱਚ ਪੰਜ ਮਿੰਟ ਵਿੱਚ ਤਿੰਨ ਗੋਲ ਕਰਕੇ ਬਣਾਇਆ ਸੀ। ਉਂਝ ਉਸ ਮੈਚ ਵਿੱਚ ਉਸ ਨੇ ਕੁੱਲ ਪੰਜ ਗੋਲ ਕੀਤੇ ਸਨ। ਇੱਕ ਹੋਰ ਦੁਰਲੱਭ ਪ੍ਰਾਪਤੀ ਵੀ ਸੋਢੀ ਦੇ ਹਿੱਸੇ ਆਈ। ਉਹ ਛੋਟੀ ਉਮਰੇ ਇੰਨਾ ਪਰਪੱਕ ਖਿਡਾਰੀ ਬਣ ਗਿਆ ਸੀ ਕਿ ਉਸ ਨੇ ਜੂਨੀਅਰ ਵਿਸ਼ਵ ਕੱਪ ਖੇਡਣ ਤੋਂ ਪਹਿਲਾ ਸੀਨੀਅਰ ਵਿਸ਼ਵ ਕੱਪ ਖੇਡ ਲਿਆ ਸੀ।

ਹਰ ਸਾਈਡ 'ਤੇ ਖੇਡਣ ਵਾਲਾ ਵੀ ਸੁਰਿੰਦਰ ਸਿੰਘ ਸੋਢੀ ਵਿਸ਼ਵ ਹਾਕੀ ਦਾ ਸ਼ਾਇਦ ਇਕਲੌਤਾ ਖਿਡਾਰੀ ਹੋਵੇ। ਸੋਢੀ ਸਹੀ ਮਾਅਨਿਆਂ ਵਿੱਚ ਆਲ ਰਾਊਂਡਰ ਸੀ। ਉਹ ਫੁੱਲ ਬੈਕ ਤੋਂ ਲੈ ਕੇ ਸੈਂਟਰ ਫਾਰਵਰਡ ਤੱਕ ਹਰ ਪੁਜੀਸ਼ਨ 'ਤੇ ਖੇਡਿਆ ਹੈ। ਚਾਹੇ ਉਹ ਸੈਂਟਰ ਹਾਫ ਹੋਵੇ, ਲੈਫਟ ਹਾਫ, ਲੈਫਟ ਇਨ ਜਾਂ ਰਾਈਟ ਇਨ। ਜਿਹੜੀ ਵੀ ਸਾਈਡ ਕਮਜ਼ੋਰ ਹੁੰਦੀ, ਉਥੇ ਹੀ ਸੋਢੀ ਨੂੰ ਫਿੱਟ ਕਰ ਦਿੱਤਾ ਜਾਂਦਾ; ਤੇ ਉਹੀ ਸਾਈਡ ਟੀਮ ਦੀ ਸਭ ਤੋਂ ਤਕੜੀ ਹੋ ਜਾਂਦੀ। ਉਹ ਸਾਰੇ ਹਾਕੀ ਫੀਲਡ ਦਾ ਬਾਦਸ਼ਾਹ ਬਣ ਕੇ ਖੇਡਿਆ। ਸੋਢੀ ਤੋਂ ਵਿਰੋਧੀ ਟੀਮ ਦਾ ਹਰ ਖਿਡਾਰੀ ਖੌਫ ਖਾਂਦਾ ਸੀ। ਵਿਰੋਧੀ ਸਟਰਾਈਕਰ ਦੁਆ ਕਰਦੇ ਸੀ ਕਿ ਸੋਢੀ ਮਿਲਫੀਲਡ ਜਾਂ ਫੁੱਲਬੈਕ ਵਜੋਂ ਨਾ ਖੇਡੇ ਅਤੇ ਵਿਰੋਧੀ ਡਿਫੈਂਡਰ ਡਰਦੇ ਸੀ ਕਿ ਉਹ ਫਾਰਵਰਡ ਲਾਈਨ ਵਿੱਚ ਨਾ ਖੇਡੇ। ਉਂਝ ਸੈਂਟਰ ਫਾਰਵਰਡ ਉਸ ਦੀ ਪਸੰਦੀਦਾ ਪੁਜੀਸ਼ਨ ਸੀ। ਇਸੇ ਪੁਜੀਸ਼ਨ 'ਤੇ ਖੇਡਦਿਆਂ ਉਸ ਨੇ ਕੌਮੀ ਤੇ ਕੌਮਾਂਤਰੀ ਹਾਕੀ ਵਿੱਚ ਦੋ-ਢਾਈ ਸੌ ਗੋਲ ਕੀਤੇ। ਭਾਰਤੀ ਹਾਕੀ ਦੇ ਤਿੰਨ ਸਭ ਤੋਂ ਤਕੜੇ ਸੈਂਟਰ ਫਾਰਵਰਡ ਹੋਏ ਹਨ। ਇਹ ਹਨ- ਧਿਆਨ ਚੰਦ, ਬਲਬੀਰ ਸਿੰਘ ਸੀਨੀਅਰ ਤੇ ਸੁਰਿੰਦਰ ਸਿੰਘ ਸੋਢੀ।

ਸੁਰਿੰਦਰ ਸਿੰਘ ਸੋਢੀ ਨੂੰ ਭਾਰਤ ਦੀ ਗੋਲ ਮਸ਼ੀਨ ਵੀ ਕਿਹਾ ਜਾਂਦਾ ਸੀ। ਉਨ੍ਹਾਂ ਸਮਿਆਂ ਦੇ ਵੱਡੇ ਖੇਡ ਰਸਾਲਿਆਂ ਨੇ ਸੋਢੀ ਨੂੰ ਵੱਖ-ਵੱਖ ਟਾਈਟਲ ਦਿੱਤੇ ਸਨ। ਸਪੋਰਟਸ ਸਟਾਰ ਰਸਾਲੇ ਨੇ ਉਸ ਨੂੰ 'ਬਰੇਨੀ ਫਾਰਵਰਡ' ਆਖਿਆ। ਕਿਸੇ ਨੇ 'ਸ਼ਾਰਪ ਸ਼ੂਟਰ' ਅਤੇ ਕਿਸੇ ਨੇ 'ਫਾਰਵਰਡ ਡਰਿਬਲਰ।' ਅੱਜ ਦੇ ਸਮੇਂ ਜਿਵੇਂ ਕ੍ਰਿਕਟਰਾਂ ਦੀਆਂ ਤਸਵੀਰਾਂ ਖੇਡ ਰਸਾਲਿਆਂ ਦੇ ਟਾਈਟਲ ਪੰਨਿਆਂ ਦਾ ਸ਼ਿੰਗਾਰ ਬਣਦੀਆਂ ਹਨ, ਅੱਸੀਵਿਆਂ ਵਿੱਚ ਸੁਰਿੰਦਰ ਸਿੰਘ ਸੋਢੀ ਦੀਆਂ ਤਸਵੀਰਾਂ ਸਪੋਰਟਸ ਸਟਾਰ, ਸਪੋਰਟਸ ਵੀਕ ਦੇ ਟਾਈਟਲ ਪੰਨੇ ਉਪਰ ਵੀ ਛਪੀਆਂ, ਉਹ ਵੀ ਕਈ ਵਾਰ। ਫਿਲਮੀ ਸਿਤਾਰੇ ਉਸ ਨਾਲ ਫੋਟੋ ਖਿਚਵਾ ਕੇ ਆਪਣੇ ਆਪ ਨੂੰ ਕਿਸਮਤ ਵਾਲਾ ਸਮਝਦੇ ਸਨ। ਸੁਰਿੰਦਰ ਸਿੰਘ ਸੋਢੀ ਨੇ ਹਾਕੀ ਖੇਡਣੀ ਛੱਡੀ ਤਾਂ ਗੌਲਫ ਸ਼ੁਰੂ ਕਰ ਲਈ। ਗੌਲਫ ਵਿੱਚ ਵੀ ਉਸ ਨੇ ਆਲ ਇੰਡੀਆ ਸਿਵਲ ਸਰਵਿਸਿਜ਼ ਟੂਰਨਾਮੈਂਟ ਜਿੱਤਿਆ। ਕਿਸੇ ਹਾਕੀ ਓਲੰਪੀਅਨ ਵੱਲੋਂ ਗੌਲਫ ਦਾ ਕੌਮੀ ਟੂਰਨਾਮੈਂਟ ਜਿੱਤਣਾ ਵੀ ਛੋਟੀ ਗੱਲ ਨਹੀਂ ਸੀ। 1978 ਵਿੱਚ ਪੰਜਾਬ ਸਰਕਾਰ ਨੇ ਸੂਬੇ ਦੇ ਖਿਡਾਰੀਆਂ ਨੂੰ ਮਹਾਰਾਜਾ ਰਣਜੀਤ ਸਿੰਘ ਐਵਾਰਡ ਦੀ ਸ਼ੁਰੂਆਤ ਕੀਤੀ ਤਾਂ ਇਹ ਸਨਮਾਨ ਹਾਸਲ ਕਰਨ ਵਾਲਾ ਵੀ ਉਹ ਪਹਿਲਾ ਹਾਕੀ ਖਿਡਾਰੀ ਬਣਿਆ। ਖੇਡ ਜਗਤ ਤੋਂ ਬਾਹਰ ਦੀ ਗੱਲ ਕਰੀਏ ਤਾਂ ਉਹ ਦੇਸ਼ ਦਾ ਪਹਿਲਾ ਹਾਕੀ ਓਲੰਪੀਅਨ ਹੈ, ਜੋ ਕਿਸੇ ਜ਼ਿਲ੍ਹੇ ਦਾ ਐਸ.ਐਸ.ਪੀ. ਬਣਿਆ। ਆਈ.ਜੀ. ਦੇ ਅਹੁਦੇ ਤੱਕ ਪੁੱਜਣ ਵਾਲਾ ਵੀ ਉਹ ਦੇਸ਼ ਦਾ ਪਹਿਲਾ ਹਾਕੀ ਓਲੰਪੀਅਨ ਹੈ। ਸਾਰੀਆਂ ਖੇਡਾਂ ਮਿਲਾ ਲਈਏ ਤਾਂ ਸੋਢੀ ਤੇ ਪਹਿਲਵਾਨ ਕਰਤਾਰ ਸਿੰਘ ਨੂੰ ਇਸ ਅਹੁਦੇ 'ਤੇ ਪਹੁੰਚਣ ਦਾ ਮਾਣ ਹਾਸਲ ਹੈ।



ਸੁਰਿੰਦਰ ਸਿੰਘ ਸੋਢੀ ਦਾ ਜਨਮ ਨਵਾਂਸ਼ਹਿਰ ਜ਼ਿਲ੍ਹੇ (ਉਸ ਵੇਲੇ ਜਲੰਧਰ) ਦੇ ਪਿੰਡ ਗੁਣਾਚੌਰ ਵਿਖੇ 22 ਜੂਨ 1959 ਨੂੰ ਸ. ਗੁਰਬਚਨ ਸਿੰਘ ਦੇ ਘਰ ਸੁਰਜੀਤ ਕੌਰ ਦੀ ਕੁੱਖੋਂ ਹੋਇਆ। ਉਨ੍ਹਾਂ ਦਾ ਗੋਤ ਭਾਵੇਂ ਛੋਕਰ ਸੀ, ਪਰ ਨਾਨੀ ਵੱਲੋਂ ਲਾਡ ਨਾਲ 'ਸੋਢੀ' ਕਹੇ ਜਾਣ ਕਰ ਕੇ ਉਸ ਦੀ ਪ੍ਰਸਿੱਧੀ ਸੁਰਿੰਦਰ ਸਿੰਘ ਸੋਢੀ ਵਜੋਂ ਹੋਈ। ਸੋਢੀ ਦੇ ਪਿੰਡ ਦੇ ਆਲੇ-ਦੁਆਲੇ ਫੁਟਬਾਲ ਦਾ ਮਾਹੌਲ ਸੀ। ਮੁਢਲੀਆਂ ਦੋ-ਤਿੰਨ ਜਮਾਤਾਂ ਗੁਣਾਚੌਰੋਂ ਕਰਕੇ ਛੋਟੇ ਸੋਢੀ ਨੇ ਫੇਰ ਜਲੰਧਰ ਆ ਕੇ ਦੁਆਬਾ ਖਾਲਸਾ ਹਾਇਰ ਸੈਕੰਡਰੀ ਸਕੂਲ ਵਿੱਚ ਦਾਖਲਾ ਲੈ ਲਿਆ। ਇੱਥੇ ਹੀ ਆ ਕੇ ਉਹ ਹਾਕੀ ਨਾਲ ਜੁੜ ਗਿਆ। 1975 ਵਿੱਚ 16 ਵਰ੍ਹਿਆਂ ਦੀ ਉਮਰੇ ਸੋਢੀ ਜੂਨੀਅਰ ਭਾਰਤੀ ਹਾਕੀ ਟੀਮ ਵਿੱਚ ਚੁਣਿਆ ਗਿਆ, ਜਿੱਥੇ ਉਸ ਨੂੰ ਯੂਰਪ ਦਾ ਦੌਰਾ ਕਰਨ ਦਾ ਮੌਕਾ ਮਿਲਿਆ। ਇਸ ਟੂਰ 'ਤੇ ਉਹ ਟਾਪ ਸਕੋਰਰ ਬਣਿਆ। ਇਸੇ ਸਾਲ ਉਹ ਭਾਰਤੀ ਸੀਨੀਅਰ ਟੀਮ ਵਿੱਚ ਵੀ ਚੁਣਿਆ ਗਿਆ। ਇਸ ਤੋਂ ਬਾਅਦ ਉਹ ਚਾਰ ਵਰ੍ਹੇ ਇਕੋ ਸਮੇਂ ਜੂਨੀਅਰ ਤੇ ਸੀਨੀਅਰ ਦੋਵਾਂ ਟੀਮਾਂ ਵੱਲੋਂ ਖੇਡਿਆ। ਹਾਕੀ ਦੇਖਣ ਵਾਲਿਆਂ ਨੂੰ ਵੀ ਭੁਲੇਖਾ ਲੱਗਣਾ ਕਿ ਜੂਨੀਅਰ ਤੇ ਸੀਨੀਅਰ ਟੀਮ ਵੱਲੋਂ ਖੇਡਣ ਵਾਲਾ ਸੁਰਿੰਦਰ ਸਿੰਘ ਸੋਢੀ ਇੱਕੋ ਹੈ ਜਾਂ ਇੱਕੋ ਨਾਂ ਵਾਲੇ ਦੋ ਵੱਖ-ਵੱਖ ਖਿਡਾਰੀ ਹਨ।

1978 ਵਿੱਚ ਜਰਮਨੀ ਦੇ ਦੌਰੇ 'ਤੇ ਗਈ ਜੂਨੀਅਰ ਭਾਰਤੀ ਟੀਮ ਦੀ ਕਪਤਾਨੀ ਉਸ ਨੂੰ ਸੌਂਪ ਦਿੱਤੀ। ਇਸੇ ਸਾਲ ਉਹ ਸੀਨੀਅਰ ਟੀਮ ਵੱਲੋਂ ਆਪਣਾ ਪਹਿਲਾ ਵਿਸ਼ਵ ਕੱਪ ਖੇਡਿਆ। 1978 ਵਿੱਚ ਹੀ ਬੈਂਕਾਕ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਨੇ ਚਾਂਦੀ ਦਾ ਤਮਗਾ ਜਿੱਤਿਆ। 1980 ਵਿੱਚ ਭਾਰਤ ਨੇ ਮਾਸਕੋ ਓਲੰਪਿਕਸ ਵਿੱਚ ਸੋਨ ਤਮਗ਼ਾ ਜਿੱਤਿਆ, ਜਿਸ ਵਿੱਚ ਸੋਢੀ ਨੇ 15 ਗੋਲ ਕੀਤੇ। ਸੋਢੀ ਨੇ ਉਸ ਤੋਂ ਬਾਅਦ ਬੰਬਈ ਦਾ ਹਾਕੀ ਵਿਸ਼ਵ ਕੱਪ ਖੇਡਿਆ। 1982 ਵਿੱਚ ਸੋਢੀ 23 ਵਰ੍ਹਿਆਂ ਦੀ ਉਮਰੇ ਭਾਰਤੀ ਟੀਮ ਦਾ ਕਪਤਾਨ ਬਣਾ ਦਿੱਤਾ। ਐਮਸਟਰਡਮ ਵਿਖੇ ਚੈਂਪੀਅਨਜ਼ ਟਰਾਫੀ ਵਿੱਚ ਭਾਰਤੀ ਟੀਮ ਨੌਜਵਾਨ ਕਪਤਾਨ ਦੀ ਅਗਵਾਈ ਹੇਠ ਪੂਰੇ ਜੋਸ਼ ਨਾਲ ਉਤਰੀ। ਭਾਰਤ ਨੇ ਪਹਿਲੀ ਵਾਰ ਕਾਂਸੀ ਦਾ ਤਮਗਾ ਜਿੱਤਿਆ। ਇਸ ਤੋਂ ਬਾਅਦ ਭਾਰਤੀ ਟੀਮ ਨੂੰ ਦੂਜਾ ਤਮਗਾ 2016 ਵਿੱਚ ਨਸੀਬ ਹੋਇਆ ਸੀ, ਜਦੋਂ ਲੰਡਨ ਵਿਖੇ ਭਾਰਤ ਨੇ ਚਾਂਦੀ ਦਾ ਤਮਗਾ ਜਿੱਤਿਆ ਸੀ। ਭਾਰਤ ਲਈ ਸਭ ਤੋਂ ਅਹਿਮ ਮੈਚ ਪਾਕਿਸਤਾਨ ਖਿਲਾਫ ਸੀ, ਜਿਸ 'ਚ ਭਾਰਤ ਨੇ 5-4 ਨਾਲ ਜਿੱਤ ਹਾਸਲ ਕੀਤੀ। ਪੰਜਵਾਂ ਗੋਲ ਸੋਢੀ ਨੇ 59ਵੇਂ ਮਿੰਟ ਵਿੱਚ ਕੀਤਾ, ਜੋ ਫੈਸਲਾਕੁਨ ਸਾਬਤ ਹੋਇਆ।

ਨਵੀਂ ਦਿੱਲੀ ਵਿਖੇ ਨੌਵੀਆਂ ਏਸ਼ਿਆਈ ਖੇਡਾਂ ਦੇ ਫਾਈਨਲ ਵਿੱਚ ਭਾਰਤ ਨੂੰ ਪਾਕਿਸਤਾਨ ਹੱਥੋਂ 1-7 ਦੀ ਨਮੋਸ਼ੀ ਪੂਰਨ ਹਾਰ ਮਿਲੀ। ਫਰਕ ਸਿਰਫ ਸੁਰਿੰਦਰ ਸਿੰਘ ਸੋਢੀ ਦਾ ਹੀ ਸੀ। ਚੈਂਪੀਅਨਜ਼ ਟਰਾਫੀ ਵਿੱਚ ਝੰਡੇ ਗੱਡਣ ਵਾਲੀ ਟੀਮ ਦਾ ਕਪਤਾਨ ਸੋਢੀ ਏਸ਼ਿਆਈ ਖੇਡਾਂ ਦੀ ਟੀਮ ਵਿੱਚੋਂ ਬਾਹਰ ਕਰ ਦਿੱਤਾ ਗਿਆ। ਜਿਸ ਪਾਕਿਸਤਾਨ ਨੂੰ ਭਾਰਤ ਨੇ ਚੈਂਪੀਅਨਜ਼ ਟਰਾਫੀ ਵਿੱਚ ਹਰਾਇਆ, ਉਸੇ ਹੱਥੋਂ ਭਾਰਤੀ ਟੀਮ ਆਪਣੇ ਵਿਹੜੇ ਵਿੱਚ ਬੁਰੀ ਤਰ੍ਹਾਂ ਹਾਰੀ। ਏਸ਼ਿਆਈ ਖੇਡਾਂ ਦੀ ਟੀਮ ਦੇ ਕੋਚ ਰਹੇ ਕਰਨਲ ਬਲਬੀਰ ਸਿੰਘ ਆਪਣੀ ਸਵੈ-ਜੀਵਨੀ 'ਐਨ ਓਲੰਪਿਕ ਮੈਡਲ-ਦਾ ਕਰਨਲਜ਼ ਡੈਡਲੀ ਸਕੂਪ' ਵਿੱਚ ਲਿਖਦੇ ਹਨ ਕਿ ਸੁਰਿੰਦਰ ਸਿੰਘ ਸੋਢੀ ਨੂੰ ਭਾਰਤੀ ਟੀਮ ਵਿੱਚੋਂ ਬਾਹਰ ਕਰਨ ਦਾ ਖਮਿਆਜ਼ਾ ਹਾਰ ਦੇ ਰੂਪ ਵਿੱਚ ਭੁਗਤਣਾ ਪਿਆ। ਖੇਡਾਂ ਤੇ ਖਿਡਾਰੀਆਂ ਨੂੰ ਡੂੰਘਾਈ ਨਾਲ ਜਾਣਨ ਅਤੇ ਪਿਆਰ ਕਰਨ ਵਾਲੇ ਸਾਬਕਾ ਡੀ.ਜੀ.ਪੀ. ਰਾਜਦੀਪ ਸਿੰਘ ਗਿੱਲ ਦੱਸਦੇ ਹਨ ਕਿ ਜਦੋਂ ਫਾਈਨਲ ਖੇਡਿਆ ਗਿਆ ਤਾਂ ਉਹ ਉਸ ਵੇਲੇ ਹਾਕੀ ਸਟੇਡੀਅਮ ਵਿੱਚ ਸਨ ਅਤੇ ਹਾਰਨ ਤੋਂ ਬਾਅਦ ਹਰੇਕ ਦੀ ਜ਼ੁਬਾਨ ਉਤੇ ਇਹੋ ਗੱਲ ਸੀ ਕਿ ਜੇ ਸੋਢੀ ਹੁੰਦਾ ਤਾਂ ਨਤੀਜਾ ਹੋਰ ਹੁੰਦਾ। ਉਸ ਵੇਲੇ ਭਾਰਤੀ ਟੀਮ ਦੀ ਮੈਨੇਜਮੈਂਟ ਵਿੱਚ ਦੋ ਬਲਬੀਰ ਸਿੰਘ- ਬਲਬੀਰ ਸਿੰਘ ਸੀਨੀਅਰ ਤੇ ਕਰਨਲ ਬਲਬੀਰ ਸਿੰਘ। ਉਸ ਵੇਲੇ ਭਾਰਤੀ ਹਾਕੀ ਫੈਡਰੇਸ਼ਨ ਦੇ ਮੁਖੀ ਇੰਦਰ ਮੋਹਨ ਮਹਾਜਨ ਤੇ ਬਲਬੀਰ ਸਿੰਘ ਸੀਨੀਅਰ ਦੀ ਆਪਸ ਵਿੱਚ ਬਣਦੀ ਨਹੀਂ ਸੀ। ਬਲਬੀਰ ਸਿੰਘ ਸੀਨੀਅਰ ਸੋਢੀ ਨੂੰ ਟੀਮ ਵਿੱਚ ਰੱਖਣ ਦੇ ਹੱਕ ਵਿੱਚ ਸਨ ਅਤੇ ਫੈਡਰੇਸ਼ਨ ਨੇ ਚੰਗਾ ਭਲਿਆ ਬਣਿਆ ਭਾਰਤੀ ਹਾਕੀ ਦਾ ਸੈਟ ਖਰਾਬ ਕਰਦਿਆਂ ਸੋਢੀ ਬਾਹਰ ਕਰ ਦਿੱਤਾ। ਉਸ ਤੋਂ ਬਾਅਦ ਭਾਰਤੀ ਹਾਕੀ ਦਾ ਜੋ ਹਸ਼ਰ ਹੋਇਆ, ਉਹ ਸਭ ਦੇ ਸਾਹਮਣੇ ਹੈ।

ਸੁਰਿੰਦਰ ਸਿੰਘ ਸੋਢੀ ਨੇ ਪੰਜਾਬ ਤੇ ਪੰਜਾਬ ਪੁਲਿਸ ਦੀ ਵੀ ਸਭ ਤੋਂ ਵੱਧ ਸੇਵਾ ਕੀਤੀ। ਉਸ ਦੇ ਹੁੰਦਿਆਂ ਪੰਜਾਬ ਨੇ ਲਗਾਤਾਰ ਤਿੰਨ ਸਾਲ (1981, 1982 ਤੇ 1983) ਕੌਮੀ ਚੈਂਪੀਅਨ ਬਣ ਕੇ ਹੈਟ੍ਰਿਕ ਬਣਾਈ। ਇਸ ਤੋਂ ਬਾਅਦ ਹੈਟ੍ਰਿਕ ਤਾਂ ਦੂਰ ਦੀ ਗੱਲ ਪੰਜਾਬ ਦੀ ਟੀਮ ਇੱਕ ਵਾਰ ਜਿੱਤਣ ਨੂੰ ਤਰਸਦੀ ਰਹੀ। ਪੰਜਾਬ ਪੁਲਿਸ ਵੱਲੋਂ ਡੇਢ ਦਹਾਕਾ ਖੇਡਣ ਵਾਲੇ ਸੋਢੀ ਕੁੱਲ ਹਿੰਦ ਪੁਲਿਸ ਖੇਡਾਂ ਵਿੱਚ 11 ਸੋਨੇ ਦੇ ਤਮਗੇ ਜਿੱਤੇ। ਨਹਿਰੂ ਹਾਕੀ ਖੇਡਦਿਆਂ ਇੱਕ ਵਾਰ ਸੋਢੀ ਦੇ ਦੰਦ ਵੀ ਟੁੱਟੇ, ਇੱਕ ਵਾਰ ਬੁੱਲ ਉਤੇ ਵੀ ਹਾਕੀ ਲੱਗੀ ਪਰ ਇਸ ਸਿਰੜੀ ਖਿਡਾਰੀ ਨੇ ਫੇਰ ਵੀ ਪ੍ਰਵਾਹ ਨਹੀਂ ਕੀਤੀ। ਨਹਿਰੂ ਹਾਕੀ ਵਿੱਚ ਇਕੇਰਾਂ ਸੀ.ਆਰ.ਪੀ.ਐਫ. ਖਿਲਾਫ ਸੈਮੀ ਫਾਈਨਲ ਵਿੱਚ ਲਗਾਈ ਹੈਟ੍ਰਿਕ ਨੂੰ ਉਹ ਸਭ ਤੋਂ ਯਾਦਗਾਰੀ ਮੈਚ ਮੰਨਦੇ ਹਨ। ਅਜੋਕੇ ਸਮੇਂ ਚੱਲਦੀਆਂ ਲੀਗਾਂ ਵਾਂਗ ਉਸ ਵੇਲੇ ਦੇਸ਼ ਦੇ ਚੋਟੀ ਦੇ ਖਿਡਾਰੀਆਂ ਨੂੰ ਪੰਜ ਜ਼ੋਨਾਂ ਵਿੱਚ ਵੰਡ ਕੇ ਅੰਤਰ ਜ਼ੋਨਲ ਟੂਰਨਾਮੈਂਟ ਸ਼ੁਰੂ ਕੀਤਾ। ਸੋਢੀ ਉਥੇ ਵੀ ਟਾਪ ਸਕੋਰਰ ਬਣਿਆ।




ਪੰਜਾਬ ਪੁਲਿਸ ਵਿੱਚ ਸੇਵਾ ਨਿਭਾਉਂਦਿਆਂ ਸੁਰਿੰਦਰ ਸਿੰਘ ਸੋਢੀ ਨਵਾਂਸ਼ਹਿਰ ਤੇ ਫਰੀਦਕੋਟ ਜ਼ਿਲ੍ਹੇ ਦੇ ਐਸ.ਐਸ.ਪੀ. ਵੀ ਰਹੇ। ਸੇਵਾ ਮੁਕਤੀ ਵੇਲੇ ਉਹ ਆਈ.ਜੀ. ਰੇਲਵੇ ਅਹੁਦੇ 'ਤੇ ਪੋਸਟਡ ਸਨ। ਇਸ ਦੌਰਾਨ ਉਹ ਪੰਜਾਬ ਹਾਕੀ ਐਸੋਸੀਏਸ਼ਨ ਦੇ ਸੰਯੁਕਤ ਸਕੱਤਰ ਰਹੇ। ਹਾਕੀ ਦੀ ਪਹਿਲੀ ਪ੍ਰੋਫੈਸ਼ਨਲ ਲੀਗ ਪੀ.ਐਚ.ਐਲ. ਦੀ ਅਹਿਮ ਟੀਮ ਸ਼ੇਰ-ਏ-ਜਲੰਧਰ ਦੇ ਉਹ ਕੋਚ ਰਹੇ। ਗੌਲਫ ਖੇਡਣ ਲੱਗੇ ਤਾਂ ਉਥੇ ਵੀ ਚੈਂਪੀਅਨ ਬਣੇ। ਖੇਡਾਂ ਨੂੰ ਸਮਰਪਿਤ ਸੋਢੀ ਹੁਰੀਂ ਪੰਜਾਬ ਵੁਸ਼ੂ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਭਾਰਤੀ ਵੁਸ਼ੂ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਰਹੇ। ਭਾਰਤ ਸਰਕਾਰ ਨੇ 1998 ਵਿੱਚ ਸੋਢੀ ਨੂੰ ਅਰਜੁਨਾ ਐਵਾਰਡ ਨਾਲ ਸਨਮਾਨਤ ਕੀਤਾ। ਉਹ ਭਾਰਤੀ ਹਾਕੀ ਟੀਮ ਦੇ ਚੋਣਕਾਰ ਵੀ ਰਹੇ।

ਸੁਰਿੰਦਰ ਸਿੰਘ ਸੋਢੀ ਦੀ ਪਤਨੀ ਡਾ. ਰਾਜਵਰਿੰਦਰ ਕੌਰ ਲਾਇਲਪੁਰ ਖਾਲਸਾ ਕਾਲਜ ਗਰਲਜ਼ ਜਲੰਧਰ ਤੋਂ ਪੰਜਾਬੀ ਵਿਭਾਗ ਦੇ ਮੁਖੀ ਵਜੋਂ ਰਿਟਾਇਰ ਹੋਏ ਹਨ। ਉਨ੍ਹਾਂ ਦਾ ਪੇਕਾ ਪਿੰਡ ਕਾਦੀਆ ਹੈ। ਸੁਰਿੰਦਰ ਸਿੰਘ ਸੋਢੀ ਦੇ ਦੋ ਪੁੱਤਰ ਹਨ- ਅਜੈ ਪਾਲ ਸਿੰਘ ਅਤੇ ਅਮਰਿੰਦਰ ਸਿੰਘ। ਅਜੈ ਪਾਲ ਬਾਸਕਟਬਾਲ ਅਤੇ ਅਮਰਿੰਦਰ ਸਿੰਘ ਕ੍ਰਿਕਟ ਤੇ ਹਾਕੀ ਵਿੱਚ ਸਟੇਟ ਤੱਕ ਖੇਡਿਆ। ਸੁਰਿੰਦਰ ਸਿੰਘ ਸੋਢੀ ਨੇ ਜਲੰਧਰ ਸਥਿਤ ਆਪਣੇ ਘਰ ਦਾ ਨਾਮ ਵੀ ਓਲੰਪੀਆ ਨੈਸਟ ਰੱਖਿਆ ਜਿਸ ਵਿੱਚ ਮਾਸਕੋ ਓਲੰਪਿਕਸ ਦੇ ਲੋਗੋ ਦੇ ਡਿਜ਼ਾਇਨ ਲਗਾਏ ਹਨ।



## ਪੰਜਾਬ 'ਤੇ ਈਸਾਈ ਹਮਲਾ !

# ਧਰਮ ਪ੍ਰਚਾਰ ਬਨਾਮ ਧਰਮ ਪਰਿਵਰਤਨ

**ਪੰਜਾਬ 'ਤੇ ਈਸਾਈ ਹਮਲੇ ਦੇ ਖਦਸ਼ੇ ਬਾਬਤ ਇਹ ਲੇਖ ਪੰਜਾਬ ਵਿਚਲੀਆਂ ਸਿਰਮੌਰ ਸਿੱਖ ਸੰਸਥਾਵਾਂ ਵੱਲੋਂ ਸਿੱਖੀ ਪ੍ਰਚਾਰ ਦੇ ਪਸਾਰ ਅਤੇ ਸਿੱਖੀ ਵਿੱਚ ਜਾਤ-ਪਾਤ ਦੇ ਵਧਣ ਪ੍ਰਤੀ ਉਨ੍ਹਾਂ ਦੀ ਕਥਿਤ ਚੁੱਪ ਉਤੇ ਸਵਾਲ ਖੜ੍ਹੇ ਕਰਦਾ ਹੈ ਕਿ ਅਜਿਹਾ ਸਭ ਕਿਉਂ? ਵੈਸੇ ਤਾਂ ਧਰਮ ਪਰਿਵਰਤਨ ਕਰਨਾ ਹਰ ਇੱਕ ਦਾ ਨਿੱਜੀ ਮਸਲਾ ਹੈ, ਪਰ ਇਸ ਲੇਖ ਵਿੱਚ ਲੇਖਕ ਵੱਲੋਂ ਉਠਾਏ ਗਏ ਅਹਿਮ ਨੁਕਤੇ, ਕਾਰਨ ਤੇ ਚਿੰਤਾ ਅਤੇ ਈਸਾਈ ਭਾਈਚਾਰੇ ਵੱਲੋਂ ਸਿੱਖ ਭਾਈਚਾਰੇ ਦੇ ਕਥਿਤ ਨੀਵੀਂ ਜਾਤ ਦੇ ਲੋਕਾਂ ਨੂੰ ਲਾਲਚ ਦੇ ਕੇ ਈਸਾਈ ਬਣਨ ਲਈ ਪ੍ਰੇਰਿਤ ਕਰਨ ਦੀ ਕਵਾਇਦ, ਇੱਕ ਗੰਭੀਰ ਮਸਲਾ ਹੈ; ਖਾਸ ਕਰ ਸਿੱਖੀ ਸਿਧਾਂਤਾਂ ਨੂੰ ਢਾਹ ਲਾਉਣਾ! ਸਿੱਖ ਸਿਆਸਤਦਾਨਾਂ, ਨੁਮਾਇੰਦਿਆਂ ਤੇ ਸੰਸਥਾਵਾਂ ਦੇ ਅਵੇਸਲੇਪਨ ਪ੍ਰਤੀ ਇਹ ਲੇਖ ਪਾਠਕਾਂ ਲਈ ਜਾਣਕਾਰੀ ਹਿੱਤ ਛਾਪਿਆ ਜਾ ਰਿਹਾ ਹੈ। ਇਸ ਲੇਖ ਵਿਚਲੇ ਤੱਥਾਂ ਜਾਂ ਦਲੀਲਾਂ ਨਾਲ 'ਪੰਜਾਬੀ ਪਰਵਾਜ਼' ਦਾ ਸਹਿਮਤ ਹੋਣਾ ਜਰੂਰੀ ਨਹੀਂ। ਪੇਸ਼ ਹੈ, ਲੇਖ ਦੀ ਪਹਿਲੀ ਕਿਸ਼ਤ...**

## ਵੱਡੀ ਜਨਸੰਖਿਆ ਤਬਦੀਲੀ ਆਉਣ ਵਾਲੀ ਹੈ !

**ਸੰਤੋਖ ਸਿੰਘ ਬੈਂਸ**
**ਫੋਨ: 312-351-3967**

ਪੰਜਾਬ ਦੇ ਲੁਧਿਆਣੇ ਜ਼ਿਲ੍ਹੇ ਦੇ ਪਿੰਡ ਧਨੂਰ ਵਿਖੇ ਚਮਕਦਾ ਅਤੇ ਧੁੱਪ ਵਾਲਾ ਇੱਕ ਦਿਨ ਸੀ। ਇੱਕ ਵਿਸ਼ੇਸ਼ ਬੱਸ ਵਿੱਚ ਸਫ਼ਰ ਕਰਨ ਤੋਂ ਬਾਅਦ ਲਗਭਗ 25 ਤੋਂ 30 ਈਸਾਈ ਪ੍ਰਚਾਰਕ ਇਸ ਪਿੰਡ ਵਿੱਚ ਪਹੁੰਚੇ। ਆਮ ਵਾਂਗ ਉਨ੍ਹਾਂ ਨੇ ਪੈਂਫਲਿਟ ਵੰਡਣੇ ਸ਼ੁਰੂ ਕਰ ਦਿੱਤੇ, ਜਿਸ ਵਿੱਚ ਲਿਖਿਆ ਸੀ: "ਸਾਡੇ ਨਾਲ ਜੁੜੋ, ਅਸੀਂ ਤੁਹਾਨੂੰ ਰੱਬ ਦੇ ਰਾਸਤੇ 'ਤੇ ਲੈ ਜਾਵਾਂਗੇ।" ਮਿਸ਼ਨਰੀਆਂ ਨੇ ਈਸਾਈ ਧਰਮ ਅਪਨਾਉਣ ਲਈ ਨੌਕਰੀਆਂ ਅਤੇ ਪੈਸੇ ਦੀ ਪੇਸ਼ਕਸ ਕੀਤੀ। ਉਹ ਸੱਚਮੁੱਚ ਹੈਰਾਨ ਰਹਿ ਗਏ, ਜਦੋਂ ਗੁਰਮੇਲ ਸਿੰਘ ਤੇ ਕੁਝ ਹੋਰ ਬਜ਼ੁਰਗ ਸਿੱਖਾਂ ਨੇ ਉਨ੍ਹਾਂ ਦਾ ਸਾਹਮਣਾ ਕੀਤਾ ਅਤੇ ਉਨ੍ਹਾਂ ਨੂੰ ਤਰੁੰਤ ਪਿੰਡ ਛੱਡਣ ਲਈ ਕਿਹਾ।

ਪਿੰਡ ਵਿੱਚ ਈਸਾਈ ਪ੍ਰਚਾਰਕਾਂ ਨਾਲ ਸਬੰਧਤ ਇੱਕ ਵੀਡੀਓ ਵਾਇਰਲ ਹੋਈ ਸੀ। ਦਿੱਲੀ ਦੇ ਸਾਬਕਾ ਅਕਾਲੀ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਇਸ ਵੀਡੀਓ ਨੂੰ ਕਈ ਲੇਖਕਾਂ ਨਾਲ ਸਾਂਝਾ ਕੀਤਾ ਸੀ। ਇਹ ਵੀਡੀਓ 13 ਅਕਤੂਬਰ 2021 ਦੀ ਰਾਤ ਨੂੰ ਰਜਤ ਸ਼ਰਮਾ ਦੇ ਪ੍ਰਾਈਮ ਸ਼ੋਅ 'ਆਜ ਕੀ ਬਾਤ' ਉਤੇ ਵੀ ਦਿਖਾਈ ਗਈ ਸੀ।

ਦਿੱਲੀ ਅਕਾਲੀ ਦਲ ਦੇ ਸਾਬਕਾ ਆਗੂ ਨੇ ਇੰਡੀਆ ਟੀ.ਵੀ. ਨੂੰ ਦੱਸਿਆ ਕਿ ਪੰਜਾਬ ਦੇ ਇਸਾਈ ਮਿਸ਼ਨਰੀ ਸੂਬੇ ਦੇ ਸਿੱਖ ਨੌਜਵਾਨਾਂ ਨੂੰ ਵੀਜ਼ਾ ਦੇਣ ਅਤੇ ਉਨ੍ਹਾਂ ਨੂੰ ਅਮਰੀਕਾ ਜਾਂ ਕੈਨੇਡਾ ਵਿੱਚ ਸੈਟਲ ਕਰਵਾਉਣ ਦੀ ਪੇਸ਼ਕਸ਼ ਕਰਕੇ ਭਰਮਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਪੰਜਾਬ ਦੇ ਜ਼ਿਆਦਾਤਰ ਜ਼ਿਲ੍ਹਿਆਂ ਵਿੱਚ ਅਜਿਹੇ ਮਸੀਹੀ ਪ੍ਰਚਾਰਕ ਬਹੁਤ ਸਰਗਰਮ ਹਨ।

ਇਹ ਪਹਿਲੀ ਵਾਰ ਨਹੀਂ ਹੈ, ਜਦੋਂ ਪੰਜਾਬ ਵਿੱਚ ਈਸਾਈ ਮਿਸ਼ਨਰੀਆਂ ਦੀਆਂ ਨਾਪਾਕ ਗਤੀਵਿਧੀਆਂ ਦਾ ਖੁਲਾਸਾ ਹੋਇਆ ਹੈ। ਪਿਛਲੇ ਕਾਫੀ ਸਮੇਂ ਤੋਂ ਵੱਖ-ਵੱਖ ਅਖਬਾਰਾਂ ਅਤੇ ਰਸਾਲੇ ਸੂਬੇ ਭਰ ਵਿੱਚ ਇਨ੍ਹਾਂ ਦੇ ਬਹੁਤ ਹੀ ਇਤਰਾਜ਼ਯੋਗ ਕੰਮਾਂ ਦੀ ਰਿਪੋਰਟਿੰਗ ਕਰ ਚੁਕੇ ਹਨ। 2011 ਵਿੱਚ ਇੰਡੀਆ ਟੂਡੇ ਨੇ 9 ਮਈ 2011 ਦੇ ਆਪਣੇ ਅੰਕ ਵਿੱਚ 'ਵੇਕ ਅੱਪ ਕਾਲ ਫਾਰ ਐਸ.ਜੀ.ਪੀ.ਸੀ. (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)-ਕ੍ਰਿਸਚਿਨ ਮਿਸ਼ਨ ਮਸ਼ਰੂਮ ਏਕਰੋਸ ਪੰਜਾਬ' ਸਿਰਲੇਖ ਵਾਲਾ ਇੱਕ ਬਹੁਤ ਹੀ ਜਾਣਕਾਰੀ ਭਰਪੂਰ ਲੇਖ ਪ੍ਰਕਾਸ਼ਿਤ ਕੀਤਾ ਸੀ। ਦਸੰਬਰ 2014 ਵਿੱਚ 'ਟਾਈਮਜ਼ ਆਫ਼ ਇੰਡੀਆ' ਅਤੇ 'ਦ ਇੰਡੀਅਨ ਐਕਸਪ੍ਰੈਸ' ਨੇ ਧਾਰਮਿਕ ਪਰਿਵਰਤਨ ਦੀ ਰਿਪੋਰਟ ਕੀਤੀ ਸੀ। ਇਨ੍ਹਾਂ ਅਖਬਾਰਾਂ ਨੇ ਇਹ ਵੀ ਦੱਸਿਆ ਕਿ 8,000 ਤੋਂ ਵੱਧ ਈਸਾਈ ਮੁੜ ਸਿੱਖ ਬਣ ਗਏ ਹਨ। 'ਹਫਿੰਗਨ ਪੋਸਟ' ਅਤੇ 'ਟ੍ਰਿਬਿਊਨ' ਨੇ ਵੀ ਸਮੇਂ-ਸਮੇਂ ਸਿੱਖ ਧਰਮ ਤੋਂ ਪਰਿਵਰਤਿਤ ਹੋਣ ਦੀਆਂ ਖਬਰਾਂ ਨੂੰ ਕਵਰ ਕੀਤਾ। ਡਾ. ਹਰਭਜਨ ਸਿੰਘ ਦੁਆਰਾ 'ਪੰਜਾਬ ਵਿੱਚ ਵਿਗੜਦੇ ਸਿੱਖ ਈਸਾਈ ਸਬੰਧ' ਸਿਰਲੇਖ ਵਾਲਾ ਇੱਕ ਵਿਸਤ੍ਰਿਤ ਲੇਖ ਵੀ ਪ੍ਰਕਾਸ਼ਿਤ ਹੋਇਆ ਸੀ। ਜੁਲਾਈ 2020 ਦੇ ਅੰਕਾਂ ਵਿੱਚ 'ਕਲਚਰਲ ਐਂਡ ਰਿਲੀਜੀਅਸ ਸਟੱਡੀਜ਼' ਨੇ ਡਾ. ਕੁਲਬੀਰ ਕੌਰ ਦਾ ਵਿਦਵਤਾ ਭਰਪੂਰ ਲੇਖ 'ਨਵੀਂ ਪਛਾਣ ਦੀ ਖੋਜ: ਈਸਾਈ ਧਰਮ, ਪਰਿਵਰਤਨ ਅਤੇ ਦਲਿਤ ਸਿੱਖ' ਸਿਰਲੇਖ ਨਾਲ ਪ੍ਰਕਾਸ਼ਿਤ ਕੀਤਾ।

ਸਮੇਂ-ਸਮੇਂ 'ਤੇ ਮਲੇਸ਼ੀਆ ਤੋਂ ਪ੍ਰਕਾਸ਼ਿਤ ਇੱਕ ਔਨਲਾਈਨ ਅੰਗਰੇਜ਼ੀ ਅਖਬਾਰ 'ਏਸ਼ੀਆ ਸਮਾਚਾਰ' ਨੇ ਪੰਜਾਬ ਵਿੱਚ ਸਿੱਖਾਂ ਦੇ ਧਰਮ ਪਰਿਵਰਤਨ ਦੀ ਸਮੱਸਿਆ ਬਾਰੇ ਦਿਲਚਸਪ ਅਤੇ ਜਾਣਕਾਰੀ ਭਰਪੂਰ ਲੇਖ ਪ੍ਰਕਾਸ਼ਿਤ ਕੀਤੇ ਹਨ। ਗੁਰਮੁਖ ਸਿੰਘ ਦੁਆਰਾ 'ਪੰਜਾਬ ਵਿੱਚ ਕ੍ਰਿਸਚਨਿਟੀ ਦਾ ਉਭਾਰ' ਸਿਰਲੇਖ ਵਾਲਾ ਲੇਖ 31 ਜਨਵਰੀ 2020 ਨੂੰ 'ਏਸ਼ੀਆ ਸਮਾਚਾਰ' ਵਿੱਚ ਪ੍ਰਕਾਸ਼ਿਤ ਹੋਇਆ। 'ਪੰਜਾਬ ਵਿੱਚ ਈਸਾਈ ਧਰਮ ਦੇ ਅਗਾਂਹਵਧੂ ਮਾਰਚ' ਸਿਰਲੇਖ ਵਾਲਾ ਤੇਜ਼ਾ ਸਿੰਘ, ਰਿਸ਼ਪਾਲ ਸਿੰਘ ਸਿੱਧੂ ਦੁਆਰਾ ਰਣਨੀਤਕ ਜਵਾਬ ਦੀ ਲੋੜ ਕਾਰਨ 26 ਨਵੰਬਰ 2021 ਨੂੰ ਪ੍ਰਕਾਸ਼ਿਤ ਕੀਤਾ ਗਿਆ ਸੀ। ਗਲੋਬਲ ਸਿੱਖ ਕੌਂਸਲ ਦੁਆਰਾ ਪੰਜਾਬ ਵਿੱਚ ਸਿੱਖਾਂ ਦੇ ਅਨੈਤਿਕ ਧਰਮ ਪਰਿਵਰਤਨ ਦੇ ਵਿਸ਼ੇ 'ਤੇ 20 ਦਸੰਬਰ 2021 ਨੂੰ ਇੱਕ ਪੱਤਰ ਐਸ.ਜੀ.ਪੀ.ਸੀ. ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਭੇਜਿਆ ਗਿਆ ਸੀ, ਜੋ 24 ਦਸੰਬਰ 2021 ਨੂੰ ਏਸ਼ੀਆ ਸਮਾਚਾਰ ਵਿੱਚ ਪ੍ਰਕਾਸ਼ਿਤ ਕੀਤਾ ਗਿਆ।

### ਕਾਰਨ

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ, "ਜਿਹੜੇ ਨਿਮਨ ਤੋਂ ਨੀਵੇਂ ਵਰਗ ਦੇ ਲੋਕ ਹਨ, ਨਾਨਕ ਉਨ੍ਹਾਂ ਦੇ ਨਾਲ ਹੈ ਅਤੇ ਅਖੌਤੀ ਕੁਲੀਨ ਵਰਗ ਨਾਲ ਉਨ੍ਹਾਂ ਦਾ ਕੋਈ ਲੈਣਾ-ਦੇਣਾ ਨਹੀਂ ਹੈ।




ਜਿੱਥੇ ਕਿਤੇ ਵੀ ਇਨ੍ਹਾਂ ਸਭ ਤੋਂ ਨੀਵੇਂ ਲੋਕਾਂ ਦੀ ਦੇਖ-ਭਾਲ ਕਰਨ ਦਾ ਕੋਈ ਉਪਰਾਲਾ ਹੁੰਦਾ ਹੈ, ਇੱਕ ਸਿਰਜਣਹਾਰ, ਪਰਮਾਤਮਾ ਸਭ ਤੋਂ ਵਧੀਆ ਅਸੀਸਾਂ ਦਿੰਦਾ ਹੈ।" ਗੁਰੂ ਜੀ ਨੇ ਮਲਕ ਭਾਗੋ ਦੇ ਸ਼ਾਨਦਾਰ ਪਕਵਾਨਾਂ ਨਾਲੋਂ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਨੂੰ ਤਰਜੀਹ ਦਿੱਤੀ ਸੀ।

ਸਮਾਜ ਨੂੰ ਡੂੰਘੀ ਜਾਤ-ਪਾਤ ਦੀ ਮਾਰ ਤੋਂ ਮੁਕਤ ਕਰਨ ਲਈ ਗੁਰੂ ਅਮਰਦਾਸ ਜੀ ਨੇ ਲੰਗਰ (ਆਮ ਰਸੋਈ) ਨੂੰ ਹਰਮਨ ਪਿਆਰਾ ਬਣਾਇਆ ਸੀ। ਉਨ੍ਹਾਂ ਨੇ ਸਪੱਸ਼ਟ ਹਦਾਇਤ ਕੀਤੀ ਸੀ ਕਿ ਜੋ ਵੀ ਵਿਅਕਤੀ ਉਨ੍ਹਾਂ ਨੂੰ ਜਰੂਰੀ ਮਿਲਣ ਆਉਂਦਾ ਹੈ, ਉਸ ਨੂੰ ਪਹਿਲਾਂ ਸਾਂਝੀ ਰਸੋਈ ਵਿੱਚ ਦੂਜਿਆਂ ਨਾਲ ਰਲ ਕੇ ਖਾਣਾ ਜਰੂਰੀ ਹੈ। ਇੱਥੋਂ ਤੱਕ ਕਿ ਬਾਦਸ਼ਾਹ ਅਕਬਰ ਨੂੰ ਵੀ ਗੁਰੂ ਜੀ ਨਾਲ ਹਾਜ਼ਰੀ ਭਰਨ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਆਪਣਾ ਭੋਜਨ ਆਮ ਲੋਕਾਂ ਨਾਲ ਖਾਣਾ ਪਿਆ ਸੀ।

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਨਾ ਕਰਕੇ ਜਾਤੀਵਾਦ 'ਤੇ ਮੂਹਰਲਾ ਹਮਲਾ ਕੀਤਾ। ਪੰਜ ਪਿਆਰੇ ਵੱਖ-ਵੱਖ ਜਾਤਾਂ ਦੇ ਸਨ: ਭਾਈ ਦਇਆ ਸਿੰਘ (ਖੱਤਰੀ), ਭਾਈ ਧਰਮ ਸਿੰਘ (ਜੱਟ), ਭਾਈ ਹਿੰਮਤ ਸਿੰਘ (ਜਲ ਢੋਣ ਵਾਲਾ), ਭਾਈ ਮੋਹਕਮ ਸਿੰਘ (ਛੀਂਬਾ) ਅਤੇ ਭਾਈ ਸਾਹਿਬ ਸਿੰਘ (ਨਾਈ)।

ਕਰਨਲ ਭੁਪਿੰਦਰ ਸਿੰਘ ਦੇ ਸ਼ਬਦਾਂ ਵਿੱਚ: "ਕੇਂਦਰੀ ਪੰਜਾਬ ਦੇ ਮੈਦਾਨੀ ਇਲਾਕਿਆਂ ਵਿੱਚ ਆਪਣੀ ਪ੍ਰਭੂਸੱਤਾ ਦੀ ਆਭਾਸੀ ਸਥਾਪਨਾ ਦੇ ਨਾਲ ਸਿੱਖ ਹੌਲੀ-ਹੌਲੀ ਆਪਣੇ ਰਵਾਇਤੀ ਪੇਂਡੂ ਜੀਵਨ ਵਿੱਚ ਵਾਪਸ ਪਰਤ ਆਏ, ਖੇਤੀ ਨੂੰ ਉਨ੍ਹਾਂ ਦੇ ਮੁੱਖ ਕਿੱਤੇ ਵਜੋਂ, ਨੀਵੀਂ ਜਾਤ ਦੇ ਸਿੱਖਾਂ ਨੇ ਸਫਾਈ, ਚਮੜੇ ਦੀ ਸ਼ਿਲਪਕਾਰੀ, ਬੁਣਾਈ ਅਤੇ ਖੇਤ ਮਜ਼ਦੂਰੀ ਦੀ ਆਪਣੀ ਪੁਰਾਣੀ ਭੂਮਿਕਾ ਨੂੰ ਮੁੜ ਸ਼ੁਰੂ ਕੀਤਾ; ਪਰ ਸਿੱਖ ਲੋਕ ਅਸਲ ਵਿੱਚ ਆਪਣੇ ਆਪ ਨੂੰ ਆਪਣੇ ਮੂਲ ਦੇ ਜੰਜੀਰਾਂ ਅਤੇ ਹਿੰਦੂ ਰੀਤੀ-ਰਿਵਾਜਾਂ ਤੇ ਪਰੰਪਰਾਵਾਂ ਦੇ ਦਬਦਬੇ ਤੋਂ ਮੁਕਤ ਨਹੀਂ ਕਰ ਸਕੇ, ਜੋ ਉਨ੍ਹਾਂ ਦੇ ਗੁਰੂਆਂ ਦੀਆਂ ਸਿੱਖਿਆਵਾਂ ਦੇ ਸਿੱਧੇ ਉਲਟ ਸਨ। ਸਮੇਂ ਦੇ ਬੀਤਣ ਨਾਲ ਨੀਵੀਆਂ ਜਾਤਾਂ ਨਾਲ ਬਦਸਲੂਕੀ ਦਾ ਸਿਲਸਿਲਾ ਇੱਕ ਵਾਰ ਫਿਰ ਸ਼ੁਰੂ ਹੋ ਗਿਆ। ਇਸ ਜ਼ੁਲਮ ਦੇ ਸ਼ਿਕਾਰ ਜ਼ਿਆਦਾਤਰ ਸਿੱਖ ਸਮਾਜ ਦੇ ਸਮਾਜਿਕ ਤੌਰ 'ਤੇ ਕਮਜ਼ੋਰ ਅਤੇ ਪਛੜੇ ਵਰਗ ਸਨ।"

ਪੰਜਾਬ ਵਿੱਚ ਜਮੀਨ ਦੀ ਮਾਲਕ ਜਮਾਤ ਜੱਟ ਸਿੱਖ ਦਲਿਤ ਸਿੱਖਾਂ ਨੂੰ ਹਰ ਸੰਭਵ ਤਰੀਕੇ ਨਾਲ ਜ਼ਲੀਲ ਅਤੇ ਦਬਾਉਂਦੀ ਰਹੀ ਹੈ। ਉਨ੍ਹਾਂ ਨੂੰ ਕਈ ਗੁਰਦੁਆਰਿਆਂ ਵਿੱਚ ਦਾਖਲ ਹੋਣ ਦੀ ਇਜਾਜ਼ਤ ਨਹੀਂ ਹੈ, ਜੋ ਜੱਟ ਸਿੱਖਾਂ ਦੁਆਰਾ ਨਿਯੰਤ੍ਰਿਤ ਹਨ। ਕਈ ਵਾਰ ਦਲਿਤ ਸਿੱਖਾਂ ਨੂੰ ਆਪਣੇ ਰਿਸ਼ਤੇਦਾਰਾਂ ਦੇ ਵਿਆਹ ਲਈ ਗੁਰੂ ਗ੍ਰੰਥ ਸਾਹਿਬ ਨੂੰ ਲੈ ਕੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ। ਇਸੇ ਤਰ੍ਹਾਂ ਗੁਰਦੁਆਰਿਆਂ ਦੇ ਬਰਤਨਾਂ ਅਤੇ ਚਾਦਰਾਂ ਨੂੰ ਆਪਣੇ ਸਮਾਗਮਾਂ ਲਈ ਵਰਤਣ ਦੀਆਂ ਉਨ੍ਹਾਂ ਦੀਆਂ ਬੇਨਤੀਆਂ ਨੂੰ ਅਕਸਰ ਰੱਦ ਕਰ ਦਿੱਤਾ ਜਾਂਦਾ ਹੈ। ਕੁਝ ਪਿੰਡਾਂ ਵਿੱਚ ਦਲਿਤ ਸਿੱਖਾਂ ਨੂੰ ਸਮਸ਼ਾਨ ਘਾਟ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀ ਹੈ, ਜੋ ਕਥਿਤ ਉੱਚ ਜਾਤੀਆਂ ਦੇ ਸਿੱਖਾਂ ਦੁਆਰਾ ਵਰਤੇ ਜਾਂਦੇ ਹਨ।

ਆਪਣੀ ਅੱਤ ਦੀ ਗਰੀਬੀ ਕਾਰਨ ਬਹੁਤ ਸਾਰੇ ਦਲਿਤ ਸਿੱਖ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦੇਣ ਤੋਂ ਅਸਮਰੱਥ ਹਨ; ਪਰ ਈਸਾਈ ਮਿਸ਼ਨਰੀ ਬੱਚਿਆਂ ਨੂੰ ਚੰਗੀ ਸਿੱਖਿਆ ਦੇਣ ਦਾ ਵਾਅਦਾ ਕਰਦੇ ਹਨ ਅਤੇ ਮਾਪੇ ਈਸਾਈ ਧਰਮ ਅਪਨਾਉਣ ਲਈ ਅੱਗੇ ਆਉਂਦੇ ਹਨ। ਗੁਰਦਾਸਪੁਰ ਦੇ ਫਤਿਹਗੜ੍ਹ ਚੂੜੀਆਂ ਵਿਖੇ ਸਥਿਤ ਸੇਂਟ ਫਰਾਂਸਿਸ ਕਾਨਵੈਂਟ ਸਕੂਲ ਦੇ ਸਟਾਫ ਮੁਤਾਬਕ ਉਨ੍ਹਾਂ ਦੀ ਸੰਸਥਾ ਬੱਚਿਆਂ ਨੂੰ ਮੁਫਤ ਜਾਂ ਰਿਆਇਤੀ ਸਿੱਖਿਆ ਪ੍ਰਦਾਨ ਕਰਨ ਲਈ ਸਾਲਾਨਾ 90 ਲੱਖ ਰੁਪਏ ਖਰਚ ਕਰਦੀ ਹੈ। ਸਕੂਲ ਦੇ 3,500 ਵਿਦਿਆਰਥੀਆਂ ਵਿੱਚੋਂ ਕਰੀਬ 400 ਵਿਦਿਆਰਥੀ ਕੁੱਝ ਵੀ ਨਹੀਂ ਦਿੰਦੇ ਹਨ। ਨਵਾਂ ਪਿੰਡ ਤੋਂ ਸੋਨੀਆ ਮਸੀਹ ਦੇ ਬੋਲ ਸਨ, "ਮੇਰੇ ਬੱਚੇ ਇੱਥੇ 200 ਤੋਂ 300 ਰੁਪਏ ਦੀ ਮਾਮੂਲੀ ਰਕਮ ਵਿੱਚ ਪੜ੍ਹਦੇ ਹਨ।"

ਪੰਜਾਬ ਦੇ ਸਿੱਖ ਰਾਜਨੀਤਿਕ ਅਤੇ ਧਾਰਮਿਕ ਆਗੂ ਦਲਿਤ ਸਿੱਖਾਂ ਦੀ ਮਦਦ ਲਈ ਆਉਣ ਵਿੱਚ ਬੁਰੀ ਤਰ੍ਹਾਂ ਅਸਫਲ ਰਹੇ ਹਨ। ਤਤਕਾਲੀ ਮੁੱਖ ਮੰਤਰੀ ਸਵਰਗੀ ਪ੍ਰਕਾਸ਼ ਸਿੰਘ ਬਾਦਲ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਜੋ ਕਿ ਰਮਦਾਸੀਆ ਭਾਈਚਾਰੇ ਦੇ ਦਲਿਤ ਸਿੱਖ ਹਨ, ਦਲਿਤ ਸਿੱਖਾਂ ਦੀ ਚੜ੍ਹਦੀ ਕਲਾ ਲਈ ਕੁੱਝ ਕਰ ਸਕਦੇ ਸਨ, ਪਰ ਸਪੱਸ਼ਟ ਹੈ ਕਿ ਉਨ੍ਹਾਂ ਦੀਆਂ ਤਰਜੀਹਾਂ ਵੱਖਰੀਆਂ ਸਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਪੰਜਾਬ ਦੇ ਦਲਿਤ ਸਿੱਖਾਂ ਦੀ ਭਲਾਈ ਲਈ ਅਮਲੀ ਤੌਰ 'ਤੇ ਕੁੱਝ ਨਹੀਂ ਕੀਤਾ।

ਬਹੁਤ ਚਲਾਕ ਈਸਾਈ ਮਿਸ਼ਨਰੀ ਗਰੀਬੀ ਨੂੰ ਆਪਣੇ ਲਈ ਰੱਬ ਦਾ ਤੋਹਫ਼ਾ ਮੰਨਦੇ ਹਨ, ਕਿਉਂਕਿ ਗਰੀਬ ਲੋਕਾਂ ਨੂੰ ਅਸਾਨੀ ਨਾਲ ਈਸਾਈ ਧਰਮ ਅਪਨਾਉਣ ਲਈ ਲੁਭਾਇਆ ਜਾ ਸਕਦਾ ਹੈ। ਕੋਈ ਹੈਰਾਨੀ ਦੀ ਗੱਲ ਨਹੀਂ ਕਿ ਉਹ ਮਿਸ਼ਨਰੀ ਗਰੀਬ ਦਲਿਤ ਸਿੱਖਾਂ ਨਾਲ ਸੰਪਰਕ ਕਰਦੇ ਹਨ ਅਤੇ ਜੇਕਰ ਉਹ ਧਰਮ ਪਰਿਵਰਤਨ ਕਰਦੇ ਹਨ ਤਾਂ ਉਨ੍ਹਾਂ ਨੂੰ ਪੈਸੇ ਦੀ ਪੇਸ਼ਕਸ਼ ਕਰਦੇ ਹਨ। ਕੁੱਝ ਦਲਿਤ ਸਿੱਖ ਬਹੁਤ ਗਰੀਬ ਹਨ ਅਤੇ ਉਨ੍ਹਾਂ ਨੂੰ ਕੁੱਝ ਪੈਸੇ ਦੀ ਵੀ ਬਹੁਤ ਲੋੜ ਹੈ; ਉਨ੍ਹਾਂ ਨੂੰ ਧਰਮ ਪਰਿਵਰਤਨ ਕਰਨ ਵਿੱਚ ਕੋਈ ਇਤਰਾਜ਼ ਨਹੀਂ ਹੈ, ਜੇਕਰ ਉਨ੍ਹਾਂ ਨੂੰ ਤੁਰੰਤ ਚੰਗੀ ਰਕਮ ਮਿਲ ਸਕਦੀ ਹੈ। ਈਸਾਈ ਮਿਸ਼ਨਰੀ ਉਨ੍ਹਾਂ ਨੂੰ ਪੁਰਾਣੀਆਂ ਬਿਮਾਰੀਆਂ ਤੋਂ ਠੀਕ ਕਰਨ, ਉਨ੍ਹਾਂ ਨੂੰ ਦੁਸ਼ਟ ਆਤਮਾਵਾਂ ਤੋਂ ਬਚਾਉਣ ਅਤੇ ਉਨ੍ਹਾਂ ਦੀਆਂ ਰੂਹਾਂ ਨੂੰ ਨਰਕ ਦੀ ਅੱਗ ਤੋਂ ਬਚਾਉਣ ਦਾ ਕਥਿਥ ਵਾਅਦਾ ਕਰਦੇ ਹਨ।

ਸ਼੍ਰੋਮਣੀ ਕਮੇਟੀ ਵੱਲੋਂ ਸਹੀ ਧਰਮ ਪ੍ਰਚਾਰ ਦੀ ਅਣਹੋਂਦ ਕਾਰਨ ਪੰਜਾਬ ਦੇ ਨੌਜਵਾਨ ਸਿੱਖਾਂ ਵਿੱਚ ਵਿਆਪਕ ਪੱਧਰ 'ਤੇ ਧਰਮ-ਤਿਆਗ ਫੈਲਿਆ ਹੋਇਆ ਹੈ। ਇੱਕ ਅੰਦਾਜ਼ੇ ਅਨੁਸਾਰ ਪੰਜਾਬ ਵਿੱਚ 70 ਫੀਸਦੀ ਦੇ ਕਰੀਬ ਸਿੱਖ ਨੌਜਵਾਨ ਪਤਿੱਤ ਹਨ। ਇਨ੍ਹਾਂ ਵਿੱਚੋਂ ਬਹੁਤ ਸਾਰੇ ਪਤਿੱਤ ਸਿੱਖ ਆਸਾਨੀ ਨਾਲ ਈਸਾਈ ਧਰਮ ਅਪਨਾਉਣ ਲਈ ਰਾਜ਼ੀ ਹੋ ਜਾਂਦੇ ਹਨ।

ਪੰਜਾਬ ਭਰ ਵਿੱਚ ਨਕਲੀ ਬਾਬਿਆਂ ਅਤੇ ਸੰਤਾਂ ਦੀ ਕੋਈ ਕਮੀ ਨਹੀਂ ਹੈ। ਇਨ੍ਹਾਂ ਦੀ ਵਿਆਪਕ ਪਹੁੰਚ ਕਾਰਨ ਸਿੱਖਾਂ ਦਾ ਆਪਣੇ ਧਰਮ ਵਿੱਚ ਵਿਸ਼ਵਾਸ ਕਮਜ਼ੋਰ ਹੋ ਗਿਆ ਹੈ। ਇਸ ਲਈ ਈਸਾਈ ਪ੍ਰਚਾਰਕ ਆਮ ਤੌਰ 'ਤੇ ਵੱਖ-ਵੱਖ ਡੇਰਿਆਂ ਦੇ ਸਿੱਖ ਪੈਰੋਕਾਰਾਂ ਨੂੰ ਧਰਮ ਪਰਿਵਤਨ ਲਈ ਪ੍ਰੇਰਿਤ ਕਰਨਾ ਆਸਾਨ ਸਮਝਦੇ ਹਨ।

ਪੰਜਾਬ ਦੇ ਨੌਜਵਾਨਾਂ ਵਿੱਚ ਅਮਰੀਕਾ, ਕੈਨੇਡਾ ਅਤੇ ਬ੍ਰਿਟੇਨ ਵਰਗੇ ਪੱਛਮੀ ਦੇਸ਼ਾਂ ਵਿੱਚ ਜਾਣ ਦਾ ਰੁਝਾਨ/ਲਾਲਸਾ ਹੈ। ਬਹੁਤ ਸਾਰੇ ਈਸਾਈ ਮਿਸ਼ਨਰੀ ਧਰਮ ਪਰਿਵਰਤਨ ਕਰਨ ਤੇ ਉਨ੍ਹਾਂ ਲਈ ਵੀਜ਼ੇ ਦਾ ਪ੍ਰਬੰਧ ਕਰਨ ਦਾ ਵਾਅਦਾ ਕਰਦੇ ਹਨ।

ਪੰਜਾਬ ਵਿੱਚ ਮਰਦ-ਔਰਤ ਦਾ ਅਨੁਪਾਤ ਇੰਨਾ ਮਾੜਾ ਹੈ ਕਿ ਵਿਆਹ ਯੋਗ ਉਮਰ ਦੇ ਬਹੁਤ ਸਾਰੇ ਸਿੱਖ ਮਰਦਾਂ ਨੂੰ ਯੋਗ ਲਾੜੀ ਮਿਲਣਾ ਬਹੁਤ ਔਖਾ ਲੱਗਦਾ ਹੈ। ਈਸਾਈ ਪ੍ਰਚਾਰਕ ਕਈ ਵਾਰ ਅਜਿਹੇ ਸਿੱਖ ਮਰਦਾਂ ਲਈ ਢੁਕਵੀਂ ਦੁਲਹਨ ਲੱਭਣ ਦਾ ਵਾਅਦਾ ਕਰਦੇ ਹਨ, ਜੇਕਰ ਉਹ ਈਸਾਈ ਧਰਮ ਅਪਨਾ ਲੈਂਦੇ ਹਨ।

### ਧੋਖੇਬਾਜ਼, ਅਨੈਤਿਕ ਅਤੇ ਇਤਰਾਜ਼ਯੋਗ ਤਰੀਕੇ

ਚਲਾਕ ਈਸਾਈ ਮਿਸ਼ਨਰੀ ਨਵੇਂ ਧਰਮ ਪਰਿਵਰਤਨ ਕਰਵਾਉਣ ਲਈ ਬਹੁਤ ਹੀ ਧੋਖੇ, ਅਨੈਤਿਕ ਅਤੇ ਇਤਰਾਜ਼ਯੋਗ ਤਰੀਕੇ ਵਰਤ ਰਹੇ ਹਨ। ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਚਰਚ ਬਣਾਏ ਜਾ ਰਹੇ ਹਨ, ਜੋ ਬਾਹਰੋਂ ਗੁਰਦੁਆਰਿਆਂ ਵਾਂਗ ਦਿਖਾਈ ਦਿੰਦੇ ਹਨ। ਈਸਾ ਮਸੀਹ ਲਈ ਸਿੱਖ ਸ਼ਬਦ 'ਸਤਿਗੁਰੂ' ਅਤੇ 'ਵਾਹਿਗੁਰੂ' ਵਰਤੇ ਜਾ ਰਹੇ ਹਨ। ਗਰੀਬ ਅਤੇ ਅਨਪੜ੍ਹ ਦਲਿਤ ਸਿੱਖਾਂ ਨੂੰ ਉਲਝਾਉਣ ਲਈ ਸਿੱਖ ਸ਼ਬਦਾਵਲੀ ਦੀ ਬੇਸ਼ਰਮੀ ਨਾਲ ਵਰਤੋਂ ਕੀਤੀ ਜਾਂਦੀ ਹੈ। ਪੰਜਾਬ ਦੇ ਈਸਾਈ ਮਿਸ਼ਨਰੀਆਂ ਵੱਲੋਂ 'ਗੁਰਬਾਣੀ', 'ਖਾਲਸਾ', 'ਸਤਿਸੰਗ', 'ਸਿਮਰਨ', 'ਕੀਰਤਨ' ਅਤੇ 'ਅਰਦਾਸ' ਵਰਗੇ ਸ਼ਬਦ ਲਗਾਤਾਰ ਵਰਤੇ ਜਾਂਦੇ ਹਨ। ਗੁਰਬਾਣੀ ਕੀਰਤਨ ਵਾਂਗ ਈਸਾਈ ਭਜਨ ਗਾਏ ਜਾ ਰਹੇ ਹਨ। ਸਿੱਖ ਧਰਮ ਦੇ ਪ੍ਰਤੀਕਾਂ ਦੀ ਵਰਤੋਂ ਪੇਂਡੂ ਸਿੱਖਾਂ ਨੂੰ

⇒ ***ਬਾਕੀ ਅਗਲੇ ਸਫੇ ਉਤੇ ਪੜ੍ਹੋ***

***"ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਦੀ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਸੁਹਿਰਦ ਪਾਠਕਾਂ ਲਈ ਇਹ ਪੁਸਤਕ 'ਪੰਜਾਬੀ ਪਰਵਾਜ਼' ਵਿੱਚ ਲੜੀਵਾਰ ਛਾਪੀ ਗਈ ਹੈ। ਇਸ ਪੁਸਤਕ ਵਿੱਚ ਲੇਖਕ ਨੇ ਵੱਖ ਵੱਖ ਇਤਿਹਾਸਕ ਤੇ ਹੋਰ ਨਾਮੀ ਲੇਖਕਾਂ ਦੀਆਂ ਪੁਸਤਕਾਂ ਤੋਂ ਵੇਰਵਾ ਦਰਜ ਕੀਤਾ ਹੈ। ਪੇਸ਼ ਹੈ, ਧਾਰਮਿਕ ਤੇ ਭਾਈਚਾਰਕ ਸਾਂਝ ਦਾ ਸੁਨੇਹਾ ਦਿੰਦੀ ਇਸ ਪੁਸਤਕ ਦੀ ਆਖਰੀ ਕਿਸ਼ਤ...***

# ਸਾਂਝ ਦੇ ਸੁਨੇਹੇ

'ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ'

ਅਲੀ ਰਾਜਪੁਰਾ
ਫੋਨ:+91-9417679302

**1. ਸ਼ੇਖ ਮਾਲੋ**

ਸ਼ੇਖ ਮਾਲੋ ਇੱਕ ਗਿਆਨਵਾਨ ਮੁਸਲਮਾਨ ਸੀ, ਉਹ ਗੁਰੂ ਨਾਨਕ ਦੇਵ ਜੀ ਨਾਲ ਕਰਤਾਰਪੁਰ ਵਿਖੇ ਵਿਚਾਰ-ਚਰਚਾ ਕਰਨ ਆਇਆ ਸੀ ਤੇ ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਸੀ। ਗੁਰੂ ਨਾਨਕ ਦੇਵ ਜੀ ਨਾਲ ਗੋਸ਼ਟਿ ਤੋਂ ਪਹਿਲਾਂ ਸ਼ੇਖ ਮਾਲੋ ਦੇ ਮਨ ਅੰਦਰ ਕਈ ਤਰ੍ਹਾਂ ਦੇ ਸਵਾਲ ਸਨ, ਜਿਹੜੇ ਵਿਚਾਰ-ਵਟਾਂਦਰਾ ਕਰਨ ਉਪਰੰਤ ਦੂਰ ਹੋਏ ਜਦੋਂ ਗੁਰੂ ਜੀ ਨੇ ਕਿਹਾ, ਜੋ ਕੁਝ ਉਸ (ਮਾਲਕ) ਨੂੰ ਭਾਉਂਦਾ ਹੈ, ਉਸੇ ਵਿੱਚ ਰਾਜ਼ੀ ਰਹਿ, ਉਸੇ ਨੂੰ ਤਸਬੀ ਬਣਾ।

**2. ਜਿੰਦਪੀਰ**

ਇਸ ਨਾਂ ਦਾ ਇੱਕ ਸ਼ਖ਼ਸ ਉਂਝ ਮੁਸਲਮਾਨ ਸੀ ਤੇ ਗੁਰੂ ਨਾਨਕ ਦੇਵ ਜੀ ਦਾ ਪੱਕਾ ਸ਼ਰਧਾਲੂ ਸੀ। ਗੁਰੂ ਜੀ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਸਿੱਖ ਧਰਮ ਕਬੂਲ ਕੀਤਾ ਸੀ। ਸਿੰਧ ਵਿੱਚੋਂ ਭੱਖਰ ਪਾਰ ਸਿੰਧੂ ਨਦੀ ਦੇ ਟਾਪੂ ਵਿੱਚ ਜਿੰਦਪੀਰ ਦਾ ਗੁਰੂ-ਘਰ ਉਸਰਿਆ ਹੈ, ਜਿੱਥੇ ਗੁਰੂ ਨਾਨਕ ਦੇਵ ਜੀ ਨੇ ਠਹਿਰ ਕੀਤੀ ਸੀ।

**3. ਭਾਈ ਕਮਾਲ ਜੀ**

ਗੁਰੂ ਨਾਨਕ ਦੇਵ ਜੀ ਨੇ ਜਦੋਂ ਕਸ਼ਮੀਰ ਦੀ ਯਾਤਰਾ ਕੀਤੀ ਤਾਂ ਭਾਈ ਕਮਾਲ ਜੀ ਗੁਰੂ ਜੀ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ ਸੀ। ਉਂਝ ਉਹ ਕਸ਼ਮੀਰੀ ਮੁਸਲਮਾਨ ਸੀ ਤੇ ਗੁਰੂ ਜੀ ਨੇ ਇਨ੍ਹਾਂ ਨੂੰ ਕੁਰਾਮ, ਕਾਬੁਲ, ਕੰਧਾਰ ਅਤੇ ਤਿਰਾਹ ਵਿਖੇ ਸਿੱਖਿਆਵਾਂ ਦੇ ਪ੍ਰਚਾਰ ਲਈ ਤੋਰਿਆ।

**4. ਜਮਾਲ**

ਗੁਰੂ ਅਰਜਨ ਦੇਵ ਜੀ ਦੀ ਵਿਚਾਰਧਾਰਾ ਤੇ ਸ਼ਖ਼ਸੀਅਤ ਤੋਂ ਬੇਅੰਤ ਪ੍ਰਭਾਵਿਤ ਹੋ ਕੇ ਜਮਾਲ ਗੁਰੂ ਦਾ ਸਿੱਖ ਬਣਿਆ। ਡਾ. ਮੁਹੰਮਦ ਹਬੀਬ ਅਤੇ ਡਾ. ਜਸਪਾਲ ਕੌਰ ਨੇ ਆਪਣੀ ਪੁਸਤਕ 'ਸਿੱਖ ਧਰਮ ਨਾਲ ਸਬੰਧਿਤ ਸਤਿਕਾਰਤ ਮੁਸਲਿਮ ਸ਼ਖ਼ਸੀਅਤਾਂ' ਵਿੱਚ ਲਿਖਿਆ ਹੈ ਕਿ ਇਹ ਪਵਿੱਤਰ ਆਤਮਾ ਗੁਰੂ ਹਰਿਗੋਬਿੰਦ ਸਿੰਘ ਜੀ ਨਾਲ ਵੀ ਸੀ। ਇਸ ਦਾ ਜ਼ਿਕਰ ਗੁਰੂ ਅਰਜਨ ਦੇਵ ਜੀ ਨੇ ਆਪਣੀ ਬਾਣੀ ਚਉਬੋਲੇ ਵਿੱਚ ਕੀਤਾ ਹੈ। ਚਉਬੋਲੇ ਦੇ ਕਈ ਅਰਥ ਹਨ, ਪਰ ਇੱਕ ਅਰਥ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਚਾਰ ਪ੍ਰੇਮੀਆਂ- ਮੁਸਨ, ਸੰਮਨ, ਜਮਾਲ, ਅਤੇ ਪਤੰਗ ਪ੍ਰਥਾਇ ਇਹ ਬਾਣੀ ਰਚੀ ਗਈ ਹੈ। ਗੁਰੂ ਗ੍ਰੰਥ ਕੋਸ਼ (ਖਾਲਸਾ ਟ੍ਰੈਕਟ ਸੁਸਾਇਟੀ) ਅਨੁਸਾਰ ਸੰਮਨ, ਮੂਸਨ, ਜਮਾਲ ਅਤੇ ਪਤੰਗ- ਚਾਰ ਫ਼ਕੀਰਾਂ ਨਾਲ ਪੰਜਵੇਂ ਪਾਤਸ਼ਾਹ ਦਾ ਇਸ ਬਾਣੀ ਵਿੱਚੋਂ ਸੰਵਾਦ ਹੈ ਜਾਂ ਉਪਦੇਸ਼ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਜਮਾਲ ਗੁਰੂ ਅਰਜਨ ਦੇਵ ਜੀ ਨਾਲ ਅਕੀਦਤ ਰੱਖਦਾ ਸੀ।

**5. ਆਲਮ**

ਆਲਮ ਦਾ ਭਾਵ ਇਲਮ, ਗਿਆਨ ਰੱਖਣ ਵਾਲਾ ਹੈ। ਉਂਝ ਆਲਮ ਨਾਂ ਦੀਆਂ ਕਈ ਪ੍ਰਸਿੱਧ ਸ਼ਖ਼ਸੀਅਤਾਂ ਹੋਈਆਂ ਹਨ, ਜਿਨ੍ਹਾਂ ਵਿੱਚੋਂ 'ਆਲਮ' ਨਾਂ ਦੀ ਇੱਕ ਸ਼ਖ਼ਸੀਅਤ ਗੁਰੂ ਗੋਬਿੰਦ ਸਿੰਘ ਦਰਬਾਰੀ ਕਵੀ ਵਿੱਚ ਸ਼ਾਮਿਲ ਹੈ ਅਤੇ ਕੋਟਲਾ ਨਿਹੰਗ ਖਾਂ ਦੇ ਪੁੱਤਰ ਦਾ ਨਾਮ ਵੀ ਆਲਮ ਸੀ।

**6. ਬੁੱਲ੍ਹੇ ਸ਼ਾਹ**


ਬੁੱਲ੍ਹੇ ਸ਼ਾਹ ਜ਼ਿਲ੍ਹਾ ਕੈਬਲਪੁਰਾ (ਪਾਕਿਸਤਾਨ) ਦੇ ਮਸ਼ਹੂਰ ਪਿੰਡ ਦਾ ਵਾਸੀ ਸੀ, ਜਿਸ ਨੂੰ ਕਰਨੀ ਵਾਲਾ ਮੰਨਿਆ ਗਿਆ ਹੈ। ਬੁੱਲ੍ਹੇ ਸ਼ਾਹ ਨੇ ਭੰਗਾਣੀ ਅਤੇ ਅਨੰਦਪੁਰ ਸਾਹਿਬ ਦੀਆਂ ਜੰਗਾਂ ਵਿੱਚ ਗੁਰੂ ਸਾਹਿਬ ਜੀ ਪ੍ਰਤੀ ਸੇਵਾ ਨਿਭਾਈ ਸੀ। ਬੁੱਲ੍ਹੇ ਸ਼ਾਹ ਦੇ ਜ਼ਰੀਏ ਹੀ ਗੁਰੂ ਸਾਹਿਬ ਨੇ ਸ਼ਸਤਰ ਮੰਗਵਾਏ ਸਨ। ਕਿਤਾਬ 'ਮੁਸਲਮਾਣੁ ਕਹਾਵਣੁ ਮੁਸਕਲੁ' ਅਨੁਸਾਰ ਇਹ ਸਾਰਾ ਪ੍ਰਸੰਗ ਹੁਕਮਨਾਮੇ ਤੋਂ ਪ੍ਰਗਟ ਹੁੰਦਾ ਹੈ, ਜੋ ਦਸਮੇਸ਼ ਜੀ ਨੇ ਸਾਵਣ ਸੁਦੀ 2 ਸੰਮਤ 1756 ਨੂੰ ਬੁੱਲ੍ਹੇ ਸ਼ਾਹ ਨੂੰ ਦਿੱਤਾ। ਇਹ ਹੁਕਮਨਾਮਾ ਉਸ ਦੀ ਔਲਾਦ ਸ਼ਾਹ ਹੁਸੈਨ ਪਾਸ ਮੌਜੂਦ ਸੀ। ਕੁਝ ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਜਦੋਂ ਬੁੱਲ੍ਹੇਸ਼ਾਹ ਪਹਿਲੀ ਵਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜਿਆ ਤਾਂ ਉਹ ਸੰਗਤਾਂ ਦੀ ਸ਼ਰਧਾ ਮੁਹੱਬਤ ਨੂੰ ਦੇਖ ਕੇ ਫੁੱਲਿਆ ਨਾ ਸਮਾਇਆ ਤੇ ਰੱਬੀ ਨੂਰ ਵਰਸਦਾ ਦੇਖ ਕੇ ਉਸ ਦੇ ਮੂੰਹੋਂ ਸਿਫ਼ਤ 'ਚ ਸ਼ਬਦ ਉਚਾਰੇ ਗਏ।

**ਮੂਰਿਸ਼ ਮਸਜਿਦ (ਕਪੂਰਥਲਾ)**

ਮਹਾਰਾਜਾ ਜਗਤਜੀਤ ਸਿੰਘ ਵੱਲੋਂ ਕਪੂਰਥਲਾ ਵਿੱਚ ਉਸਾਰੀ ਮਸਜਿਦ ਸਿੱਖਾਂ ਅਤੇ ਮੁਸਲਮਾਨਾਂ ਦੀ ਸਾਂਝ/ਮੁਹੱਬਤ ਦੀ ਗਵਾਹੀ ਭਰਦੀ ਹੈ, ਜੋ ਰੇਲਵੇ ਸਟੇਸ਼ਨ ਦੇ ਨੇੜੇ 156 ਕਨਾਲ, ਕੇਵਲ ਦੋ ਏਕੜ ਵਿੱਚ ਉਸਾਰੀ ਗਈ ਹੈ। ਮਹਾਰਾਜਾ ਜਗਤਜੀਤ ਸਿੰਘ ਨੇ ਆਪਣੀ ਮੁਸਲਮਾਨ ਪਰਜਾ ਲਈ ਇਹ ਮਸਜਿਦ ਲਗਭਗ 1926 ਈਸਵੀ ਵਿੱਚ ਮਾਰੱਕੋ ਤੋਂ ਨਮੂਨਾ ਲਿਆ ਕੇ ਉਸਾਰਨੀ ਆਰੰਭ ਕੀਤੀ ਸੀ। ਅੰਦਰ ਦੀਵਾਰਾਂ ਉਤੇ ਸੁੰਦਰ ਮੀਨਾਕਾਰੀ ਅਤੇ ਹੋਰਨਾਂ ਦੀਵਾਰਾਂ ਉਤੇ ਸੁਨਹਿਰੀ ਸਿਹਾਈ ਨਾਲ ਕੁਰਾਨ-ਏ-ਪਾਕ ਦੀਆਂ ਆਇਤਾਂ ਨੂੰ ਸ਼ਿੰਗਾਰਿਆ ਗਿਆ। ਇਹ ਮਸਜਿਦ 'ਮੂਰਿਸ਼ ਮਸਜਿਦ' ਦੇ ਨਾਮ ਨਾਲ ਮਸ਼ਹੂਰ ਹੈ। ਲਗਭਗ 1930 ਵਿੱਚ ਇਸ ਮਸਜਿਦ 'ਤੇ 4 ਲੱਖ ਦੇ ਕਰੀਬ ਖ਼ਰਚ ਆਇਆ ਸੀ। ਇਤਿਹਾਸਕਾਰਾਂ ਅਨੁਸਾਰ ਇਸ ਮਸਜਿਦ ਵਿੱਚ ਪਹਿਲੀ ਨਮਾਜ਼ 14 ਮਾਰਚ 1930 ਨੂੰ ਪੜ੍ਹੀ ਗਈ ਦੱਸੀ ਜਾਂਦੀ ਹੈ। ਉਸ ਸਮੇਂ ਇਸਲਾਮਿਕ ਸ਼ਰ੍ਹਾ ਅਨੁਸਾਰ ਮਹਾਰਾਜਾ ਜਗਤਜੀਤ ਸਿੰਘ ਨੇ ਨਵਾਬ ਸਾਦਕ ਮੁਹੰਮਦ ਖਾਂ ਪਾਸੋਂ ਸਿਰਫ਼ ਇੱਕ ਰੁਪਿਆ ਲੈ ਕੇ ਇਹ ਮਸਜਿਦ ਮੁਸਲਮਾਨ ਪਰਜਾ ਨੂੰ ਭੇਟ ਕੀਤੀ, ਜੋ ਆਪਣੇ ਆਪ ਵਿੱਚ ਵੱਡੀ ਮਿਸਾਲ ਹੈ।

**ਪਿੰਡ ਪੱਧਰੀ ਸਾਂਝ**

ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੇ ਪਿੰਡ ਨੰਡਿਆਲੀ ਦੇ ਸਾਬਕਾ ਸਰਪੰਚ ਸ. ਨਿਰਮੈਲ ਸਿੰਘ ਸਪੁੱਤਰ ਦੇਵਾ ਸਿੰਘ ਨੰਬਰਦਾਰ ਨੇ 22 ਮਾਰਚ 1999 ਨੂੰ ਆਪਣੀ ਜੱਦੀ ਜ਼ਮੀਨ ਵਿੱਚੋਂ ਛੇ ਮਰਲੇ ਜ਼ਮੀਨ ਮੁਸਲਮਾਨ ਭਰਾਵਾਂ ਨੂੰ ਨਵੀਂ ਮਸਜਿਦ ਉਸਾਰਨ ਲਈ ਦੇ ਕੇ ਮੁਹੱਬਤੀ ਸੁਨੇਹਾ ਦਿੱਤਾ।



ਮੂਰਿਸ਼ ਮਸਜਿਦ (ਕਪੂਰਥਲਾ)

ਜ਼ਿਲ੍ਹਾ ਮੋਹਾਲੀ ਦੇ ਪਿੰਡ ਮਨੌਲੀ ਵਿਖੇ ਸਾਬਕਾ ਸਰਪੰਚ ਮੇਜਰ ਸਿੰਘ, ਅਸ਼ੋਕ ਕੁਮਾਰ ਬੂਟਾ ਸਿੰਘ ਵਾਲਾ, ਲਾਣੇਦਾਰ ਜਗਤਾਰ ਸਿੰਘ ਘੋਲਾ ਨੇ ਪਿੰਡ ਵਿੱਚ ਮਸਜਿਦ ਉਸਾਰੀ ਵਿੱਚ ਮਾਲੀ ਮਦਦ ਕਰਕੇ ਸਾਂਝ ਨੂੰ ਹੋਰ ਪੱਕੀ ਕੀਤਾ ਹੈ। ਪਿੰਡ ਠੋਣਾ, ਜ਼ਿਲ੍ਹਾ ਰੋਪੜ (ਰੂਪਨਗਰ) ਦੇ ਸਰਪੰਚ ਗੁਰਚਰਨ ਸਿੰਘ ਸਪੁੱਤਰ ਰੂਪ ਸਿੰਘ ਨੇ 10-10-1988 ਨੂੰ ਪਿੰਡ 'ਚ ਮਸਜਿਦ ਉਸਾਰਨ ਲਈ ਕਰੀਬ ਛੇ ਮਰਲੇ ਜ਼ਮੀਨ ਦਿੱਤੀ। ਜ਼ਿਕਰਯੋਗ ਹੈ ਕਿ ਇਹ ਪਿੰਡ ਇਸਲਾਮਿਕ ਤੌਰ 'ਤੇ ਕਾਫ਼ੀ ਪਛੜੇ ਹੋਏ ਹਨ, ਪਰ ਸੱਚੀ-ਮੁਹੱਬਤ ਦਾ ਸਬੂਤ ਪੇਸ਼ ਕੀਤਾ ਗਿਆ ਹੈ।

**ਸਾਂਝ-ਸੁਨੇਹਾ**

ਇੱਥੇ ਇੱਕ ਪੁਰਾਤਨ ਮਸਜਿਦ ਸਿੱਖ ਪਰਿਵਾਰ ਕੋਲ ਸੀ। ਇਸ ਪਿੰਡ ਵਿੱਚ ਕੋਈ ਵੀ ਪਰਿਵਾਰ ਮੁਸਲਮਾਨ ਨਹੀਂ ਸੀ, ਪਰ ਪਿੰਡ ਵਾਸੀਆਂ ਨੇ ਉਸ ਮਸਜਿਦ ਨੂੰ ਅਬਾਦ ਕਰਕੇ ਮੌਲਵੀ ਦੇ ਸਪੁਰਦ ਕੀਤੀ।

*ਪਹਿਲੀ ਸਤੰਬਰ 2017- ਉਤਰਾਖੰਡ ਦੇ ਚਮੋਲੀ ਜ਼ਿਲ੍ਹੇ ਦੇ ਜੋਸ਼ੀਮਠ 'ਚ ਭਾਰੀ ਬਾਰਸ਼ ਹੋਣ ਕਰਕੇ ਤਹਿਸੀਲਦਾਰ ਸਥਾਨ ਗਾਂਧੀ ਮੈਦਾਨ 'ਚ ਪਾਣੀ ਭਰ ਗਿਆ ਤੇ 2 ਸਤੰਬਰ 2017 ਨੂੰ ਈਦ-ਉਲ-ਜ਼ੁਹਾ ਦਾ ਤਿਉਹਾਰ ਹੋਣ ਕਰਕੇ ਮੁਸਲਿਮ ਭਰਾਵਾਂ ਨੂੰ 'ਈਦ ਉਲ ਜ਼ੁਹਾ' ਦੀ ਨਮਾਜ਼ ਅਦਾ ਕਰਨ ਲਈ ਵੱਡੀ ਮੁਸ਼ਕਿਲ ਖੜ੍ਹੀ ਹੋ ਗਈ। ਇਸ ਲਈ ਸਭ ਮੁਸਲਿਮ ਭਰਾਵਾਂ ਨੇ ਜੋਸ਼ੀਮਠ ਦੇ ਗੁਰੂ ਘਰ ਵਿੱਚ ਬਣੇ ਵੱਡੇ ਹਾਲ 'ਚ ਨਮਾਜ਼ ਅਦਾ ਕੀਤੀ। ਪ੍ਰਬੰਧਕ ਮੈਂਬਰ ਸ. ਬੂਟਾ ਸਿੰਘ ਦੇ ਦੱਸਣ ਅਨੁਸਾਰ 20 ਅਗਸਤ 2012 ਨੂੰ ਪਹਿਲੀ ਵਾਰ ਇਸ ਤਰ੍ਹਾਂ ਦੀ ਸਥਿਤੀ 'ਚ ਮੁਸਲਿਮ ਭਰਾਵਾਂ ਨੇ ਇਸੇ ਗੁਰੂ ਘਰ ਵਿੱਚ ਨਮਾਜ਼ ਅਦਾ ਕੀਤੀ ਸੀ, ਜਿੱਥੋਂ ਪੂਰੀ ਦੁਨੀਆਂ ਨੂੰ ਸਾਂਝੀ ਵਾਰਤਾ ਦਾ ਸੁਨੇਹਾ ਪੁੱਜਿਆ ਸੀ।

*ਜ਼ਿਲ੍ਹਾ ਬਰਨਾਲਾ ਦੇ ਮਸ਼ਹੂਰ ਪਿੰਡ ਮੂਮ ਵਿੱਚ ਸਾਰੇ ਧਰਮ ਦੇ ਲੋਕਾਂ ਦਾ ਵਾਸਾ ਹੈ। ਜਿੱਥੇ ਮੁਸਲਮਾਨਾਂ ਦੇ ਕਰੀਬ ਵੀਹ ਕੁ ਘਰ ਹਨ। ਇਨ੍ਹਾਂ ਨੂੰ ਮੁਸਲਿਮ ਭਰਾਵਾਂ ਨੂੰ ਨਮਾਜ਼ ਪੜ੍ਹਨ ਲਈ ਦੂਸਰੇ ਪਿੰਡ ਜਾਣਾ ਪੈਂਦਾ ਸੀ। ਹਿੰਦੂ-ਸਿੱਖ ਭਰਾਵਾਂ ਨੇ ਮੁਸਲਿਮ ਭਰਾਵਾਂ ਦੀ ਲੋੜ ਨੂੰ ਸਮਝਦਿਆਂ ਮੰਦਿਰ ਦੀ ਜ਼ਮੀਨ 'ਚੋਂ ਮਸਜਿਦ ਲਈ ਥਾਂ ਦਿੱਤੀ ਅਤੇ ਸਿੱਖ ਵੀਰਾਂ ਵੱਲੋਂ ਗੁਰਦੁਆਰੇ ਦੀ ਜ਼ਮੀਨ 'ਚੋਂ ਰਾਹ ਦਿੱਤਾ ਤੇ ਨਾਲ ਮਸਜਿਦ ਦੀ ਉਸਾਰੀ ਲਈ ਮਾਲੀ ਮਦਦ ਕੀਤੀ।

**ਰਾਜਪੁਰਾ (ਮਸਾਣੀ)-ਮਸਜਿਦ**

ਪਟਿਆਲਾ ਜ਼ਿਲ੍ਹੇ ਦਾ ਮਸ਼ਹੂਰ ਪਿੰਡ ਹੈ ਰਾਜਪੁਰਾ, ਜਿੱਥੇ ਜਦੋਂ ਮੁਸਲਮਾਨ ਭਰਾਵਾਂ ਵੱਲੋਂ ਮਸਜਿਦ ਦੀ ਉਸਾਰੀ ਸ਼ੁਰੂ ਕੀਤੀ ਗਈ ਤਾਂ ਮਸਜਿਦ ਲਈ ਕੁਝ ਜ਼ਮੀਨ (ਥਾਂ) ਘੱਟ ਸੀ। ਮਸਜਿਦ ਦੁਆਲੇ ਵਸੋਂ ਹੋਣ ਕਰਕੇ ਸ. ਹਰਮੇਲ ਸਿੰਘ ਸ਼ੇਰਗਿੱਲ ਨੇ ਆਪਣੇ ਨਾਲ ਲੱਗਦੀ ਥਾਂ ਦੇਣ ਦੀ ਹਾਮੀ ਭਰ ਕੇ ਮਸਜਿਦ ਦੇ ਕਾਰਜ ਨੂੰ ਨੇਪਰੇ ਚਾੜ੍ਹਨ 'ਚ ਪੂਰਾ ਯੋਗਦਾਨ ਪਾਇਆ ਤੇ ਨਾਲ ਹੀ ਮਾਲੀ ਮਦਦ ਕਰਕੇ 'ਰੱਬ ਇੱਕ' ਹੋਣ ਦਾ ਸਬੂਤ ਦਿੱਤਾ।


## ਪੰਜਾਬ 'ਤੇ ਈਸਾਈ ਹਮਲਾ!

ਉਲਝਾਉਣ ਅਤੇ ਉਨ੍ਹਾਂ ਨੂੰ ਈਸਾਈ ਬਣਾਉਣ ਲਈ ਕੀਤੀ ਜਾਂਦੀ ਹੈ।

ਪਰਿਵਰਤਿਤ ਆਦਮੀਆਂ ਅਤੇ ਔਰਤਾਂ ਨੂੰ ਹੁਣ ਜੌਨ, ਡੇਵਿਡ, ਐਡਵਰਡ, ਮੈਰੀ, ਹੈਲਨ ਜਾਂ ਐਲਿਸ ਨਹੀਂ ਕਿਹਾ ਜਾਂਦਾ; ਹੁਣ ਉਨ੍ਹਾਂ ਨੂੰ ਸਿੱਖ ਨਾਂ ਸਿੰਘ ਜਾਂ ਕੌਰ ਵਰਤਣ ਦੀ ਇਜਾਜ਼ਤ ਹੈ। ਇੱਥੋਂ ਤੱਕ ਕਿ ਕੁਝ ਈਸਾਈ ਮਿਸ਼ਨਰੀ ਵੀ ਆਪਣੇ ਨਾਵਾਂ ਵਿੱਚ 'ਸਿੰਘ' ਜਾਂ 'ਕੌਰ' ਦੀ ਵਰਤੋਂ ਕਰਦੇ ਹਨ। ਮਰਦਾਂ ਨੂੰ ਪੱਗ ਬੰਨ੍ਹਣ ਦੀ ਇਜਾਜ਼ਤ ਹੈ, ਜੇਕਰ ਉਹ ਚਾਹੁਣ। ਜਿਵੇਂ ਕਿ ਗੁਰਦੁਆਰਿਆਂ ਵਿੱਚ ਪ੍ਰਥਾ ਹੈ, ਔਰਤਾਂ ਨੂੰ ਚਰਚਾਂ ਦੇ ਅੰਦਰ ਆਪਣੇ ਸਿਰ ਢਕਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਹਾਲਾਂਕਿ ਮਰਦਾਂ ਨੂੰ ਆਪਣੇ ਸਿਰ ਢਕਣ ਤੋਂ ਬਿਨਾ ਚਰਚਾਂ ਵਿੱਚ ਦਾਖਲ ਹੋਣ ਦੀ ਇਜਾਜ਼ਤ ਹੈ।

ਗਰੀਬ ਅਤੇ ਅਨਪੜ੍ਹ ਸਿੱਖਾਂ ਨੂੰ ਉਲਝਾਉਣ ਲਈ ਨਵੰਬਰ 2019 ਵਿੱਚ ਸ਼੍ਰੋਮਣੀ ਚਰਚ ਪ੍ਰਬੰਧਕ ਕਮੇਟੀ ਦੇ ਨਾਮ ਨਾਲ ਇੱਕ ਧਾਰਮਿਕ ਸੰਸਥਾ ਬਣਾਈ ਗਈ ਸੀ। ਅਜੀਬ ਗੱਲ ਹੈ ਕਿ ਪੰਜਾਬ ਰਾਜ ਘੱਟ ਗਿਣਤੀ ਕਮੇਟੀ ਦੇ ਮੈਂਬਰ ਅਤੇ ਕ੍ਰਿਸ਼ਚੀਅਨ ਯੂਨਾਈਟਿਡ ਫੈਡਰੇਸ਼ਨ ਦੇ ਪ੍ਰਧਾਨ ਐਲਬਰਟ ਦੁਆ ਨੇ ਈਸਾਈ ਧਾਰਮਿਕ ਸੰਸਥਾ ਦੇ ਨਾਂ (ਸ਼੍ਰੋਮਣੀ ਚਰਚ ਪ੍ਰਬੰਧਕ ਕਮੇਟੀ) ਦਾ ਬਚਾਅ ਕੀਤਾ।

ਸੰਭਾਵੀ ਧਰਮ ਪਰਿਵਰਤਨ ਨੂੰ ਪ੍ਰਭਾਵਿਤ ਕਰਨ ਲਈ ਸਿੱਖ ਧਰਮ ਗ੍ਰੰਥਾਂ ਦੇ ਸ਼ਬਦਾਂ ਅਤੇ ਪੰਕਤੀਆਂ ਦਾ ਅਕਸਰ ਗਲਤ ਹਵਾਲਾ ਦਿੱਤਾ ਜਾਂਦਾ ਹੈ। ਪੰਜਾਬੀ ਭਾਸ਼ਾ ਵਿੱਚ ਬਹੁਤ ਹੀ ਗੁਰਮਰਾਹਕੁਨ ਈਸਾਈ ਸਾਹਿਤ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਵਿਆਪਕ ਰੂਪ ਵਿੱਚ ਵੰਡਿਆ ਜਾਂਦਾ ਹੈ। ਫਿਲਮਾਂ ਅਤੇ ਵੀਡੀਓਜ਼ ਸਿੱਖ ਧਰਮ ਨੂੰ ਨੀਵਾਂ ਦਿਖਾਉਣ ਅਤੇ ਈਸਾਈ ਧਰਮ ਨੂੰ ਉੱਤਮ ਧਰਮ ਵਜੋਂ ਪੇਸ਼ ਕਰਨ ਲਈ ਬਣਾਈਆਂ ਜਾਂਦੀਆਂ ਹਨ। 'ਸਿੱਖ ਪ੍ਰਸੰਗਿਕ ਇਕੱਠ' ਅਤੇ 'ਸਿੱਖ ਪੰਜਾਬੀ ਸੰਗੀਤ' ਅਜਿਹੀਆਂ ਦੋ ਫ਼ਿਲਮਾਂ ਹਨ।



ਪੰਜਾਬ ਦੇ ਇੱਕ ਪਿੰਡ ਵਿੱਚ ਇੱਕ ਵੱਡਾ ਕਰਾਸ

ਦੂਰ-ਦ੍ਰਿਸ਼ਟੀ ਵਾਲੇ ਈਸਾਈ ਮਿਸ਼ਨਰੀ ਬੜੀ ਚਲਾਕੀ ਨਾਲ ਪੰਜਾਬ ਦੇ ਸੱਭਿਆਚਾਰਕ ਚਿੰਨ੍ਹਾਂ ਜਿਵੇਂ ਗਿੱਧੇ (ਪੰਜਾਬੀ ਔਰਤਾਂ ਵੱਲੋਂ ਪੇਸ਼ ਕੀਤਾ ਜਾਂਦਾ ਲੋਕ ਨਾਚ), ਟੱਪੇ (ਸੰਗੀਤ ਦਾ ਰੂਪ) ਤੇ ਬੋਲੀਆਂ (ਗਾਏ ਦੋਹੇ) ਨੂੰ ਯਿਸੂ ਮਸੀਹਾ ਦੀ ਉਸਤਤ ਵਿੱਚ ਵਰਤ ਰਹੇ ਹਨ।


ਪੰਜਾਬ-ਅਧਾਰਤ ਈਸਾਈ ਪ੍ਰਚਾਰਕ ਹੇਠ ਲਿਖੇ ਗੀਤ ਨੂੰ ਪ੍ਰਸਿੱਧ ਬਣਾਉਣ ਵਿੱਚ ਸਫਲ ਹੋਏ ਹਨ: "ਹਰ ਮੁਸ਼ਕਿਲ ਦੇ ਵਿੱਚ, ਮੇਰਾ ਯਿਸੂ ਮੇਰੇ ਨਾਲ ਹੈ; ਬਾਪ ਵਾਂਗੂ ਕਰਦਾ ਫਿਕਰ, ਤੇ ਮਾਂ ਵਾਂਗੂ ਰੱਖਦਾ ਖਿਆਲ ਹੈ।"

ਈਸਾਈ ਮਿਸ਼ਨਰੀ ਬਾਂਝਪਨ ਅਤੇ ਕੈਂਸਰ ਸਮੇਤ ਹਰ ਕਿਸਮ ਦੀਆਂ ਬਿਮਾਰੀਆਂ ਨੂੰ ਠੀਕ ਕਰਨ ਦੇ ਝੂਠੇ ਵਾਅਦੇ ਅਤੇ ਸੈਂਕੜੇ ਗਰੀਬ ਤੇ ਅਨਪੜ੍ਹ ਦਲਿਤ ਸਿੱਖਾਂ ਨੂੰ ਆਪਣੀਆਂ ਪ੍ਰਾਰਥਨਾ ਸਭਾਵਾਂ ਵਿੱਚ ਲਿਆਉਂਦੇ ਹਨ। ਪੈਸਾ ਲੈਣ ਵਾਲੇ ਅਦਾਕਾਰ ਇਸ ਬਾਰੇ ਗੱਲ ਕਰਦੇ ਹਨ ਕਿ ਉਹ ਈਸਾਈ ਧਰਮ ਅਪਨਾਉਣ ਤੋਂ ਬਾਅਦ ਕਿਵੇਂ ਠੀਕ ਹੋਏ! ਭੋਲੇ-ਭਾਲੇ ਅਤੇ ਸਧਾਰਨ ਸਿੱਖ ਫਿਰ ਠੀਕ ਹੋਣ ਲਈ ਯਿਸੂ ਨੂੰ ਪ੍ਰਾਰਥਨਾਵਾਂ ਲਈ ਖੁੱਲ੍ਹੇ ਦਿਲ ਨਾਲ ਦਾਨ ਦਿੰਦੇ ਹਨ। ਨਾਲ ਹੀ ਉਹ ਈਸਾਈ ਧਰਮ ਅਪਨਾਉਣ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਜਾਂਦੇ ਹਨ।

ਇੱਕ ਈਸਾਈ ਪ੍ਰਚਾਰਕ ਸਾਧੂ ਮਥਾਈ ਕਥੇਟੂ ਨੇ ਪੰਜਾਬ ਵਿੱਚ ਈਸਾਈ ਪ੍ਰਚਾਰਕ ਕੰਮ ਦਾ ਮੁਲੰਕਣ ਕਰਨ ਵਾਲੀ ਇੱਕ ਕਿਤਾਬ ਲਿਖੀ ਹੈ। ਇਹ ਕਿਤਾਬ ਇੰਡੀਅਨ ਸੁਸਾਇਟੀ ਫਾਰ ਪ੍ਰਮੋਟਿੰਗ ਕ੍ਰਿਸ਼ਚੀਅਨ ਨਾਲੇਜ (ਆਈ.ਐਸ.ਪੀ.ਸੀ.ਕੇ.) ਦੁਆਰਾ ਪ੍ਰਕਾਸ਼ਿਤ ਕੀਤੀ ਗਈ ਸੀ, ਜੋ ਭਾਰਤ ਵਿੱਚ ਗਲੋਬਲ ਕਨੈਕਟੀਵਿਟੀ ਦੇ ਨਾਲ ਇੱਕ ਉੱਚ ਪ੍ਰੋਟੈਸਟੈਂਟ ਸੰਸਥਾ ਹੈ। ਇਹ ਪੁਸਤਕ ਸਿਰਫ਼ ਇੱਕ ਇਤਿਹਾਸਕ ਬਿਰਤਾਂਤ ਹੀ ਨਹੀਂ, ਸਗੋਂ ਸਿੱਖਾਂ ਦੇ ਈਸਾਈ ਧਰਮ ਵਿੱਚ ਪਰਿਵਰਤਨ ਲਈ ਕਾਰਜਪ੍ਰਣਾਲੀ ਵੀ ਪ੍ਰਦਾਨ ਕਰਦੀ ਹੈ। ਪੰਜਾਬ ਦੇ ਈਸਾਈ ਮਿਸ਼ਨਰੀ ਦਲਿਤ ਸਿੱਖਾਂ ਨੂੰ ਈਸਾਈ ਬਣਾਉਣ ਲਈ ਢੁਕਵੀਂ ਰਣਨੀਤੀ ਅਪਨਾਉਣ ਲਈ ਇਸ ਪੁਸਤਕ ਨੂੰ ਬਹੁਤ ਲਾਭਦਾਇਕ ਮੰਨਦੇ ਹਨ।

(ਬਾਕੀ ਅਗਲੇ ਅੰਕ ਵਿੱਚ)

# ਧਰਤੀ ਦੇ ਗੋਲ ਹੋਣ ਦਾ ਕਿਵੇਂ ਪਤਾ ਲੱਗਾ



ਗਿਆਨ-ਵਿਗਿਆਨ

ਹਰਜੀਤ ਸਿੰਘ
ਵਿਗਿਆਨੀ ਇਸਰੋ, ਤਿਰੂਵਨੰਤਪੁਰਮ
ਫੋਨ: +91-9995765095

ਅਸੀਂ ਸਾਰੇ ਜਾਣਦੇ ਹਾਂ ਕਿ ਧਰਤੀ ਗੋਲ ਹੈ, ਪਰ ਤੁਸੀਂ ਬਾਹਰ ਖੇਤਾਂ ਵਿੱਚ ਜਾ ਕੇ ਦੇਖੋ। ਦੂਰ ਤੱਕ ਫ਼ਸਲਾਂ, ਦਰੱਖ਼ਤ, ਘਰ ਆਦਿ ਸਭ ਨਜ਼ਰ ਆਉਣਗੇ। ਸਭ ਸਾਹਮਣੇ ਸਪਾਟ ਪਿਆ ਹੈ। ਸਭ ਪੱਧਰਾ ਹੈ। ਕੋਈ ਉਭਾਰ ਨਜ਼ਰ ਨਹੀਂ ਆ ਰਿਹਾ। ਫਿਰ ਧਰਤੀ ਗੋਲ ਕਿਵੇਂ ਹੋਈ? ਤੇ ਸਾਨੂੰ ਸਭ ਤੋਂ ਪਹਿਲਾਂ ਕਿਵੇਂ ਪਤਾ ਲੱਗਿਆ ਕਿ ਧਰਤੀ ਗੋਲ ਹੈ? ਇਸ ਦੀ ਹੀ ਇੱਥੇ ਚਰਚਾ ਕਰਾਂਗੇ।

ਮਨੁੱਖ ਜਾਤੀ ਦੇ ਸ਼ੁਰੂਆਤੀ ਦਿਨਾਂ ਵਿੱਚ ਉਸ ਨੂੰ ਬਹੁਤਾ ਸਫ਼ਰ ਨਹੀਂ ਕਰਨਾ ਪੈਂਦਾ ਸੀ। ਜੰਗਲੀ ਕਬੀਲਿਆਂ ਵਿੱਚ ਰਹਿਣ ਵਾਲੇ ਲੋਕ ਆਸ-ਪਾਸ ਤੋਂ ਸ਼ਿਕਾਰ ਕਰਕੇ ਅਤੇ ਕੰਦ-ਮੂਲ ਆਦਿ ਖਾ ਕੇ ਗੁਜ਼ਾਰਾ ਕਰ ਲੈਂਦੇ ਸਨ। ਉਨ੍ਹਾਂ ਦੇ ਦਿਲ ਵਿੱਚ ਕਦੇ ਧਰਤੀ ਦੀ ਸ਼ਕਲ ਬਾਰੇ ਖ਼ਿਆਲ ਨਹੀਂ ਆਇਆ ਹੋਣਾ। ਹੌਲੀ-ਹੌਲੀ ਜਦੋਂ ਸੱਭਿਅਤਾਵਾਂ ਵਿਕਸਤ ਹੋਈਆਂ ਤਾਂ ਆਪਸ ਵਿੱਚ ਵਪਾਰ ਸ਼ੁਰੂ ਹੋਇਆ। ਵਪਾਰੀ ਮੁਨਾਫਾ ਕਮਾਉਣ ਲਈ ਦੂਰ ਦੇ ਸਫ਼ਰ ਕਰਨ ਲੱਗੇ ਅਤੇ ਉਹ ਵਾਪਸ ਆ ਕੇ ਲੋਕਾਂ ਨੂੰ ਦੂਰ ਦੇਸ਼ ਦੀਆਂ ਕਹਾਣੀਆਂ ਸੁਣਾਉਂਦੇ। ਇੱਥੋਂ ਹੀ ਲੋਕਾਂ ਨੇ ਧਰਤੀ ਦੀ ਸ਼ਕਲ ਬਾਰੇ ਸੋਚਣਾ ਸ਼ੁਰੂ ਕੀਤਾ। ਯੂਨਾਨੀ ਲੋਕਾਂ ਨੇ ਧਰਤੀ ਦਾ ਪਹਿਲਾ ਨਕਸ਼ਾ ਬਣਾਇਆ, ਜਿਸ ਵਿੱਚ ਉਨ੍ਹਾਂ ਧਰਤੀ ਨੂੰ ਇੱਕ ਵੱਡੇ ਟਾਪੂ ਵਾਂਗ ਦਿਖਾਇਆ ਜਿਸ ਦੇ ਵਿਚਕਾਰ ਇੱਕ ਸਮੁੰਦਰ ਸੀ। ਇਹ ਟਾਪੂ ਇੱਕ ਅਨੰਤ ਸਾਗਰ ਵਿੱਚ ਤੈਰ ਰਿਹਾ ਸੀ। ਉਨ੍ਹਾਂ ਨੇ ਇਸ ਦਾ ਨਾਮ 'ਓਈਕੂਮੇਨਸ' ਰੱਖਿਆ, ਜਿਸ ਦਾ ਮਤਲਬ ਹੈ- ਧਰਤੀ ਜਿੱਥੇ ਮਨੁੱਖ ਵਸਦਾ ਹੈ।

ਚੀਨ ਦੇ ਰਾਜੇ ਨੇ ਆਪਣੇ ਅਧਿਕਾਰੀ ਚਾਰੋਂ ਦਿਸ਼ਾਵਾਂ ਵੱਲ ਸਰਵੇਖਣ ਕਰਨ ਭੇਜੇ। ਉਨ੍ਹਾਂ ਨੇ ਦੇਖਿਆ ਕਿ ਰਾਤ ਨੂੰ ਤਾਰੇ ਪੂਰਬ ਤੋਂ ਪੱਛਮ ਵੱਲ ਜਾਂਦੇ ਹਨ ਅਤੇ ਲਗਭਗ ਸਭ ਨਦੀਆਂ ਪੱਛਮ ਤੋਂ ਪੂਰਬ ਵੱਲ ਵਗਦੀਆਂ ਹਨ। ਪੱਛਮੀ ਹਿੱਸੇ ਵੱਲ ਧਰਤੀ ਏਨੀ ਉੱਚੀ ਹੈ ਕਿ ਅਸਮਾਨ ਨੂੰ ਜਾ ਛੂਹਦੀ ਹੈ ਅਤੇ ਪੂਰਬ ਵਿੱਚ ਨੀਵੀਂ ਹੈ। ਅੰਤ ਵਿੱਚ ਉਹ ਇਸ ਸਿੱਟੇ 'ਤੇ ਪੁੱਜੇ ਕਿ ਧਰਤੀ ਪਹਿਲਾਂ ਸਮਤਲ ਸੀ ਅਤੇ ਆਕਾਸ਼ ਚਾਰ ਥੰਮ੍ਹਾਂ 'ਤੇ ਖੜ੍ਹਾ ਸੀ। ਇੱਕ ਵਾਰ ਇੱਕ ਅਜਗਰ ਨੇ ਇੱਕ ਥੰਮ੍ਹ ਨੂੰ ਲਿਫਾ ਦਿੱਤਾ, ਜਿਸ ਕਰਕੇ ਧਰਤੀ ਅਤੇ ਆਕਾਸ਼ ਇੱਕ ਦੂਜੇ ਵੱਲ ਝੁਕ ਗਏ। ਇਸੇ ਕਰਕੇ ਨਦੀਆਂ ਪੱਛਮ ਤੋਂ ਪੂਰਬ ਵੱਲ ਵਗਦੀਆਂ ਹਨ ਅਤੇ ਤਾਰੇ ਪੂਰਬ ਤੋਂ ਪੱਛਮ ਵੱਲ ਜਾਂਦੇ ਹਨ।

ਭਾਰਤੀ ਰਿਸ਼ੀਆਂ ਨੇ ਵੀ ਕਈ ਤਰੀਕੇ ਦੇ ਮਾਡਲ ਸੋਚੇ। ਇੱਕ ਖ਼ਿਆਲ ਜਿਸ ਬਾਰੇ ਉਹ ਸਭ ਸਹਿਮਤ ਸਨ, ਉਹ ਸੀ ਕਿ ਧਰਤੀ ਸਮਤਲ ਹੈ। ਇਸ ਦੇ ਕੇਂਦਰ ਵਿੱਚ ਸੁਮੇਰ ਪਰਬਤ ਹੈ ਅਤੇ ਸੂਰਜ, ਚੰਦ, ਤਾਰੇ ਆਦਿ ਉਸ ਦੇ ਦੁਆਲੇ ਚੱਕਰ ਲਾਉਂਦੇ ਹਨ। ਇਸ ਤੋਂ ਬਾਅਦ ਉਨ੍ਹਾਂ ਵਿੱਚ ਕੁੱਝ ਮਤਭੇਦ ਹੋਏ। ਕੁਝ ਨੇ ਕਿਹਾ ਕਿ ਧਰਤੀ 4 ਮਹਾਂਦੀਪਾਂ ਵਿੱਚ ਵੰਡੀ ਹੋਈ ਹੈ, ਜਿਨ੍ਹਾਂ ਵਿੱਚੋਂ ਜੰਬੂ-ਦੀਪ ਵਿੱਚ ਲੋਕ ਰਹਿੰਦੇ ਹਨ। ਕੁਝ ਰਿਸ਼ੀ ਇਸ ਜੰਬੂ-ਦੀਪ ਨੂੰ ਸੁਮੇਰ ਪਰਬਤ ਦੁਆਲੇ ਛੱਲੇ ਵਾਂਗ ਮੰਨਦੇ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਇਸ ਤਰ੍ਹਾਂ ਦੇ ਸੱਤ ਮਹਾਂਦੀਪ ਹਨ, ਜੋ ਅਲੱਗ-ਅਲੱਗ ਕਿਸਮ ਦੇ ਮਹਾਸਾਗਰਾਂ (ਖਾਰੇ ਪਾਣੀ, ਰਸ, ਸ਼ਰਾਬ, ਗਰਮ ਘਿਓ, ਦਹੀਂ, ਖੀਰ ਅਤੇ ਸੱਜਰੇ ਪਾਣੀ ਦੇ) ਨੇ ਨਿਖੇੜੇ ਹੋਏ ਹਨ।

ਧਰਤੀ ਦੇ ਚਪਟੀ ਨਾ ਹੋਣ ਜਾਂ ਫੇਰ ਗੋਲ ਵਰਗੀ ਹੋਣ ਦਾ ਖ਼ਿਆਲ ਸਭ ਤੋਂ ਪਹਿਲਾਂ ਫਿਨੀਸ਼ਿਆ (ਅੱਜ ਕੱਲ੍ਹ ਦਾ ਲਿਬਨਾਨ) ਦੇ ਜਹਾਜ਼ੀਆਂ ਨੂੰ ਆਇਆ। ਉਨ੍ਹਾਂ ਦੇਖਿਆ ਕਿ ਸਮੁੰਦਰੀ ਸਫ਼ਰ ਦੌਰਾਨ ਦੂਰੋਂ ਦੇਖਦਿਆਂ, ਕਿਸੇ ਵੀ ਪਹਾੜ ਜਾਂ ਚੱਟਾਨ ਦੀ ਪਹਿਲਾਂ ਚੋਟੀ ਦਿਖਦੀ ਹੈ, ਫਿਰ ਉਪਰਲਾ ਹਿੱਸਾ ਅਤੇ ਫਿਰ ਹੌਲੀ-ਹੌਲੀ ਪੂਰਾ ਪਹਾੜ। ਪੱਧਰੀ ਧਰਤੀ 'ਤੇ ਇਹ ਨਹੀਂ ਹੋਣਾ ਚਾਹੀਦਾ ਸੀ। ਉਨ੍ਹਾਂ ਅੰਦਾਜ਼ਾ ਲਾਇਆ ਕਿ ਧਰਤੀ ਪੱਧਰੀ ਨਾ ਹੋ ਕੇ ਮੂਧੇ ਮਾਰੇ ਬੱਠਲ ਵਰਗੀ ਹੈ। ਧਰਤੀ ਨੂੰ ਅਸਲ ਵਿੱਚ ਗੋਲ ਸਭ ਤੋਂ ਪਹਿਲਾਂ ਕਿਸ ਨੇ ਸਿੱਧ ਕੀਤਾ, ਇਹ ਤਾਂ ਕਹਿਣਾ ਮੁਸ਼ਕਿਲ ਹੈ, ਕਿਉਂਕਿ ਹਰ ਦੇਸ਼ ਕੋਲ ਆਪਣੇ ਵਿਦਵਾਨ ਸਨ, ਜੋ ਇਸ 'ਤੇ ਕੰਮ ਕਰ ਰਹੇ ਸਨ। ਯੂਨਾਨੀ ਚਿੰਤਕ ਪਾਈਥਾਗੋਰਸ ਦਾ ਕਹਿਣਾ ਸੀ ਕਿ ਧਰਤੀ ਗੋਲ ਹੈ, ਕਿਉਂਕਿ ਗੋਲ ਸਭ ਤੋਂ ਸੰਪੂਰਨ ਆਕਾਰ ਹੈ ਤੇ ਬ੍ਰਹਿਮੰਡ ਦੇ ਕੇਂਦਰ ਵਿੱਚ ਹੋਣ ਕਰਕੇ ਧਰਤੀ ਗੋਲ ਹੋਣੀ ਚਾਹੀਦੀ ਹੈ, ਪਰ ਉਸ ਕੋਲ ਕੋਈ ਸਬੂਤ ਨਹੀਂ ਸੀ। ਇੱਕ ਹੋਰ ਯੂਨਾਨੀ ਚਿੰਤਕ ਅਰਸਤੂ ਨੇ ਕਿਹਾ ਕਿ ਚੰਦ ਗ੍ਰਹਿਣ, ਧਰਤੀ ਦੇ ਸੂਰਜ ਅਤੇ ਚੰਨ ਵਿਚਕਾਰ ਆਉਣ 'ਤੇ ਲੱਗਦਾ ਹੈ। ਜੇ ਧਰਤੀ ਚਪਟੀ ਹੁੰਦੀ ਤਾਂ ਇਸ ਦਾ ਪਰਛਾਵਾਂ ਡੰਡੇ ਵਰਗਾ ਹੋਣਾ ਚਾਹੀਦਾ ਸੀ, ਪਰ ਇਹ ਗੋਲ ਹੁੰਦਾ ਹੈ, ਸੋ ਧਰਤੀ ਵੀ ਗੋਲ ਹੈ। ਉਸ ਦੀ ਇਸ ਗੱਲ ਨਾਲ ਇੱਕ ਹੋਰ ਦਿੱਕਤ ਪੈਦਾ ਹੋ ਗਈ। ਉਦੋਂ ਗੁਰੂਤਾ ਦਾ ਤਾਂ ਪਤਾ ਨਹੀਂ ਸੀ। ਸੋ ਧਰਤੀ ਜੇ ਗੋਲ ਹੈ ਤਾਂ ਹੇਠਲੇ ਪਾਸੇ ਰਹਿੰਦੇ ਲੋਕ ਡਿੱਗ ਕਿਉਂ ਨਹੀਂ ਜਾਂਦੇ? ਅਰਸਤੂ ਨੇ ਕਿਹਾ, ਕਿਉਂਕਿ ਧਰਤੀ ਬ੍ਰਹਿਮੰਡ ਦਾ ਕੇਂਦਰ ਹੈ, ਇਹ ਹਰ ਚੀਜ਼ ਨੂੰ ਆਪਣੇ ਵੱਲ ਖਿੱਚਦੀ ਹੈ।

ਧਰਤੀ ਗੋਲ ਹੈ ਤਾਂ ਇਹ ਕਿੰਨੀ ਵੱਡੀ ਹੈ? ਇਹ ਅਗਲਾ ਸਵਾਲ ਸੀ। ਯੂਨਾਨੀ ਹਿਸਾਬਦਾਨ ਐਰਾਟੌਸਥੀਨਸ ਨੇ ਦੇਖਿਆ ਕਿ ਸਾਲ ਦੇ ਸਭ ਤੋਂ ਵੱਡੇ ਦਿਨ ਮਿਸਰ ਦੇ ਸ਼ਹਿਰ ਸਵੇਨੇਟ (ਅੱਜ ਕੱਲ੍ਹ ਅਸਵਨ) ਵਿੱਚ ਦੁਪਹਿਰੇ ਸੂਰਜ ਸਿਰ ਦੇ ਬਿਲਕੁਲ ਉੱਪਰ ਹੁੰਦਾ ਹੈ ਅਤੇ ਕੋਈ ਪਰਛਾਵੇਂ ਨਹੀਂ ਬਣਦੇ। ਨਾਲ ਹੀ ਉਸ ਨੇ ਦੇਖਿਆ ਕਿ ਅਲੈਗਜ਼ੈਂਡਰੀਆ ਸ਼ਹਿਰ ਵਿੱਚ ਉਸ ਸਮੇਂ ਸੂਰਜ ਦੱਖਣ ਵੱਲ ਹੁੰਦਾ ਹੈ ਅਤੇ ਪਰਛਾਵੇਂ ਬਣਦੇ ਹਨ। ਸਵੇਨੇਟ ਤੋਂ ਅਲੈਗਜ਼ੈਂਡਰੀਆ ਤੱਕ ਦਾ ਫਾਸਲਾ ਉਸ ਨੂੰ ਪਤਾ ਸੀ। ਉਸ ਨੇ ਅਲੈਗਜ਼ੈਂਡਰੀਆ ਵਿੱਚ ਦੁਪਹਿਰ ਦੇ ਸਮੇਂ ਇੱਕ ਸਿੱਧਾ ਡੰਡਾ ਗੱਡ ਕੇ ਸੂਰਜ ਦੀਆਂ ਕਿਰਨਾਂ ਦਾ ਕੋਣ ਪਤਾ ਕਰ ਲਿਆ। ਇਸ ਕੋਣ ਅਤੇ ਫਾਸਲੇ ਦੀ ਸਹਾਇਤਾ ਨਾਲ ਉਸ ਨੇ ਧਰਤੀ ਦੇ ਘੇਰੇ ਦਾ ਅਨੁਮਾਨ 2,52,000 ਸਟੈਡੀਆ (ਸਟੈਡੀਆ: ਯੂਨਾਨੀ ਲੰਬਾਈ ਦੀ ਇਕਾਈ) ਲਾਇਆ। ਉਸ ਸਮੇਂ ਕਈ ਸਟੈਡੀਆ ਚੱਲਦੇ ਸਨ। ਇਹ ਪਤਾ ਨਹੀਂ ਕਿ ਉਸ ਨੇ ਕਿਹੜੇ ਸਟੈਡੀਆ ਵਰਤੇ ਸਨ। ਇਸੇ ਕਰਕੇ ਇਹ ਅੱਜ ਦੇ 39,060 ਤੋਂ 40,320 ਕਿਲੋਮੀਟਰ ਵਿਚਕਾਰ ਬਣਦੇ ਹਨ।


ਇਸੇ ਤਰ੍ਹਾਂ ਇੱਕ ਹੋਰ ਤਾਰਾ ਵਿਗਿਆਨੀ ਪੋਸੀਡੋਨਿਓਸ ਨੇ ਇੱਕ ਤਾਰੇ 'ਕੈਨੋਪਸ' ਦੀ ਅਸਮਾਨ ਵਿੱਚ ਦੋ ਅਲੱਗ-ਅਲੱਗ ਸ਼ਹਿਰਾਂ ਤੋਂ ਇੱਕੋ ਸਮੇਂ ਉਚਾਈ ਦਾ ਫ਼ਰਕ ਮਿਣ ਕੇ ਧਰਤੀ ਦੇ ਘੇਰੇ ਦਾ ਅੰਦਾਜ਼ਾ 2,50,000 ਸਟੈਡੀਆ ਲਗਾਇਆ।

ਭਾਰਤੀ ਵਿਦਵਾਨ ਆਰੀਆਭੱਟ ਨੇ ਵੀ ਸੁਤੰਤਰ ਤੌਰ 'ਤੇ ਐਰਾਟੌਸਥੀਨਸ ਵਰਗੀ ਹੀ ਤਕਨੀਕ ਵਰਤ ਕੇ ਧਰਤੀ ਦਾ ਘੇਰਾ ਕੱਢਿਆ। ਉਸ ਨੇ ਇੱਕੋ ਵਿਥਕਾਰ ਉਤੇ ਦੋ ਅਲੱਗ-ਅਲੱਗ ਥਾਵਾਂ ਲਈਆਂ, ਜਿਨ੍ਹਾਂ ਦੀ ਦੂਰੀ ਉਸ ਨੂੰ ਪਤਾ ਸੀ। ਵਿਥਕਾਰ ਪਤਾ ਕਰਨ ਲਈ ਉਸ ਨੇ ਇਸ ਨਿਯਮ ਦਾ ਇਸਤੇਮਾਲ ਕੀਤਾ ਕਿ ਇੱਕੋ ਵਿਥਕਾਰ 'ਤੇ ਇੱਕੋ ਸਥਾਨਕ ਸਮੇਂ 'ਤੇ ਪਰਛਾਵੇਂ ਦੀ ਲੰਬਾਈ ਇੱਕੋ ਜਿੰਨੀ ਹੋਵੇਗੀ। ਫਿਰ ਉਸ ਨੇ ਦੋਵੇਂ ਥਾਵਾਂ ਵਿਚਲੇ ਸਮੇਂ ਦਾ ਫ਼ਰਕ ਇੱਕ ਜਲ ਘੜੀ ਨਾਲ ਨਾਪਿਆ। ਸਮੇਂ ਅਤੇ ਕੋਣ ਦੇ ਫ਼ਰਕ ਦੀ ਸਹਾਇਤਾ ਨਾਲ ਉਸ ਨੇ ਤਿਕੋਣਮਿਤੀ ਵਰਤ ਕੇ ਧਰਤੀ ਦਾ ਘੇਰਾ 4,967 ਯੋਜਨ ਦੱਸਿਆ ਜੋ 24,835 ਮੀਲ ਜਾਂ 39,968 ਕਿਲੋਮੀਟਰ ਬਣਦਾ ਹੈ।

17ਵੀਂ ਸਦੀ ਦੇ ਪਿਛਲੇ ਅੱਧ ਤੱਕ ਧਰਤੀ ਨੂੰ ਗੋਲ ਹੀ ਮੰਨਿਆ ਜਾਂਦਾ ਸੀ। ਫਿਰ ਅਚਾਨਕ ਪੈਰਿਸ ਦੇ ਵਿਗਿਆਨੀਆਂ ਨੇ ਮਾਧਿਆਨ ਰੇਖਾਵਾਂ ਨੂੰ ਵੱਖ-ਵੱਖ ਥਾਵਾਂ 'ਤੇ ਮਾਪਿਆ ਤਾਂ ਉਹ ਇਸ ਨਤੀਜੇ 'ਤੇ ਪਹੁੰਚੇ ਕਿ ਧਰਤੀ ਧਰੁਵਾਂ ਤੋਂ ਮਾਮੂਲੀ ਜਿਹੀ ਲੰਬੂਤਰੀ ਹੈ। ਨਿਊਟਨ ਇਸ ਨਾਲ ਸਹਿਮਤ ਨਹੀਂ ਸੀ। ਉਸ ਨੇ ਕਿਹਾ, ਕਿਉਂਕਿ ਧਰਤੀ ਆਪਣੀ ਧੁਰੀ ਦੁਆਲੇ ਘੁੰਮਦੀ ਹੈ, ਇਹ ਧਰੁਵਾਂ ਨੇੜੇ ਥੋੜ੍ਹੀ ਚਪਟੀ ਅਤੇ ਭੂ-ਮੱਧ ਰੇਖਾ ਕੋਲੋਂ ਲੰਬੂਤਰੀ ਹੋਣੀ ਚਾਹੀਦੀ ਹੈ। ਅਮਰੀਕਾ-ਫਰਾਂਸ ਦੀ ਬਹਿਸ ਜ਼ਿਆਦਾ ਭਖ ਗਈ ਤਾਂ ਨਿਪਟਾਰਾ ਕਰਨ ਲਈ ਮਾਧਿਆਨ ਰੇਖਾਵਾਂ ਨੂੰ ਮਾਪਣ ਲਈ ਟੀਮ ਭੇਜਣੀ ਪਈ। ਅਧਿਐਨ ਤੋਂ ਸਾਬਤ ਹੋਇਆ ਕਿ ਧਰਤੀ ਧਰੁਵਾਂ ਤੋਂ ਥੋੜ੍ਹੀ ਜਿਹੀ ਪੱਧਰੀ ਹੈ, ਪਰ ਹਮਵਾਰ ਨਹੀਂ।

ਧਰਤੀ ਦੀ ਸ਼ਕਲ ਦਾ ਅੰਤਲਾ ਫ਼ੈਸਲਾ ਸਾਡੇ ਯੁੱਗ ਵਿੱਚ ਹੋਇਆ। ਉਪਗ੍ਰਹਿਆਂ ਤੋਂ ਮਿਲੀਆਂ ਤਸਵੀਰਾਂ ਨੂੰ ਦੇਖਣ ਤੋਂ ਪਤਾ ਚੱਲਦਾ ਹੈ ਕਿ ਧਰਤੀ ਭੂ-ਮੱਧ ਰੇਖਾ ਨੇੜੇ ਥੋੜ੍ਹੀ ਬਾਹਰ ਨਿਕਲੀ ਹੋਈ ਹੈ ਅਤੇ ਧਰੁਵਾਂ ਨੇੜੇ ਥੋੜ੍ਹੀ ਚਪਟੀ ਹੈ। ਧਰੁਵਾਂ ਨੂੰ ਦੇਖੀਏ ਤਾਂ ਇਹ ਉਤਰੀ ਧਰੁਵ ਕੋਲ ਥੋੜ੍ਹੀ ਬਾਹਰ ਨਿਕਲੀ ਹੋਈ ਹੈ ਅਤੇ ਦੱਖਣੀ ਧਰੁਵ ਕੋਲ ਥੋੜ੍ਹੀ ਅੰਦਰ ਵੜੀ ਹੋਈ ਹੈ। ਵਿਗਿਆਨੀਆਂ ਨੇ ਇਸ ਸ਼ਕਲ ਨੂੰ ਨਾਮ ਦਿੱਤਾ ਹੈ ਜੀਓਆਈਡ (Geoid)। ਇਹ ਸ਼ਬਦ ਦੋ ਯੂਨਾਨੀ ਸ਼ਬਦਾਂ geo ਤੇ iedes ਦੇ ਮੇਲ ਤੋਂ ਬਣਿਆ ਹੈ, ਜਿਨ੍ਹਾਂ ਦਾ ਮਤਲਬ ਕ੍ਰਮਵਾਰ ਧਰਤੀ ਅਤੇ ਦ੍ਰਿਸ਼ ਹੈ। ਸੋ ਜੀਓਆਈਡ ਦਾ ਮਤਲਬ ਹੈ, ਧਰਤੀ ਵਰਗਾ। ਕਹਿਣ ਤੋਂ ਭਾਵ ਧਰਤੀ ਗੋਲ ਹੈ, ਪਰ ਪੂਰੀ ਤਰ੍ਹਾਂ ਨਹੀਂ।

# ਸੂਰਜ ਦੇ ਦਰਵਾਜ਼ੇ ਦਸਤਕ



ਆਦਿਤਿਆ ਮਿਸ਼ਨ ਭਾਰਤ ਲਈ ਵੱਡੀ ਸਫਲਤਾ ਹੈ। ਭਾਰਤੀ ਪੁਲਾੜ ਵਿਗਿਆਨੀ ਅਜੋਕੇ ਸਮੇਂ ਵਿੱਚ ਅਸਮਾਨ ਸਫਲਤਾ ਦਾ ਇੱਕ ਨਵਾਂ ਅਧਿਆਏ ਲਿਖ ਰਹੇ ਹਨ। ਪਿਛਲੇ ਸਾਲ ਅਗਸਤ ਵਿੱਚ ਚੰਦਰਮਾ ਦੇ ਦੱਖਣੀ ਧਰੁਵ 'ਤੇ ਚੰਦਰਯਾਨ-3 ਦੇ ਸਫਲ ਲੈਂਡਿੰਗ ਦੇ ਇੱਕ ਹਫ਼ਤੇ ਦੇ ਅੰਦਰ, ਭਾਰਤ ਨੇ ਸੂਰਜ ਬਾਰੇ ਨਵਾਂ ਗਿਆਨ ਇਕੱਠਾ ਕਰਨ ਲਈ ਆਦਿਤਿਆ ਐਲ-1 ਮਿਸ਼ਨ ਦੀ ਸ਼ੁਰੂਆਤ ਕੀਤੀ ਸੀ। ਮਾਣ ਵਾਲੀ ਗੱਲ ਹੈ ਕਿ ਧਰਤੀ ਤੋਂ ਕਰੀਬ ਪੰਦਰਾਂ ਲੱਖ ਕਿਲੋਮੀਟਰ ਦੂਰ ਆਦਿਤਿਆ ਨੇ ਆਪਣੇ ਟੀਚੇ ਨੂੰ ਸਫਲਤਾਪੂਰਵਕ ਪੂਰਾ ਕੀਤਾ ਹੈ, ਜੋ ਦੱਸਦਾ ਹੈ ਕਿ ਕਿਵੇਂ ਇਸਰੋ ਦੇ ਵਿਗਿਆਨੀ ਬਹੁਤ ਹੀ ਗੁੰਝਲਦਾਰ ਅਤੇ ਮੁਸ਼ਕਿਲ ਮਿਸ਼ਨਾਂ ਨੂੰ ਆਸਾਨੀ ਨਾਲ ਤਰਕਪੂਰਨ ਸਿੱਟਾ ਦੇ ਰਹੇ ਹਨ। ਭਾਰਤੀ ਵਿਗਿਆਨੀਆਂ ਦੀ ਵੱਡੀ ਪ੍ਰਾਪਤੀ ਇਹ ਹੈ ਕਿ ਸਾਰੀਆਂ ਸਫਲਤਾਵਾਂ ਇੰਨੀ ਘੱਟ ਕੀਮਤ 'ਤੇ ਹਾਸਲ ਕੀਤੀਆਂ ਗਈਆਂ ਹਨ ਕਿ ਪੂਰੀ ਦੁਨੀਆ ਹੈਰਾਨ ਰਹਿ ਗਈ ਹੈ। ਇਸ ਤਰ੍ਹਾਂ ਭਾਰਤ ਵਿਗਿਆਨ ਦੀਆਂ ਹੱਦਾਂ ਦਾ ਵਿਸਥਾਰ ਕਰ ਰਿਹਾ ਹੈ, ਜੋ ਸਮੇਂ ਦੇ ਨਾਲ ਬਾਕੀ ਦੁਨੀਆ ਲਈ ਲਾਹੇਵੰਦ ਸਾਬਤ ਹੋਵੇਗਾ। ਸ਼ੁਰੂਆਤੀ ਸੰਕੇਤ ਦਿਖਾਉਂਦੇ ਹਨ ਕਿ ਮਿਸ਼ਨ ਦੇ ਸਾਰੇ ਹਿੱਸੇ ਸੁਚਾਰੂ ਢੰਗ ਨਾਲ ਕੰਮ ਕਰ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਆਦਿਤਿਆ ਅਗਲੇ ਪੰਜ ਸਾਲਾਂ ਤੱਕ ਖੋਜ ਅਤੇ ਖੋਜ ਕਾਰਜਾਂ ਰਾਹੀਂ ਮਨੁੱਖਤਾ ਦੀ ਭਲਾਈ ਲਈ ਨਵੀਂ ਜਾਣਕਾਰੀ ਇਕੱਠੀ ਕਰੇਗਾ। ਇਸ ਮਿਸ਼ਨ ਦੀ ਸਫਲਤਾ ਨੇ ਉਨ੍ਹਾਂ ਸੰਭਾਵਨਾਵਾਂ ਨੂੰ ਵੀ ਹੁਲਾਰਾ ਦਿੱਤਾ ਹੈ, ਜੋ ਭਵਿੱਖ ਵਿੱਚ ਹੋਰ ਗ੍ਰਹਿਆਂ ਉੱਤੇ ਖੋਜ ਲਈ ਰਾਹ ਪੱਧਰਾ ਕਰ ਸਕਦੀਆਂ ਹਨ। ਇਸ ਤਰ੍ਹਾਂ ਪਹਿਲੇ ਸੂਰਜ ਮਿਸ਼ਨ ਵਿੱਚ ਭਾਰਤ ਨੇ ਪੁਲਾੜ ਵਿੱਚ ਸੂਰਜ ਦੀ ਨਿਗਰਾਨੀ ਕਰਨ ਲਈ ਇੱਕ ਆਬਜ਼ਰਵੇਟਰੀ ਦੀ ਸਥਾਪਨਾ ਕੀਤੀ ਹੈ।

ਦਰਅਸਲ ਆਦਿਤਿਆ ਐਲ-1 ਲਾਗਰੇਂਜ ਪੁਆਇੰਟ 'ਤੇ ਪਹੁੰਚਿਆ, ਧਰਤੀ ਦੇ ਸਭ ਤੋਂ ਨੇੜੇ ਇਸ ਗ੍ਰਹਿ 'ਤੇ ਹੋਣ ਵਾਲੀਆਂ ਵੱਖ-ਵੱਖ ਪ੍ਰਕਿਰਿਆਵਾਂ ਦਾ ਅਧਿਐਨ ਧਰਤੀ 'ਤੇ ਪੁਲਾੜ ਮੌਸਮ ਅਤੇ ਸੂਰਜੀ ਪ੍ਰਵਾਹ ਦੇ ਪ੍ਰਭਾਵਾਂ ਦੇ ਵਿਸ਼ਲੇਸ਼ਣ ਲਈ ਰਾਹ ਪੱਧਰਾ ਕਰੇਗਾ। ਪਿਛਲੇ ਸਾਲ 2 ਸਤੰਬਰ ਨੂੰ ਸ਼ੁਰੂ ਕੀਤੇ ਗਏ ਸੂਰਜ ਮਿਸ਼ਨ ਦੀ ਸਫਲਤਾ ਨਾਲ ਨਿਸ਼ਾਨਾਬੱਧ ਪੰਧ ਵਿੱਚ ਪਹੁੰਚਣਾ ਸਾਡੇ ਵਿਗਿਆਨੀਆਂ ਦੀ ਸਟੀਕ ਯੋਜਨਾਬੰਦੀ ਦਾ ਨਤੀਜਾ ਹੈ। ਧਿਆਨ ਯੋਗ ਹੈ ਕਿ ਜਿਸ ਬਿੰਦੂ 'ਤੇ ਆਦਿਤਿਆ ਨੂੰ ਪਹੁੰਚਾਇਆ ਗਿਆ ਹੈ, ਉਥੇ ਸੂਰਜ ਅਤੇ ਧਰਤੀ ਦੀ ਗੁਰੂਤਾ ਸ਼ਕਤੀ ਸੰਤੁਲਿਤ ਹੈ, ਜਿਸ ਕਾਰਨ ਪੁਲਾੜ ਯਾਨ ਨੂੰ ਘੱਟ ਈਂਧਨ ਦੀ ਜ਼ਰੂਰਤ ਹੈ। ਉਹ ਘੱਟ ਬਾਲਣ ਨਾਲ ਲੰਬੇ ਸਮੇਂ ਤੱਕ ਵਿਗਿਆਨਕ ਖੋਜ ਕਰ ਸਕਦਾ ਹੈ। ਦਰਅਸਲ ਆਦਿਤਿਆ ਯਾਨ ਵਿੱਚ ਮੌਜੂਦ ਸੱਤ ਪੇਲੋਡ ਸੂਰਜ ਦੀ ਬਾਹਰੀ ਪਰਤ, ਊਰਜਾ ਅਤੇ ਪੁਲਾੜ ਵਿੱਚ ਹੋਣ ਵਾਲੀਆਂ ਹੋਰ ਗਤੀਵਿਧੀਆਂ ਦਾ ਅਧਿਐਨ ਕਰਨਗੇ। ਧਰਤੀ ਅਤੇ ਪੁਲਾੜ 'ਤੇ ਮੌਸਮ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦੀ ਵੀ ਜਾਂਚ ਕਰੇਗਾ। ਸੂਰਜੀ ਪ੍ਰਵਾਹ ਕਾਰਨ ਧਰਤੀ 'ਤੇ ਕਈ ਤਰ੍ਹਾਂ ਦੀਆਂ ਵਿਗਿਆਨਕ ਘਟਨਾਵਾਂ ਵਾਪਰਦੀਆਂ ਹਨ, ਜਿਸ ਵਿੱਚ ਇਲੈਕਟ੍ਰੋਮੈਗਨੈਟਿਕ ਡਿਵੀਏਸ਼ਨ ਦਾ ਤਰਕ ਵੀ ਹੈ। ਹੁਣ ਵਿਗਿਆਨੀ ਸੂਰਜ ਦੀਆਂ ਕਿਰਨਾਂ ਅਤੇ ਧਰਤੀ 'ਤੇ ਇਸ ਦੇ ਪ੍ਰਭਾਵਾਂ ਬਾਰੇ ਹੋਰ ਜਾਣਕਾਰੀ ਇਕੱਠੀ ਕਰ ਸਕਣਗੇ। ਯਕੀਨੀ ਤੌਰ 'ਤੇ ਆਦਿਤਿਆ ਮਿਸ਼ਨ ਦੀ ਸਫਲਤਾ ਨਾਲ ਸੂਰਜ ਬਾਰੇ ਭਾਰਤੀ ਵਿਗਿਆਨੀਆਂ ਦੇ ਗਿਆਨ ਵਿੱਚ ਵਾਧਾ ਹੋਵੇਗਾ। ਜੋ ਸਮੇਂ ਦੇ ਨਾਲ ਮਨੁੱਖਤਾ ਦੀ ਭਲਾਈ ਅਤੇ ਪੁਲਾੜ ਤੋਂ ਆਉਣ ਵਾਲੇ ਖ਼ਤਰਿਆਂ ਤੋਂ ਸੁਰੱਖਿਆ ਦਾ ਰਾਹ ਦਿਖਾਉਣ ਵਿੱਚ ਸਹਾਈ ਹੋਵੇਗਾ। ਇਹ ਮੰਨਿਆ ਜਾਣਾ ਚਾਹੀਦਾ ਹੈ ਕਿ 45 ਮਿਲੀਅਨ ਡਾਲਰ ਦੇ ਬਜਟ ਵਾਲਾ ਇਹ ਆਦਿਤਿਆ ਮਿਸ਼ਨ ਭਵਿੱਖ ਵਿੱਚ ਦੇਸ਼ ਨੂੰ ਬਹੁਤ ਲਾਭ ਪ੍ਰਦਾਨ ਕਰੇਗਾ।

# ਮੰਡੀ

ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ: +91-9417358120



ਪੰਜਾਬੀ ਕੋਸ਼ਾਂ ਅਨੁਸਾਰ ਮੰਡੀ ਦਾ ਅਰਥ ਹੈ ਵੰਡਣਾ; ਉਹ ਥਾਂ ਜਿੱਥੇ ਖਾਸ ਚੀਜ਼ਾਂ ਵਿਕਦੀਆਂ ਹਨ, ਜਿਵੇਂ ਅਨਾਜ ਮੰਡੀ ਆਦਿ। ਹਿਮਾਚਲ ਦਾ ਇੱਕ ਪ੍ਰਸਿੱਧ ਸ਼ਹਿਰ ਮੰਡੀ ਸਕੇਤ। ਮੰਡੀ ਗਰਮ ਹੋਣਾ, ਮੰਡੀ ਤੇਜ਼ ਹੋਣਾ, ਮੰਡੀ ਡਿੱਗਣਾ, ਮੰਡੀ ਭਾਂ ਭਾਂ ਕਰਨੀ, ਮੰਡੀ 'ਚ ਕਾਂ ਬੋਲਣੇ ਅਨੇਕਾਂ ਮੁਹਾਵਰੇ ਇਸ ਨਾਲ ਜੁੜੇ ਹੋਏ ਹਨ। ਪ੍ਰਸਿੱਧ ਮੰਡੀਆਂ ਵਿੱਚ ਅਨਾਜ ਦਾਣਾ ਮੰਡੀ, ਸਬਜ਼ੀ ਮੰਡੀ, ਮੱਛੀ ਮੰਡੀ, ਲੱਕੜ ਮੰਡੀ, ਆਟਾ ਮੰਡੀ ਸਵਾਂਕ ਮੰਡੀ, ਗੁੜ ਮੰਡੀ, ਘੁਮਾਰ ਮੰਡੀ, ਲੋਹਾ ਮੰਡੀ, ਪਸ਼ੂ ਮੰਡੀ, ਗਵਾਲ ਮੰਡੀ, ਚੋਰ ਮੰਡੀ, ਮਾਲ ਮੰਡੀ, ਗੱਲਾ ਮੰਡੀ, ਐਤਵਾਰੀ ਮੰਡੀ, ਚੌਲ ਮੰਡੀ, ਚੀਲ ਮੰਡੀ, ਫਲ ਮੰਡੀ, ਘਾਹ ਮੰਡੀ, ਮੀਟ ਮੰਡੀ, ਦਾਲ ਮੰਡੀ, ਉੱਨ ਮੰਡੀ, ਚਮੜਾ ਮੰਡੀ, ਖੱਲ ਮੰਡੀ ਆਦਿ ਅਨੇਕਾਂ ਮੰਡੀਆਂ ਹਨ। ਸਾਰੀਆਂ ਮੰਡੀਆਂ ਵਿੱਚ ਪਹਿਲਾਂ ਵਸਤੂ ਵਿਸ਼ੇਸ਼ ਦਾ ਨਾਂ ਜੋੜਿਆ ਜਾਂਦਾ ਹੈ। ਇਸ ਪ੍ਰਸੰਗ ਵਿੱਚ ਜਿਸਮ ਮੰਡੀ ਦਾ ਜ਼ਿਕਰ ਵੀ ਕੀਤਾ ਜਾ ਸਕਦਾ ਹੈ।

ਪ੍ਰਾਚੀਨ ਕਾਲ ਤੋਂ ਹੀ ਆਸਰੇ ਦੇ ਰੂਪ ਵਿੱਚ ਸਭ ਤੋਂ ਪਹਿਲਾਂ ਮਨੁੱਖ ਨੂੰ ਛੱਤ ਦੀ ਲੋੜ ਮਹਿਸੂਸ ਹੋਈ। ਜਦੋਂ ਮਨੁੱਖ ਨੇ ਸਿਰ ਕੱਜਣ ਲਈ ਛੱਤ ਦਾ ਨਿਰਮਾਣ ਕੀਤਾ ਤਾਂ ਸਭਿਆਚਾਰ ਪੈਦਾ ਹੋਇਆ। ਮਨੁੱਖ ਨੇ ਜੰਗਲਾਂ, ਪਹਾੜਾਂ ਦਾ ਤਿਆਗ ਕਰਕੇ ਮੈਦਾਨਾਂ ਵੱਲ ਰੁਖ ਕੀਤਾ ਤੇ ਵਸੇਬਿਆਂ ਲਈ ਚਾਰ ਦੀਵਾਰੀ ਬਣਾ ਕੇ ਛੱਪਰਾਂ ਦੀ ਛੱਤ ਪਾ ਲਈ। ਟਹਿਣੀਆਂ ਨੂੰ ਮੋੜ ਕੇ ਛੱਪਰ ਬਣਾ ਲਏ ਸਨ। ਅੱਜ ਵੀ ਤਿਰਛੀਆਂ ਸਲੇਟ-ਨੁਮਾ ਛੱਤਾਂ ਉਹਦੀ ਅਗਲੀ ਕੜੀ ਹੈ। ਸੰਸਕ੍ਰਿਤ ਦੀ 'ਕੁਟ' ਧਾਤੂ ਵਿੱਚ ਟੇਡੇਪਨ ਜਾਂ ਵਕਰਤਾ ਦਾ ਭਾਵ ਹੈ। ਕੁਟੀਆ, ਕੁਟੀਰ ਇਸੇ ਧਾਤੂ ਤੋਂ ਬਣੇ ਹਨ। ਇਹਦਾ ਅਗਲਾ ਰੂਪ ਮੰਡਪ ਹੈ। ਮੰਡਪ ਬਣਿਆ ਹੈ- 'ਮੰਡੁ' ਧਾਤੂ ਤੋਂ, ਜਿਸ ਦਾ ਵਿਆਪਕ ਅਰਥ ਘੇਰਾ ਹੈ। ਇਸ ਦੀ ਵਰਤੋਂ ਘੇਰੇ, ਵਿਸਥਾਰ, ਦਾਇਰੇ ਦੇ ਰੂਪ ਵਿੱਚ ਹੁੰਦੀ ਹੈ। 'ਮੰਡੁ' ਧਾਤੂ ਵਿੱਚ ਆਧਾਰ, ਉਪਰ ਉਠਣਾ ਵਰਗੇ ਭਾਵ ਨਿਹਿਤ ਹਨ। ਮੰਡੀ ਸ਼ਬਦ ਦੇ ਮੂਲ ਵਿੱਚ 'ਮੰਡੁ' ਧਾਤੂ ਹੈ। ਅੱਜ ਮੰਡੀ ਸਮੂਹਵਾਚੀ ਸ਼ਬਦ ਹੈ, ਪਰ ਕਿਸੇ ਸਮੇਂ ਇਹ ਇਕਾਈ ਸੀ। ਸੰਸਕ੍ਰਿਤ ਦੇ 'ਮੰਡਪਿਕਾ' ਸ਼ਬਦ ਦਾ ਅਪਭ੍ਰੰਸ਼ੀ ਰੂਪ ਮੰਡੀ ਹੈ, ਜਿਸ ਦਾ ਅਰਥ ਹੈ- ਛੋਟਾ ਚੰਦੋਆ, ਛੱਪਰ ਆਦਿ।

ਪ੍ਰਾਚੀਨਕਾਲ ਵਿੱਚ ਵਪਾਰੀਆਂ 'ਤੇ ਲੱਗਣ ਵਾਲੇ ਵਿਕਰੀਕਰ ਨੂੰ ਮੰਡਪਿਕਾ ਕਿਹਾ ਜਾਂਦਾ ਸੀ। ਸਮਝਿਆ ਜਾਂਦਾ ਸੀ ਕਿ ਸਾਂਝੀਆਂ ਥਾਂਵਾਂ 'ਤੇ ਕਾਰੋਬਾਰ ਕਰਨ ਕਰਕੇ, ਉਨ੍ਹਾਂ ਕੋਲੋਂ ਕੁਝ ਵਸੂਲੀ ਕੀਤੀ ਜਾ ਸਕਦੀ ਹੈ। ਮੰਡਪ, ਮੰਡਪੀ, ਮੰਡਪਿਕਾ ਵਿੱਚ ਆਮ ਤੌਰ 'ਤੇ ਦੁਕਾਨ ਦਾ ਭਾਵ ਉਭਰਦਾ ਹੈ। ਮੁਗਲ ਕਾਲ ਵਿੱਚ ਇਸ ਨੂੰ ਤਹਿਬਜ਼ਾਰੀ ਕਿਹਾ ਜਾਂਦਾ ਸੀ। ਲੋਕਲ ਕਮੇਟੀਆਂ ਛੋਟੇ-ਛੋਟੇ ਦੁਕਾਨਦਾਰਾਂ ਜਾਂ ਫੁੱਟਪਾਥ 'ਤੇ ਸਮਾਨ ਵੇਚਣ ਵਾਲਿਆਂ ਕੋਲੋਂ ਤਹਿਬਜ਼ਾਰੀ ਵਸੂਲਦੀਆਂ ਸਨ। ਹੌਲੀ-ਹੌਲੀ ਮੰਡੀ ਸ਼ਬਦ ਵਿਸ਼ੇਸ਼ ਵਸਤਾਂ ਦੇ ਕਾਰੋਬਾਰ ਨਾਲ ਜੁੜ ਗਿਆ। ਮਹਾਰਾਸ਼ਟਰ ਦੇ ਮਰਾਠਵਾੜਾ ਵਿੱਚ ਜਦੋਂ ਨਿਜ਼ਾਮਸ਼ਾਹੀ ਦੀ ਅਮਲਦਾਰੀ ਸੀ ਤਾਂ ਮੰਡੀ ਸ਼ਬਦ ਦਾ ਦੱਖਣੀ ਰੂਪ ਮੋਂਢਾ ਔਰੰਗਾਬਾਦ ਦੇ ਆਪ-ਪਾਸ ਪ੍ਰਚਲਤ ਸੀ। ਮੰਡੀ ਦਾ ਇੱਕ ਰੂਪ ਮੰਡਈ ਵੀ ਪ੍ਰਚਲਤ ਹੈ। ਉਤਰੀ ਭਾਰਤ ਵਿੱਚ ਇਹਦਾ ਇੱਕ ਰੂਪ ਮੜਈ/ਮਢੈਯਾ ਵੀ ਮਿਲਦਾ ਹੈ, ਜਿਸ ਦਾ ਅਰਥ ਹੈ ਛੱਜਾ, ਝੌਂਪੜੀ। ਲੋਕ ਸੰਸਕ੍ਰਿਤੀ ਵਿੱਚ ਮੰਡਪ ਦਾ ਅਰਥ ਹੈ ਛਾਂ-ਦਾਰ ਥਾਂ, ਜਿਥੇ ਲੋਕ ਇਕੱਠੇ ਬੈਠ ਸਕਣ। ਲਗਨਮੰਡਪ, ਯੱਗਮੰਡਪ ਸ਼ਬਦਾਂ ਤੋਂ ਇਹ ਸਪਸ਼ਟ ਹੈ। ਮੰਦਰਾਂ ਦੇ ਗੁੰਬਦਾਂ ਨੂੰ ਵੀ ਮੰਡਪ ਕਿਹਾ ਜਾਂਦਾ ਹੈ। ਮੰਡਪ ਭਰਨਾ ਇੱਕ ਮੁਹਾਵਰਾ ਵੀ ਹੈ, ਜਿਸ ਦਾ ਅਰਥ ਹੈ- ਕਿਸੇ ਸਮਾਰੋਹ ਦੀ ਸੋਭਾ ਵਧਣੀ ਜਾਂ ਲੋਕਾਂ ਦੀ ਸ਼ਿਰਕਤ। ਬਜ਼ਾਰ ਜਾਂ ਦੁਕਾਨ ਦੇ ਅਰਥਾਂ ਵਿੱਚ ਮੰਡੀ ਸ਼ਬਦ ਨੂੰ ਮੰਡਪ ਜਾਂ ਮੰਡਪਿਕਾਕੀ ਛਾਂ ਵਿੱਚ ਸਮਝਿਆ ਜਾ ਸਕਦਾ ਹੈ। ਇੱਕ ਸਮੁੱਚਾ ਘਿਰਿਆ ਹੋਇਆ ਇਲਾਕਾ, ਜਿੱਥੇ ਵਿਕਰੀ ਦੀਆਂ ਵਸਤਾਂ ਦੀਆਂ ਗਤੀਵਿਧੀਆਂ ਸੰਚਾਲਤ ਹੁੰਦੀਆਂ ਹਨ। ਕਤਾਰ ਵਿੱਚ ਬਣੇ ਹੋਏ ਮੰਡਪ ਜਾਂ ਸ਼ੈਡ ਹੀ ਇਸ ਨੂੰ ਮੰਡੀ ਦਾ ਰੂਪ ਦਿੰਦੇ ਹਨ, ਜਿਨ੍ਹਾਂ ਦੇ ਥੱਲੇ ਬਹਿ ਕੇ ਦੁਕਾਨਦਾਰ ਵਸਤਾਂ ਵੇਚਦੇ ਹਨ। ਮੰਡੁ ਧਾਤੂ ਵਿੱਚ ਘੇਰਾ ਜਾਂ ਗੋਲਾਕਾਰ ਦਾ ਭਾਵ ਹੈ, ਜਿਸ ਤੋਂ ਮੰਡਲ ਸ਼ਬਦ ਬਣਿਆ ਹੈ ਜਿਸ ਵਿੱਚ ਰਾਜ, ਖੇਤਰ, ਇਲਾਕਾ, ਘੇਰਾ, ਗੇਂਦ, ਪ੍ਰਦੇਸ਼, ਵਰਗੇ ਅਰਥ ਪਏ ਹਨ।



ਪੰਜਾਬੀ ਕੋਸ਼ਾਂ ਅਨੁਸਾਰ ਮੰਡਲ ਦਾ ਅਰਥ ਹੈ- 1. ਘੇਰਾ, ਚੱਕਰ, ਗੋਲਾਈ; 2. ਚੰਨ ਜਾਂ ਸੂਰਜ ਦੁਆਲੇ ਦਾ ਚੱਕਰ, ਪਰਿਵਾਰ; 3. ਕਿਸੇ ਚੀਜ਼ ਦੀ ਗੋਲਾਕਾਰ ਸ਼ਕਲ; 4. ਉਹ ਇਲਾਕਾ ਜਿਸ ਵਿੱਚ ਬਾਰਾਂ ਰਾਜੇ ਵੱਖ ਵੱਖ ਰਾਜ ਕਰਦੇ ਹੋਣ; 5. ਸੰਸਾਰ, ਦੁਨੀਆ; 6. ਝੁਰਮਟ, ਸਮੂਹ, ਗਰੋਹ-ਤਾਰਿਕਾ, ਮੰਡਲ ਜਨਕ ਪੋਥੀ; 7. ਸਭਾ ਦੀਵਾਨ; 8. 40 ਯੋਜਨ ਲੰਮਾ ਤੇ 20 ਯੋਜਨ ਚੌੜਾ ਇਲਾਕਾ; 9. ਰਿਗਵੇਦ ਦੇ 10 ਮੁਖ ਭਾਗਾਂ ਵਿੱਚੋਂ ਇੱਕ; 10. ਸ਼ਨੀ ਮੰਡਲ; 11. ਸੂਰਜ ਮੰਡਲ; 12. ਕਰਕ ਮੰਡਲ; 13. ਪਰਜਾ ਮੰਡਲ; 14. ਪ੍ਰਭਾ ਮੰਡਲ; 15. ਆਭਾ ਮੰਡਲ। ਇਸ ਤੋਂ ਇਲਾਵਾ ਅੰਗਰੇਜ਼ੀ ਦੇ ਡਿਵੀਜ਼ਨ ਲਈ ਵੀ ਮੰਡਲ ਸ਼ਬਦ ਵਰਤਿਆ ਜਾਂਦਾ ਹੈ। ਰੇਲ ਮੰਡਲ, ਮੰਡਲ ਸਿਖਿਆ।

ਮੰਡ ਧਾਤੂ ਦੀ ਸਕੀਰੀ ਇੰਡੋ-ਯੂਰਪੀ ਧਾਤੂ 'men' ਨਾਲ ਵੀ ਹੈ, ਜਿਸ ਵਿੱਚ ਉਚਾਈ, ਉਭਾਰ, ਸਜਾਉਣਾ, ਆਧਾਰ ਪ੍ਰਦਾਨ ਕਰਨਾ ਵਰਗੇ ਭਾਵ ਹਨ। ਅੰਗਰੇਜ਼ੀ ਦੇ mount, mountain ਵਰਗੇ ਸ਼ਬਦ ਇਸੇ ਮੂਲ ਤੋਂ ਬਣੇ ਹਨ, ਜਿਨ੍ਹਾਂ ਦਾ ਆਧਾਰ ਉਭਾਰ, ਉਚਾਈ ਨਾਲ ਸਬੰਧਤ ਹੈ। ਪਹਾੜ ਸ਼ੁਰੂ ਤੋਂ ਹੀ ਮਨੁੱਖ ਦੇ ਵਸੇਬੇ ਰਹੇ ਹਨ। ਮੰਡ ਧਾਤੂ ਵਿੱਚ ਘੇਰਾ, ਘੇਰਨਾ ਵਰਗੇ ਭਾਵ ਮਾਊਂਟ ਵਿੱਚ ਪਏ ਹਨ। ਪਹਾੜ ਵਿਸ਼ਾਲ ਘੇਰੇ ਵਾਲੇ ਹਨ। ਇਸੇ ਧਾਤੂ ਤੋਂ ਬਣੇ ਹਨ- ਮੰਡਲੇਸ਼ਵਰ, ਮਹਾਂ ਮੰਡਲੇਸ਼ਵਰ। ਮੰਡਲਾਧੀਸ਼, ਮੰਡਲਾਦਿਪਤੀ ਜਿਨ੍ਹਾਂ ਵਿੱਚ ਰਾਜੇ, ਸਮਰਾਟ, ਸ਼ਾਸਕ, ਧਰਮਗੁਰੂ ਦੇ ਭਾਵ ਹਨ। ਅੱਜ ਕੱਲ੍ਹ ਡਿਸਟ੍ਰਿਕਟ ਮੈਜਿਸਟ੍ਰੇਟ ਜਾਂ ਕਲੈਕਟਰ ਲਈ ਮੰਡਲਾਧਿਕਾਰੀ ਸ਼ਬਦ ਵੀ ਘੜਿਆ ਗਿਆ ਹੈ। ਮੰਡ ਦਾ ਇਹ ਅਰਥ ਸਜਾਵਟ ਨਾਲ ਵੀ ਸਬੰਧ ਰੱਖਦਾ ਹੈ। ਸ਼ਿੰਗਾਰ, ਅਲੰਕਾਰ ਨਾਲ ਵੀ ਇਹ ਜੁੜਦਾ ਹੈ। ਕਿਸੇ ਵੀ ਵਸਤੂ, ਸਥਾਨ ਜਾਂ ਦੇਹ ਨੂੰ ਸ਼ਿੰਗਾਰਨ ਦਾ ਅਰਥ ਉਸ ਨੂੰ ਸ਼ੋਭਾਮਈ ਬਣਾਉਣਾ ਹੈ। ਮਹਿਮਾ ਮੰਡਨ ਤੋਂ ਇਹ ਸਪਸ਼ਟ ਹੈ, ਜਿਸ ਨੂੰ ਵਧ ਚੜ੍ਹ ਕੇ ਸ਼ਿੰਗਾਰਿਆ ਹੋਵੇ। ਖੰਡਨ ਮੰਡਨ ਤੋਂ ਵੀ ਇਹ ਸਪਸ਼ਟ ਹੈ। ਮਾਂਡਣਾ, ਮੜ੍ਹਨਾ ਸ਼ਬਦਾਂ ਵਿੱਚ ਵੀ ਮੰਡੁ ਧਾਤੂ ਹੀ ਮਿਲਦੀ ਹੈ। ਦੋਸ਼ ਮੜ੍ਹਨਾ ਵਿੱਚ ਵੀ ਇਹ ਸਪਸ਼ਟ ਹੈ।

ਇਸ ਲੰਮੀ ਚੌੜੀ ਚਰਚਾ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਮੰਡੀ ਇੱਕ ਛੋਟਾ ਜਿਹਾ ਸ਼ਬਦ ਨਹੀਂ, ਸਗੋਂ ਇਹ ਇੱਕ ਵੱਡੇ ਕਸਬੇ ਨਾਲ ਜੁੜਿਆ ਹੋਇਆ ਹੈ। ਪੰਜਾਬ ਵਿੱਚ ਅੰਗਰੇਜ਼ੀ ਕਾਲ ਸਮੇਂ ਅਨਾਜ ਤੇ ਹੋਰ ਵਸਤਾਂ ਦੀਆਂ ਮੰਡੀਆਂ ਦਾ ਵਿਕਾਸ ਕੀਤਾ ਗਿਆ, ਜਿਨ੍ਹਾਂ ਵਿੱਚ ਗਿੱਦੜਬਾਹਾ, ਮਲੋਟ, ਫਾਜ਼ਿਲਕਾ, ਖੰਨਾ ਆਦਿ ਮੰਡੀਆਂ ਦਾ ਜ਼ਿਕਰ ਮਿਲਦਾ ਹੈ।


# ਪੰਜਾਬ ਦੀਆਂ ਸੜਕਾਂ 'ਤੇ ਕਿੰਨੂਆਂ ਦੀ ਸਰਦਾਰੀ ਕਿਵੇਂ ਹੋਈ?

ਜਾਣਕਾਰੀ

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000



ਅੱਜ ਕੱਲ੍ਹ ਪੰਜਾਬ ਦੀਆਂ ਸੜਕਾਂ 'ਤੇ ਕਿੰਨੂਆਂ ਦਾ ਰਾਜ ਹੈ। ਇਨ੍ਹਾਂ ਦੀ ਸ਼ਕਲ, ਬਣਤਰ ਅਤੇ ਸੁਆਦ ਸੰਤਰੇ ਵਰਗਾ ਹੋਣ ਕਰਕੇ ਇਨ੍ਹਾਂ ਨੂੰ ਬਹੁਤੇ ਲੋਕ ਸੰਤਰਾਂ ਵੀ ਆਖਦੇ ਹਨ। ਹਰੇਕ ਕਸਬੇ ਦੀ ਵੱਡੀ ਸੜਕ 'ਤੇ ਕਿੰਨੂਆਂ ਦੇ ਢੇਰਾਂ ਦੇ ਢੇਰ ਵਿਕਣ ਨੂੰ ਪਏ ਹਨ। ਹਾਈਵੇ ਸੜਕਾਂ 'ਤੇ ਵੀ ਇਹੀ ਹਾਲ ਹੈ। ਉਥੇ ਕਿੰਨੂ ਵਿਕਦੇ ਵੀ ਨੇ ਤੇ ਉਨ੍ਹਾਂ ਦਾ ਜੂਸ ਵੀ ਪੀਣ ਨੂੰ ਮਿਲਦਾ ਹੈ। ਲਗਭਗ 30-35 ਵਰ੍ਹੇ ਪਹਿਲਾਂ ਪੰਜਾਬ 'ਚ ਕਿੰਨੂ ਨਹੀਂ ਸੀ ਹੁੰਦੇ। ਉਦੋਂ ਮਹਾਰਾਸ਼ਟਰ ਤੋਂ ਸੰਤਰੇ ਪੰਜਾਬ 'ਚ ਆਉਂਦੇ ਸੀਗੇ। ਮਹਾਂਰਾਸ਼ਟਰ ਦੇ



ਜਿਲ੍ਹਾ ਨਾਗਪੁਰ 'ਚ ਬਹੁਤੇ ਸੰਤਰੇ ਪੈਦਾ ਹੁੰਦੇ ਸੀ। ਇਸੇ ਕਰਕੇ ਹੀ ਮਹਾਰਾਸ਼ਟਰ ਦੇ ਸੰਤਰਿਆਂ ਨੂੰ ਨਾਗਪੁਰੀ ਸੰਤਰੇ ਆਖਿਆ ਜਾਂਦਾ ਸੀ। 1970-71 'ਚ ਪੰਜਾਬ ਦੇ ਪਿੰਡਾਂ ਅਤੇ ਕਸਬਿਆਂ ਦੀਆਂ ਹੱਟੀਆਂ 'ਤੇ ਇੱਕ ਸੰਤਰਾ ਇੱਕ ਚੁਆਨੀ (25 ਪੈਸੇ) 'ਚ ਵਿਕਦਾ ਸੀ ਅਤੇ ਇਸ ਤਰ੍ਹਾਂ 3 ਰੁਪਏ ਦਰਜਨ ਬੈਠਦਾ ਸੀ। ਜੇ 'ਕੱਠੀ ਦਰਜਨ ਲੈਂਦੀ ਹੋਵੇ ਤਾਂ ਹੋ ਸਕਦੈ ਕਿ ਇਹ 2 ਰੁਪਏ ਦੇ ਭਾਅ ਨੂੰ ਮਿਲ ਜਾਂਦੀ ਹੋਵੇ, ਪਰ ਮੈਂ ਕਦੇ ਦਰਜਨ ਸੰਤਰੇ ਖਰੀਦੇ ਨਹੀਂ ਇਸ ਕਰਕੇ ਦਰਜਨ ਦੇ ਭਾਅ ਦਾ ਪੱਕਾ ਪਤਾ ਨਹੀਂ।

ਹਾਂ! ਕੇਲਾ ਦਸੀ (10 ਪੈਸੇ) 'ਚ ਮਿਲਦਾ ਸੀ ਤੇ ਕੇਲਿਆਂ ਦੀ ਦਰਜਨ ਇੱਕ ਰੁਪਏ ਦੇ ਉਸ ਵੇਲੇ ਆਉਂਦੀ ਸੀ। ਅੱਜ ਕੱਲ੍ਹ ਕੇਲੇ ਦਾ ਭਾਅ 80 ਰੁਪਏ ਦਰਜਨ ਹੈ, ਭਾਵ ਉਦੋਂ ਤੋਂ ਇਹ 80 ਗੁਣਾਂ ਮਹਿੰਗਾ ਹੋਇਆ ਹੈ। ਇਸ ਹਿਸਾਬ ਨਾਲ ਜੇ ਸੰਤਰੇ ਦੇ ਭਾਅ ਨੂੰ ਸੱਠਾਂ ਨਾਲ ਜਰਬ ਕਰੀਏ ਤਾਂ 2 ਰੁਪਏ ਦੇ ਹਿਸਾਬ ਨਾਲ 160 ਰੁਪਏ ਅਤੇ 3 ਰੁਪਏ ਦੇ ਹਿਸਾਬ ਨਾਲ 240 ਰੁਪਏ ਦਰਜਨ ਬਣਦਾ ਹੈ। ਚਲੋ ਔਸਤ 200 ਰੁਪਏ ਦੇ ਹਿਸਾਬ ਨਾਲ ਮੰਨ ਕੇ ਚਲਦੇ ਹਾਂ। ਇਸ ਹਿਸਾਬ ਨਾਲ ਇੱਕ ਸੰਤਰੇ ਦੀ ਕੀਮਤ ਸਾਢੇ 8 ਰੁਪੱਈਏ ਬਣਦੀ ਹੈ, ਪਰ ਅੱਜ ਕੱਲ੍ਹ ਕਿੰਨੂੰ 35 ਰੁਪਏ ਫੀ ਕਿੱਲੋ ਵਿਕ ਰਿਹਾ ਹੈ ਤੇ 1 ਕਿਲੋ 'ਚ 8 ਕਿੰਨੂ ਚੜ੍ਹਦੇ ਨੇ ਯਾਨਿ ਇੱਕ ਕਿੰਨੂ ਸਾਢੇ 4 ਰੁਪਏ ਦੇ ਨੇੜੇ ਹੋਇਆ। ਯਾਨਿ ਕਿੰਨੂ ਨਾਲੋਂ ਸੰਤਰਾ ਦੁੱਗਣੇ ਭਾਅ ਬੈਠਦਾ ਹੈ।

1985 ਤੋਂ ਹੀ ਪੰਜਾਬ 'ਚ ਕਿੰਨੂ ਦੀ ਪੈਦਾਵਾਰ ਸ਼ੁਰੂ ਹੋਈ। ਕਿੰਨੂ ਦੇ ਬੂਟਿਆਂ ਦੀ ਪੰਜਾਬ 'ਚ ਪੈਦਾਵਾਰ ਕਰਨ ਦੀ ਕਾਢ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨੇ ਕੱਢੀ ਸੀ। ਕਿੰਨੂ ਦੇ ਫਲ 'ਚ ਸੰਤਰੇ ਨਾਲੋਂ ਤਿੱਗਣਾ ਰਸ ਸੀ। ਪੰਜਾਬ ਦੀ ਧਰਤੀ ਖਾਸਕਰ ਅਬੋਹਰ ਤੇ ਫਾਜਿਲਕਾ ਤਹਿਸੀਲਾਂ ਦੀ ਧਰਤੀ ਕਿੰਨੂ ਨੂੰ ਖਾਸ ਤੌਰ 'ਤੇ ਰਾਸ ਆਉਂਦੀ ਸੀ। ਜਦੋਂ ਕਿੰਨੂ ਦੀ ਆਮਦ ਸ਼ੁਰੂ ਹੋਈ ਤਾਂ ਮਹਿੰਗੇ ਸੰਤਰੇ ਦੀ ਪੁੱਛ-ਪ੍ਰਤੀਤ ਆਪੇ ਘੱਟ ਹੀ ਨਹੀਂ ਗਈ, ਬਲਕਿ ਨਾਗਪੁਰੀ ਸੰਤਰਾ ਪੰਜਾਬ 'ਚੋਂ ਗਾਇਬ ਹੀ ਹੋ ਗਿਆ। ਸਿਆਲ ਰੁੱਤੇ ਪੰਜਾਬ ਦੀਆਂ ਸੜਕਾਂ ਦੇ ਕਿਨਾਰਿਆਂ 'ਤੇ ਕਿੰਨੂਆਂ ਦਾ ਹੜ੍ਹ ਹੀ ਆਇਆ ਜਾਪਦਾ ਹੈ। ਭਲਾ ਹੋਵੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦਾ ਜੀਹਨੇ ਹਰੇਕ ਗਰੀਬ ਤੋਂ ਗਰੀਬ ਨੂੰ ਰੱਜਵਾਂ ਜੂਸ ਨਸੀਬ ਕੀਤਾ।

ਖੇਤੀਬਾੜੀ ਯੂਨੀਵਰਸਿਟੀ ਦੇ ਜਿਸ ਸਾਇੰਸਦਾਨ ਨੇ ਕਿੰਨੂ ਦੀ ਕਾਢ ਕੱਢੀ, ਉਹ ਪਾਕਿਸਤਾਨ ਦੇ ਸ਼ਹਿਰ ਲਾਇਲਪੁਰ ਦੇ ਖੇਤੀਬਾੜੀ ਕਾਲਜ ਦਾ ਪੜ੍ਹਿਆ ਹੋਇਆ ਸੀ ਤੇ ਪੀਐਚ.ਡੀ. ਅਮਰੀਕਾ ਤੋਂ ਕੀਤੀ ਸੀ। ਨਿੰਬੂ ਜਾਤੀ ਦੇ ਫਰੂਟ ਪਲਾਂਟਸ ਬਾਬਤ ਕਿੰਨੂ ਵੀ ਨਿੰਬੂ ਜਾਤੀ 'ਚ ਹੀ ਆਉਂਦਾ ਹੈ ਤੇ ਇਹਦੀ ਕਾਢ ਵੀ ਅਮਰੀਕਾ 'ਚ ਹੀ ਕੱਢੀ ਗਈ ਸੀ। ਸੋ ਇਸ ਸਾਇੰਸਦਾਨ ਨੂੰ ਕਿੰਨੂ ਬਾਰੇ ਮੁਢਲੀ ਜਾਣਕਾਰੀ ਅਮਰੀਕਾ 'ਚ ਪੀਐਚ.ਡੀ. ਕਰਦਿਆਂ ਹੀ ਮਿਲ ਚੁੱਕੀ ਸੀ। ਲੁਧਿਆਣਾ ਦੀ ਖੇਤੀਬਾੜੀ ਯੂਨੀਵਰਸਿਟੀ ਦੇ ਬਾਗਬਾਨੀ ਡਿਪਾਰਟਮੈਂਟ ਦਾ ਹੈੱਡ ਹੁੰਦਿਆਂ ਉਹਨੇ ਪੰਜਾਬ ਦੀ ਧਰਤੀ 'ਤੇ ਕਿੰਨੂ ਪੈਦਾ ਕਰਨ ਦੀ ਕਾਢ ਕੱਢਣ ਦਾ ਮਾਅਰਕਾ ਮਾਰਿਆ। ਉਹਨੇ ਇਹ ਖੋਜ ਯੂਨੀਵਰਸਿਟੀ ਦੇ ਅਬੋਹਰ ਵਾਲੇ ਖੋਜ ਕੇਂਦਰ 'ਚ ਕੀਤੀ।

ਪਹਿਲਾਂ ਕਿੰਨੂ ਦੀ ਫਾੜੀ 'ਚ ਬੀਜ ਬਹੁਤੇ ਹੁੰਦੇ ਸੀ ਤੇ ਉਹਨੇ ਬੀਜਾਂ ਦੀ ਗਿਣਤੀ ਘਟਾਉਣ ਦਾ ਇਲਾਜ ਵੀ ਕਰ ਦਿੱਤਾ। ਉਹਦੀ ਲਿਆਕਤ ਨੂੰ ਦੇਖਦਿਆਂ ਜੰਮੂ-ਕਸ਼ਮੀਰ ਸਰਕਾਰ ਨੇ ਉਸ ਨੂੰ ਆਪਣੇ ਸੂਬੇ 'ਚ ਬਾਗਬਾਨੀ ਮਹਿਕਮੇ ਦਾ ਡਾਇਰੈਕਟਰ ਲਾ ਦਿੱਤਾ। ਪੰਜਾਬ ਹੀ ਨਹੀਂ ਬਲਕਿ ਸਾਰੇ ਉੱਤਰੀ ਭਾਰਤ ਨੂੰ ਸਸਤਾ ਜੂਸ ਮੁਹੱਈਆ ਕਰਾਉਣ ਵਾਲੇ ਇਸ ਸਾਇੰਸਦਾਨ ਦੀ ਬਦੌਲਤ ਕਿੰਨੂ ਪੈਦਾ ਕਰਨ ਵਾਲੇ ਕਿਸਾਨ ਵੀ ਮਾਲਾ ਮਾਲ ਹੋਏ।

ਅਬੋਹਰ-ਫਾਜ਼ਿਲਕਾ 'ਚ ਜਿੱਥੇ ਕਿੰਨੂਆਂ ਦੇ ਬਾਗ ਲੱਗੇ ਹੋਏ ਹਨ, ਉਨ੍ਹਾਂ ਖੇਤਾਂ ਦਾ ਠੇਕਾ ਡੇਢ ਲੱਖ ਰੁਪਏ ਫੀ ਏਕੜ ਸਾਲਾਨਾ ਹੈ। ਸਿੱਖਾਂ ਖਾਸਕਰ ਜੱਟ ਸਿੱਖਾਂ ਨੂੰ ਬਤੌਰ ਉਜੱਡ ਤੇ ਜੋਕਰ ਵਜੋਂ ਦੇਸ਼ ਭਰ ਵਿੱਚ ਪੇਸ਼ ਕਰਨ ਵਾਲਿਆਂ ਨੂੰ ਮੈਂ ਦੱਸਣਾ ਚਾਹੁੰਦਾ ਹਾਂ ਕਿ ਕਿੰਨੂ ਦੀ ਕਾਢ ਕੱਢਣ ਵਾਲੇ ਇਸ ਜੱਟ-ਸਿੱਖ ਦਾ ਨਾਮ ਡਾ. ਜਗਜੀਤ ਸਿੰਘ ਜਵੰਦਾ ਹੈ। ਸ. ਜਵੰਦਾ ਨੇ ਆਪਣੀ ਰਿਟਾਇਰ ਲਾਈਫ ਲੁਧਿਆਣਾ ਜ਼ਿਲ੍ਹੇ ਦੀ ਸਬ-ਤਹਿਸੀਲ ਡੇਹਲੋਂ ਨੇੜੇ ਆਪਣੇ ਜੱਦੀ ਪਿੰਡ ਸ਼ੰਕਰ 'ਚ ਬਿਤਾਈ। 3 ਕੁ ਸਾਲ ਪਹਿਲਾਂ ਹੀ ਉਨ੍ਹਾਂ ਨੇ ਇਸ ਜਹਾਨੋਂ ਕੂਚ ਕੀਤਾ ਹੈ।

# ਤੈਨੂੰ ਤੇਰੀ ਮਾਂ ਬੋਲੀ ਭੁੱਲ ਨਾ ਜਾਵੇ !

ਹੂਕ



ਗੁਰਮੀਤ ਕੌਰ*

ਕੌਮਾਂਤਰੀ ਮਾਂ-ਬੋਲੀ ਦਿਹਾੜਾ ਦੁਨੀਆ ਭਰ ਵਿੱਚ ਹਰ ਸਾਲ 21 ਫ਼ਰਵਰੀ ਨੂੰ ਮਨਾਇਆ ਜਾਂਦਾ ਹੈ। ਯੂਨੈਸਕੋ ਨੇ ਪਹਿਲੀ ਵਾਰ ਇਸ ਦਿਨ ਦਾ ਐਲਾਨ 7 ਨਵੰਬਰ 1999 ਨੂੰ ਕੀਤਾ ਸੀ, ਤੇ ਯੂ.ਐੱਨ.ਓ. (ਸੰਯੁਕਤ ਰਾਸ਼ਟਰ ਜੱਥੇਬੰਦੀ) ਨੇ 16 ਮਈ 2007 ਨੂੰ ਮਤਾ ਪਾਸ ਕੀਤਾ ਕਿ ਅਗਲੇ ਸੰਨ 2008 ਤੋਂ ਹਰ ਸਾਲ 21 ਫਰਵਰੀ ਨੂੰ ਦੁਨੀਆ ਦੀਆਂ ਬੋਲੀਆਂ ਦੇ ਕੌਮਾਂਤਰੀ ਮਾਂ-ਬੋਲੀ ਦਿਹਾੜੇ ਵਜੋਂ ਮਨਾਇਆ ਜਾਵੇਗਾ।

ਯੂ.ਐੱਨ.ਓ. ਨੇ ਹੀ ਦੱਸਿਆ ਹੈ ਕਿ ਸੰਸਾਰ ਦੀਆਂ 7 ਹਜ਼ਾਰ ਭਾਸ਼ਾਵਾਂ 'ਚੋਂ ਅੱਧੀਆਂ ਕੁਝ ਪੀੜ੍ਹੀਆਂ ਤੋਂ ਬਾਅਦ ਖ਼ਤਮ ਹੋ ਜਾਣਗੀਆਂ। ਕੀ ਪੰਜਾਬੀ ਬੋਲੀ ਵੀ ਖ਼ਤਮ ਹੋ ਜਾਵੇਗੀ? ਇਹ ਗੱਲ ਕਰਨ ਤੋਂ ਪਹਿਲਾਂ ਆਓ, ਆਪਾਂ ਇਸ ਦਿਹਾੜੇ ਦੇ ਸ਼ਹੀਦਾਂ ਨੂੰ ਯਾਦ ਕਰ ਲਈਏ।

21 ਫ਼ਰਵਰੀ 1952 ਦੀ ਘਟਨਾ ਮਾਂ-ਬੋਲੀ ਨਾਲ ਪਿਆਰ ਦੀ ਇਤਿਹਾਸਕ ਦਸਤਾਵੇਜ਼ ਹੈ। ਬਰਤਾਨੀਆ ਤੋਂ ਆਜ਼ਾਦੀ ਅਤੇ 1947 ਦੀ ਬੰਗਾਲ ਵੰਡ ਦੇ ਬਾਅਦ ਬੰਗਾਲ ਦਾ ਮੁਸਲਿਮ ਬਹੁ-ਵੱਸੋਂ ਵਾਲਾ ਹਿੱਸਾ ਪਾਕਿਸਤਾਨ ਵਿੱਚ ਰਲਾ ਦਿੱਤਾ ਗਿਆ ਸੀ ਤੇ ਇਹ ਪੂਰਬੀ ਪਾਕਿਸਤਾਨ ਅਖਵਾਉਣ ਲੱਗਾ; ਜਿਵੇਂ ਕਿ ਪੱਛਮੀ ਪੰਜਾਬ, ਸਿੰਧ, ਬਲੋਚਿਸਤਾਨ ਤੇ ਸਰਹੱਦੀ ਸੂਬੇ ਵਾਲੇ ਇਲਾਕੇ ਪੱਛਮੀ ਪਾਕਿਸਤਾਨ ਵਜੋਂ ਜਾਣੇ ਜਾਣ ਲੱਗੇ। ਪਾਕਿਸਤਾਨ ਦੀ ਕੌਮੀ ਬੋਲੀ ਉਰਦੂ ਬਣ ਗਈ, ਜੋ ਕਿ ਪੂਰਬੀ ਪਾਕਿਸਤਾਨ ਵਿੱਚ ਵੱਸਦੇ ਬੰਗਾਲੀ ਮੁਸਲਮਾਨਾਂ ਦੀ ਬੋਲੀ ਨਹੀਂ ਸੀ।

ਉਰਦੂ ਹਿੰਦ-ਯੂਰਪੀ ਭਾਸ਼ਾ-ਪਰਿਵਾਰ ਦੀ ਹਿੰਦ-ਇਰਾਨੀ ਸ਼ਾਖਾ ਦੀ ਬੋਲੀ ਹੈ, ਜਿਹਨੂੰ ਮੱਧ 19ਵੀਂ ਸਦੀ ਤੋਂ ਸਰ ਖ਼ਵਾਜਾ ਸਲੀਮੁੱਲਾ, ਸਰ ਸੱਯਦ ਅਹਿਮਦ ਖ਼ਾਨ, ਨਵਾਬ ਵਕਾਰ-ਉਲ-ਮੁਲਕ ਤੇ ਮੌਲਵੀ ਅਬਦੁਲ ਹਕ ਵਰਗੇ ਸਿਆਸੀ ਤੇ ਧਾਰਮਿਕ ਆਗੂਆਂ ਨੇ ਭਾਰਤੀ ਮੁਸਲਮਾਨਾਂ ਦੀ ਲੋਕਭਾਸ਼ਾ ਵਜੋਂ ਉਭਾਰਿਆ। ਇਹਦਾ ਵਿਕਾਸ ਅਪਭ੍ਰੰਸ਼ (ਮੱਧਕਾਲੀ ਹਿੰਦ-ਆਰੀਆ ਭਾਸ਼ਾ) ਤੇ ਪਾਲੀ-ਪ੍ਰਾਕ੍ਰਿਤ ਦੇ ਆਖ਼ਿਰੀ ਪੜਾਅ ਉੱਤੇ ਫ਼ਾਰਸੀ, ਅਰਬੀ ਤੇ ਤੁਰਕੀ ਭਾਸ਼ਾਵਾਂ ਦੇ ਅਸਰ ਹੇਠ ਦਿੱਲੀ ਸਲਤਨਤ ਤੇ ਮੁਗ਼ਲ ਸਾਮਰਾਜ ਦੌਰਾਨ ਹੋਇਆ। ਫ਼ਾਰਸੀ-ਅਰਬੀ ਲਿਪੀ ਦੀ ਵਰਤੋਂ ਕਰਕੇ ਇਹਨੂੰ ਭਾਰਤੀ ਮੁਸਲਮਾਨਾਂ ਲਈ ਇਸਲਾਮੀ ਸੱਭਿਆਚਾਰ ਦਾ ਜ਼ਰੂਰੀ ਅੰਗ ਮੰਨਿਆ ਜਾਣ ਲੱਗਿਆ ਸੀ, ਜਿਵੇਂ ਕਿ ਹਿੰਦੀ ਬੋਲੀ ਤੇ ਦੇਵਨਾਗਰੀ ਲਿਪੀ ਨੂੰ ਹਿੰਦੂ ਸੱਭਿਆਚਾਰ ਦੀਆਂ ਬੁਨਿਆਦਾਂ ਸਮਝਿਆ ਜਾਂਦਾ ਸੀ।

ਬੰਗਾਲੀ ਮੁਸਲਮਾਨਾਂ ਨੂੰ ਆਪਣੀ ਮਾਂ ਬੋਲੀ ਬੰਗਲਾ ਨਾਲ ਗੂੜ੍ਹਾ ਪਿਆਰ ਸੀ, ਜਿਵੇਂ ਕਿ ਬੰਗਾਲੀ ਹਿੰਦੂਆਂ ਨੂੰ ਵੀ ਸੀ। ਇਹ ਉਨ੍ਹਾਂ ਦੀ ਆਪਣੀ ਬੋਲੀ ਤੇ ਲਿਪੀ ਸੀ। ਉਨ੍ਹਾਂ ਉਰਦੂ ਦੀ ਸਰਦਾਰੀ ਨਹੀਂ ਮੰਨੀ; ਤੇ ਜਨਮ ਹੋਇਆ ਬੰਗਾਲੀ ਭਾਸ਼ਾ ਅੰਦੋਲਨ (ਅੰਦੋਲਨ ਬੰਗਲਾ/ਸੰਸਕ੍ਰਿਤ ਦਾ ਲਫ਼ਜ਼ ਹੈ; ਪੰਜਾਬੀ ਦਾ ਲਫ਼ਜ਼ ਮੋਰਚਾ ਹੈ) ਦਾ, ਜੋ 1952 ਤੀਕ ਸਿਖਰ 'ਤੇ ਪਹੁੰਚ ਸਭਿਆਚਾਰਕ ਤੇ ਰਾਜਨੀਤਕ ਮੋਰਚਾ ਬਣ ਚੁੱਕਿਆ ਸੀ। ਇਸ ਮੋਰਚੇ ਦੀ ਮੰਗ ਸੀ ਕਿ ਬੰਗਲਾ ਭਾਸ਼ਾ ਨੂੰ ਪੂਰਬੀ ਪਾਕਿਸਤਾਨ ਦੀ ਦਫ਼ਤਰੀ ਭਾਸ਼ਾ ਵਜੋਂ ਮਾਨਤਾ ਦਿੱਤੀ ਜਾਵੇ ਅਤੇ ਇਹਦੀ ਵਰਤੋਂ ਸਰਕਾਰੀ ਕੰਮ-ਕਾਜ ਵਿਚ, ਸਿੱਖਿਆ ਤੇ ਸੰਚਾਰ ਦੇ ਮਾਧਿਅਮ ਵਜੋਂ ਅਤੇ ਮੁਦਰਾ ਤੇ ਮੁਹਰ ਆਦਿ ਉੱਤੇ ਕੀਤੀ ਜਾਵੇ, ਤੇ ਇਹਨੂੰ ਬੰਗਲਾ ਲਿਪੀ ਵਿੱਚ ਹੀ ਲਿਖਣਾ ਜਾਰੀ ਰੱਖਿਆ ਜਾਵੇ, ਨਾ ਕਿ ਅਰਬੀ-ਫ਼ਾਰਸੀ ਲਿਪੀ ਵਿਚ।

21 ਫਰਵਰੀ ਨੂੰ ਢਾਕਾ ਯੂਨੀਵਰਸਿਟੀ, ਜਗਨਨਾਥ ਯੂਨੀਵਰਸਿਟੀ ਤੇ ਢਾਕਾ ਮੈਡੀਕਲ ਕਾਲਜ ਦੇ ਸੈਂਕੜੇ ਪਾੜ੍ਹੇ ਆਪਣੀ ਮਾਂ ਬੋਲੀ ਬੰਗਾਲੀ ਲਈ ਮੁਜ਼ਾਹਰਾ ਕਰਨ ਨਿਕਲੇ ਤੇ ਚਾਰ ਨੌਜਵਾਨ ਪੁਲਿਸ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ। ਸ਼ਹਾਦਤ ਦਾ ਇਹ ਦਿਨ ਪੂਰਬੀ ਪਾਕਿਸਤਾਨ ਦੇ ਇਤਿਹਾਸ ਵਿੱਚ ਮੀਲ-ਪੱਥਰ ਸਾਬਿਤ ਹੋਇਆ ਤੇ ਇਹਨੇ ਆਜ਼ਾਦ ਬੰਗਲਾਦੇਸ਼ ਦੀ ਨੀਂਹ ਰੱਖ ਦਿੱਤੀ। ਸਮੇਂ ਦੇ ਨਾਲ ਇਹ ਰੋਸ ਮੁਜ਼ਾਹਰੇ ਵਧਦੇ-ਵਧਦੇ ਵੱਡੀ ਲਹਿਰ ਬਣ ਗਏ। ਯੂ.ਐੱਨ.ਓ. ਨੇ ਬੰਗਾਲੀਆਂ ਦੀ ਮਾਂ ਬੋਲੀ ਵਾਸਤੇ ਕੀਤੀ ਕੁਰਬਾਨੀ ਦੀ ਇਸ ਤਾਰੀਖ਼ ਨੂੰ ਮਾਂ ਬੋਲੀ ਦਿਹਾੜੇ ਵਜੋਂ ਅਹਿਮੀਅਤ ਦਿੱਤੀ।

ਇਹ ਅਜੀਬ ਸਬੱਬ ਹੈ ਕਿ ਉਨ੍ਹਾਂ ਸਮਿਆਂ 'ਚ ਪੰਜਾਬੀ ਮਾਂ ਬੋਲੀ ਦੇ ਮੁਸਲਮਾਨ ਸਪੂਤ ਜਿੱਥੇ ਉਰਦੂ ਦੇ ਹੱਕ ਵਿੱਚ ਆਪਣੇ ਹਮ-ਮਜ਼ਹਬੀ ਬੰਗਾਲੀਆਂ ਉੱਤੇ ਗੋਲੀਆਂ ਚਲਾ ਰਹੇ ਸਨ, ਉੱਥੇ ਹੀ ਆਪਣੇ ਹੱਥੀਂ ਆਪਣੀ ਮਾਂ ਬੋਲੀ ਪੰਜਾਬੀ ਦਾ ਗਲ਼ ਘੁੱਟ ਰਹੇ ਸਨ। ਉਨ੍ਹਾਂ ਇਹ ਨਹੀਂ ਸੀ ਸੋਚਿਆ ਕਿ ਉਨ੍ਹਾਂ ਦੀਆਂ ਆਪਣੀਆਂ ਔਲਾਦਾਂ ਪੰਜਾਬੀ ਮਾਂ ਬੋਲੀ ਤੋਂ ਟੁੱਟ ਜਾਣਗੀਆਂ ਤੇ ਫੇਰ ਉਹਦੇ ਵਾਸਤੇ ਤਰਸਣਗੀਆਂ।

ਦੂਜੇ ਪਾਸੇ ਆਪਣੀ ਭਾਸ਼ਾ ਤੇ ਸੱਭਿਆਚਾਰ ਦੇ ਮਾਣ ਲਈ ਸੁਲਘਦੀ ਇਹ ਸ਼ਹੀਦੀ ਚਿਣਗ, ਭਾਂਬੜ ਬਣ ਕੇ ਆਜ਼ਾਦੀ ਦੀ ਲੜਾਈ ਬਣ ਉੱਠੀ ਅਤੇ ਸੰਨ 1971 ਵਿੱਚ ਬੰਗਲਾਦੇਸ਼ ਨੇ ਪਾਕਿਸਤਾਨ ਤੋਂ ਆਜ਼ਾਦੀ ਲੈ ਕੇ ਆਪਣੀ ਮਾਂ-ਬੋਲੀ ਬੰਗਲਾ ਲਈ ਰਾਹ ਪੱਧਰਾ ਕਰ ਲਿਆ।

ਪਰ ਪਾਕਿਸਤਾਨੀ ਪੰਜਾਬ ਅੱਜ ਤੱਕ ਆਪਣੀ ਮਾਂ ਬੋਲੀ ਨੂੰ ਪੰਜਾਬ ਵਿੱਚ ਹੀ ਸਰਕਾਰੀ, ਦਫ਼ਤਰੀ ਤੇ ਸਿਖਿਆ ਬੋਲੀ ਵਜੋਂ ਮਾਨਤਾ ਦਿਵਾਉਣ ਲਈ ਜੱਦੋ-ਜਹਿਦ ਕਰ ਰਿਹਾ ਹੈ ਤੇ 75 ਸਾਲਾਂ ਵਿੱਚ ਇਹ ਸੰਘਰਸ਼ ਕਾਮਯਾਬ ਨਹੀਂ ਹੋ ਸਕਿਆ। ਸ਼ਾਇਦ ਇਹ ਉਨ੍ਹਾਂ ਸ਼ਹੀਦਾਂ ਦੀ ਬਦ-ਦੁਆ ਹੀ ਹੈ।

'ਮੇਰਾ ਦਾਗ਼ਿਸਤਾਨ' ਕਿਤਾਬ ਵਿੱਚ ਰਸੂਲ ਹਮਜ਼ਾਤੋਵ ਲਿਖਦਾ ਹੈ ਕਿ ਉਸ ਦੇ ਦੇਸ਼ ਵਿੱਚ ਜਦੋਂ ਕਿਸੇ ਨੂੰ ਸਭ ਤੋਂ ਵੱਡੀ ਬਦ-ਦੁਆ ਦੇਣੀ ਹੋਵੇ, ਤਾਂ ਅਕਸਰ ਕਿਹਾ ਜਾਂਦਾ ਹੈ- ਰੱਬ ਕਰੇ ਤੈਨੂੰ ਤੇਰੀ ਮਾਂ ਬੋਲੀ ਭੁੱਲ ਜਾਵੇ।

ਕਿਸਮਤ ਦਾ ਇਕ ਹੋਰ ਗੇੜ ਇਹ ਹੈ ਕਿ ਅੱਜ ਦੀ ਤਾਰੀਖ਼ ਵਿੱਚ ਮਾਂ-ਬੋਲੀ ਦਿਹਾੜੇ 'ਤੇ ਦੁਨੀਆ 'ਚ ਸਭ ਤੋਂ ਵੱਡਾ ਜਲੂਸ ਲਾਹੌਰ ਵਿੱਚ ਨਿਕਲਦਾ ਹੈ। ਸ਼ਾਇਦ ਪੱਛਮੀ ਪੰਜਾਬ ਚ ਵੱਸਦੇ ਪੰਜਾਬੀਆਂ ਨੂੰ ਇਹ ਗੱਲ ਸਮਝ ਆ ਚੁੱਕੀ ਹੈ ਕਿ ਜੇ ਕਿਸੇ ਕੌਮ ਨੂੰ ਖ਼ਤਮ ਕਰਨਾ ਹੋਵੇ; ਤਾਂ ਉਸ ਕੋਲੋਂ ਉਹਦੀ ਮਾਂ-ਬੋਲੀ ਖੋਹ ਲਵੋ, ਉਹ ਆਪਣੀ ਪਛਾਣ ਹੌਲੀ-ਹੌਲੀ ਆਪੇ ਹੀ ਗੁਆ ਦੇਵੇਗੀ।

2018 ਵਿੱਚ ਮੈਂ ਇਸ ਜਲਸੇ ਵਿੱਚ ਆਪ ਸ਼ਾਮਿਲ ਹੋਈ ਸਾਂ। ਮੈਨੂੰ ਜਾਪਿਆ ਹਾਲੇ ਮੰਜ਼ਿਲ ਬਹੁਤ ਦੂਰ ਹੈ। ਜਿਸ ਦਿਨ ਪਾਕਿਸਤਾਨੀ-ਪੰਜਾਬ ਬੰਗਾਲੀਆਂ ਦੀ ਲੀਹ 'ਤੇ ਚਲਦਿਆਂ ਆਪਣੀ ਬੋਲੀ ਪੰਜਾਬੀ ਲਈ ਸ਼ਹਾਦਤ ਦੇਣ ਲਈ ਜਜ਼ਬਾ ਜੁਟਾ ਲਵੇਗਾ, ਅਸਲ ਲਹਿਰ ਤੇ ਫੇਰ ਸ਼ੁਰੂ ਹੋਵੇਗੀ।

ਸਵਾਲ ਸੀ ਕਿ ਜੇ ਯੂ.ਐੱਨ.ਓ. ਮੁਤਾਬਕ ਇਸ ਸੰਸਾਰ 'ਚ 7000 ਭਾਸ਼ਾਵਾਂ ਵਿੱਚੋਂ 50 ਫ਼ੀਸਦੀ ਕੁਝ ਪੀੜ੍ਹੀਆਂ ਤੋਂ ਬਾਅਦ ਖ਼ਤਮ ਹੋ ਜਾਣਗੀਆਂ ਤੇ ਇਸ ਵੇਲੇ ਹਰ ਮਹੀਨੇ ਦੋ ਬੋਲੀਆਂ ਸਦਾ ਲਈ ਮੂਕ ਰਹੀਆਂ ਨੇ- ਤਾਂ ਕੀ ਪੰਜਾਬੀ ਬੋਲੀ ਦਾ ਹਾਲ ਵੀ ਇਹੋ ਹੋਵੇਗਾ? ਇਸ ਸਵਾਲ ਦਾ ਜਵਾਬ ਤਾਂ ਇਹ ਹੈ:

ਆਪੋ-ਆਪਣੇ ਘਰਾਂ ਵਿੱਚ ਜ਼ਰਾ ਝਾਤੀ ਮਾਰੋ- ਕੀ ਤੁਹਾਡੀਆਂ ਅਗਲੀਆਂ ਪੀੜ੍ਹੀਆਂ ਦਾ ਪੰਜਾਬੀ ਨਾਲ ਓਨਾ ਹੀ ਪਿਆਰ ਹੈ, ਜਿੰਨਾ ਕਿ ਤੁਹਾਡਾ?

---

**ਬਾਲ-ਸਾਹਿਤਕਾਰ ਗੁਰਮੀਤ ਕੌਰ ਐਟਲਾਂਟਾ (ਅਮਰੀਕਾ) ਤੇ ਓਕਵਿੱਲ (ਕੈਨੇਡਾ) ਰਹਿੰਦੀ ਏ।*

ਤਰਕ



ਡਾ. ਪਰਸ਼ੋਤਮ ਸਿੰਘ ਤਿਆਗੀ
ਫੋਨ: +91-9855446519

# ਵਹਿਮਾਂ-ਭਰਮਾਂ ਦਾ ਵਿਗਿਆਨਕ ਨਜ਼ਰੀਆ

'ਤੀਨ ਤਿਗਾੜਾ ਕਾਮ ਬਿਗਾੜਾ' ਕੀ ਇਹ ਸੁਣਨ ਵਿੱਚ ਮਜ਼ਾਕੀਆ ਨਹੀਂ ਲੱਗਦਾ? ਅਸੀਂ ਸਮਾਜ ਦੇ ਨੌਜਵਾਨ, ਪੜ੍ਹੇ-ਲਿਖੇ ਫਿਰਕੇ ਤੋਂ ਅਜਿਹੇ ਤਰਕਹੀਣ ਬਿਆਨਾਂ ਦੀ ਉਮੀਦ ਨਹੀਂ ਕਰਦੇ ਪਰ ਫਿਰ ਵੀ ਅਸੀਂ ਉਨ੍ਹਾਂ ਨੂੰ ਅਜਿਹੀਆਂ ਗੱਲਾਂ ਕਈ ਵਾਰ ਕਹਿੰਦੇ ਸੁਣਿਆ ਹੈ। ਅਸੀਂ ਇਨ੍ਹਾਂ ਵਹਿਮਾਂ-ਭਰਮਾਂ ਤੋਂ ਜਾਣੂ ਹਾਂ, ਪਰ ਅਕਸਰ ਇਨ੍ਹਾਂ ਦਾ ਪਾਲਣ ਕਰਦੇ ਹਾਂ ਕਿਉਂਕਿ ਇਹ ਸਾਡੇ ਬਜ਼ੁਰਗਾਂ ਦੁਆਰਾ ਸਾਡੇ ਅੰਦਰ ਡੂੰਘਾ ਉੱਕਰਿਆ ਹੋਇਆ ਹੈ। ਵਿਗਿਆਨ ਕੁਦਰਤੀ ਵਸਤੂਆਂ ਅਤੇ ਸ਼ਕਤੀਆਂ ਦਾ ਸੰਗਠਿਤ ਗਿਆਨ ਹੈ। ਇਹ ਤਰਕਸ਼ੀਲ ਵਿਆਖਿਆਵਾਂ ਅਤੇ ਵਾਰ-ਵਾਰ ਨਿਰੀਖਣਾਂ ਤੇ ਪ੍ਰਯੋਗਾਂ ਦੁਆਰਾ ਪ੍ਰਮਾਣਿਕਤਾ 'ਤੇ ਆਧਾਰਤ ਹੈ। ਵਿਗਿਆਨ ਸਾਡੇ ਰੋਜ਼ਾਨਾ ਜੀਵਨ ਦਾ ਹਿੱਸਾ ਹੈ ਅਤੇ ਅਸੀਂ ਜਾਣੇ-ਅਣਜਾਣੇ ਵਿੱਚ ਇਸ ਨੂੰ ਰੋਜ਼ਾਨਾ ਲਾਗੂ ਕਰ ਰਹੇ ਹਾਂ, ਜਿਵੇਂ ਕਿ ਇਸ਼ਨਾਨ ਕਰਨਾ, ਭੋਜਨ ਕਰਨ ਤੋਂ ਪਹਿਲਾਂ ਹੱਥ ਧੋਣਾ, ਬਾਸੀ ਰੋਟੀਆਂ ਅਤੇ ਪੱਕੇ ਹੋਏ ਫਲਾਂ ਨੂੰ ਸੁੱਟ ਦੇਣਾ, ਪੀਣ ਵਾਲੇ ਪਾਣੀ ਅਤੇ ਖਾਣ ਵਾਲੀਆਂ ਚੀਜ਼ਾਂ ਨੂੰ ਢਕਣਾ, ਦੁੱਧ ਨੂੰ ਉਬਾਲਣਾ, ਰਸੋਈ ਅੰਦਰ ਜਾਣ ਤੋਂ ਪਹਿਲਾਂ ਜੁੱਤੇ ਉਤਾਰਨਾ, ਜੈਮ ਵਿੱਚ ਸ਼ੱਕਰ ਦੀ ਜ਼ਿਆਦਾ ਮਾਤਰਾ ਅਤੇ ਅਚਾਰ ਵਿੱਚ ਲੂਣ ਦੀ ਜ਼ਿਆਦਾ ਮਾਤਰਾ ਪਾਉਣਾ ਆਦਿ। ਕੁਦਰਤ ਵਿੱਚ ਹਰ ਚੀਜ਼ ਵਿਗਿਆਨਕ ਹੈ, ਪਰ ਪੁਰਾਣੇ ਸਮੇਂ ਵਿੱਚ ਲੋਕ ਇੰਨੇ ਪੜ੍ਹੇ-ਲਿਖੇ ਨਹੀਂ ਸਨ ਕਿ ਹਰ ਚੀਜ਼ ਬਾਰੇ ਡੂੰਘਾਈ ਨਾਲ ਸੋਚ ਸਕਦੇ ਅਤੇ ਬਹੁਤ ਸਾਰੀਆਂ ਚੀਜ਼ਾਂ ਤੇ ਘਟਨਾਵਾਂ ਨੂੰ ਅੰਧ-ਵਿਸ਼ਵਾਸੀ ਬਣਾ ਦਿੰਦੇ ਸਨ। ਅੰਧ-ਵਿਸ਼ਵਾਸ ਅਗਿਆਨਤਾ ਤੋਂ ਪੈਦਾ ਹੋਇਆ ਵਿਸ਼ਵਾਸ ਹੈ। ਇਹ ਕੁਦਰਤ ਪ੍ਰਤੀ ਮਨ ਦੀ ਇੱਕ ਗਲਤ ਧਾਰਨਾ ਅਤੇ ਤਰਕਹੀਣ ਰਵੱਈਏ ਤੋਂ ਪੈਦਾ ਹੁੰਦਾ ਹੈ। ਵਿਗਿਆਨ ਤਰਕਸ਼ੀਲ ਵਿਆਖਿਆਵਾਂ 'ਤੇ ਆਧਾਰਤ ਹੈ, ਜਦੋਂ ਕਿ ਅੰਧ-ਵਿਸ਼ਵਾਸ ਤਰਕਹੀਣ ਵਿਸ਼ਵਾਸਾਂ 'ਤੇ ਆਧਾਰਤ ਹੈ, ਜਿਸ ਦੀ ਕੋਈ ਤਰਕਸ਼ੀਲ ਵਿਆਖਿਆ ਨਹੀਂ ਹੈ।

ਭਾਰਤ ਅਤੇ ਵਿਸ਼ਵ ਦੇ ਕਈ ਹਿੱਸਿਆਂ ਵਿੱਚ ਸਭ ਤੋਂ ਆਮ ਅੰਧ-ਵਿਸ਼ਵਾਸ ਹਨ- ਜੇਕਰ ਬਿੱਲੀ ਤੁਹਾਡਾ ਰਸਤਾ ਕੱਟ ਦਿੰਦੀ ਹੈ ਤਾਂ ਅੱਗੇ ਨਾ ਵਧੋ; ਸੱਜੀ ਅੱਖ ਫੜਕਣਾ ਮਰਦਾਂ ਲਈ ਚੰਗਾ ਹੈ, ਖੱਬੀ ਅੱਖ ਦਾ ਫੜਕਣਾ ਔਰਤਾਂ ਲਈ ਚੰਗਾ ਹੈ; ਕਾਂ ਦੀ ਕਾਂ ਕਾਂ ਮਹਿਮਾਨਾਂ ਦੀ ਆਮਦ ਨੂੰ ਦਰਸਾਉਂਦੀ ਹੈ; ਸੱਜੇ ਹੱਥ ਦੀ ਖੁਜਲੀ ਦੱਸਦੀ ਹੈ ਕਿ ਪੈਸਾ ਆਵੇਗਾ; ਇਮਤਿਹਾਨ ਤੋਂ ਪਹਿਲਾਂ ਥੋੜ੍ਹੀ ਜਿਹੀ ਖੰਡ ਦੇ ਨਾਲ ਦਹੀਂ ਦਾ ਇੱਕ ਚਮਚਾ ਲੈਣ ਨਾਲ ਚੰਗੇ ਅੰਕ ਆਉਣਗੇ; ਵਿਧਵਾ ਦਾ ਆਉਣਾ ਮਾੜੀ ਕਿਸਮਤ ਹੈ; ਸੂਰਜ ਡੁੱਬਣ ਤੋਂ ਬਾਅਦ ਨਹੁੰ ਕੱਟਣਾ ਇੱਕ ਬੁਰਾ ਅਭਿਆਸ ਹੈ; ਜੇ ਕੋਈ ਕੁੱਤਾ ਰੋਣ ਲੱਗ ਜਾਵੇ ਤਾਂ ਕੁਝ ਬੁਰਾ ਹੋ ਜਾਵੇਗਾ; ਰਾਤ ਨੂੰ ਬੋਹੜ ਦੇ ਦਰੱਖਤ ਹੇਠਾਂ ਨਾ ਸੌਂਵੋ, ਭੂਤ ਦਰੱਖਤ 'ਤੇ ਰਹਿੰਦੇ ਹਨ; ਸ਼ੀਸ਼ਾ ਤੋੜਨਾ ਸੱਤ ਸਾਲਾਂ ਦੀ ਬਦਕਿਸਮਤੀ ਲਿਆਉਂਦਾ ਹੈ, ਵਾਰ-ਵਾਰ ਉਬਾਸੀ ਲੈਣਾ ਦਰਸਾਉਂਦਾ ਹੈ ਕਿ ਕੋਈ ਤੁਹਾਨੂੰ ਯਾਦ ਕਰ ਰਿਹਾ ਹੈ; ਤੀਨ ਤਿਗਾੜਾ ਕਾਮ ਬਿਗਾੜਾ ਭਾਵ ਤਿੰਨਾਂ ਦੀ ਸੰਗਤ ਅਸ਼ੁਭ ਹੈ। ਅੰਧ-ਵਿਸ਼ਵਾਸਾਂ ਦੀ ਸੂਚੀ ਲੰਬੀ ਹੈ, ਪਰ ਇੱਥੇ ਹਰ ਵਹਿਮ ਦਾ ਜ਼ਿਕਰ ਨਹੀਂ ਕੀਤਾ ਜਾ ਸਕਦਾ।

ਨਾਵਲਾਂ ਅਤੇ ਟੈਲੀਵਿਜ਼ਨ ਸੀਰੀਅਲਾਂ ਨੇ ਬਹੁਤ ਸਾਰੇ ਅੰਧ-ਵਿਸ਼ਵਾਸਾਂ ਨੂੰ ਪ੍ਰਚਲਿਤ ਕੀਤਾ ਹੈ ਅਤੇ ਮਨੁੱਖ ਨੇ ਉਨ੍ਹਾਂ ਨੂੰ ਸੱਚ ਸਮਝਣਾ ਸ਼ੁਰੂ ਕਰ ਦਿੱਤਾ ਹੈ। ਬਹੁਤ ਸਾਰੀਆਂ ਫਿਲਮਾਂ ਅਤੇ ਟੀ.ਵੀ. ਸੀਰੀਅਲਾਂ ਵਿੱਚ 'ਨਾਗ ਮਣੀ' ਪ੍ਰਾਪਤ ਕਰਨ ਲਈ ਲੜਾਈਆਂ ਦਿਖਾਈਆਂ ਜਾਂਦੀਆਂ ਹਨ, ਪਰ ਅਸਲ ਵਿੱਚ ਅਜਿਹਾ ਕੁਝ ਨਹੀਂ ਹੁੰਦਾ; 'ਇੱਛਾਧਾਰੀ ਨਾਗਿਨ' ਨੂੰ ਅਕਸਰ ਦਿਖਾਇਆ ਜਾਂਦਾ ਹੈ, ਪਰ ਅਜਿਹੀ ਕੋਈ ਹੋਂਦ ਸਾਬਤ ਨਹੀਂ ਹੋਈ; ਨਾਗ ਦੇਵਤਾ ਦੁੱਧ ਪੀਂਦਾ ਦਿਖਾਇਆ ਜਾਂਦਾ ਹੈ, ਪਰ ਅਸਲ ਵਿੱਚ ਸੱਪ ਤਰਲ ਪਦਾਰਥ ਨਹੀਂ ਪੀ ਸਕਦੇ, ਉਹ ਆਪਣੇ ਸਰੀਰ ਨੂੰ ਤਰਲ ਵਿੱਚ ਡੁਬੋ ਕੇ ਚਮੜੀ ਰਾਹੀਂ ਚੂਸਦੇ ਹਨ; ਸੱਪਾਂ ਦੇ ਮਨਮੋਹਕ ਆਪਣੀ ਬੰਸਰੀ ਦੀ ਆਵਾਜ਼ ਨਾਲ ਸੱਪਾਂ ਨੂੰ ਕਾਬੂ ਕਰਦੇ ਹੋਏ ਦਿਖਾਏ ਗਏ ਹਨ, ਪਰ ਅਸਲੀਅਤ ਇਹ ਹੈ ਕਿ ਸੱਪਾਂ ਦੇ ਬਾਹਰੀ ਕੰਨ ਨਹੀਂ ਹੁੰਦੇ ਹਨ ਅਤੇ ਉਹ ਹਵਾ ਤੋਂ ਪੈਦਾ ਹੋਣ ਵਾਲੀਆਂ ਆਵਾਜ਼ ਦੀਆਂ ਤਰੰਗਾਂ ਨੂੰ ਨਹੀਂ ਸੁਣ ਸਕਦੇ ਹਨ, ਉਹ ਆਪਣੀ ਚਮੜੀ ਰਾਹੀਂ ਸਿਰਫ ਵਾਈਬ੍ਰੇਸ਼ਨਾਂ ਨੂੰ ਮਹਿਸੂਸ ਕਰਦੇ ਹਨ।

ਡਰੈਕੁਲਾ 'ਤੇ ਆਧਾਰਤ ਕਈ ਹਾਲੀਵੁੱਡ ਫਿਲਮਾਂ ਬਣਾਈਆਂ ਗਈਆਂ ਹਨ, ਜਿੱਥੇ ਮਨੁੱਖੀ ਖ਼ੂਨ ਚੂਸਣ ਵਾਲੇ ਵੈਂਪਾਇਰ ਨੂੰ ਦਿਖਾਇਆ ਗਿਆ ਹੈ, ਜੋ ਮਨੁੱਖ ਵਰਗਾ ਦਿਖ ਸਕਦਾ ਹੈ। ਅਸਲੀਅਤ ਇਹ ਹੈ ਕਿ ਵੈਂਪਾਇਰ ਇੱਕ ਕਿਸਮ ਦਾ ਛੋਟਾ ਚਮਗਿੱਦੜ ਹੈ, ਜੋ ਜਾਨਵਰਾਂ ਦਾ ਖ਼ੂਨ ਚੂਸਦਾ ਹੈ ਅਤੇ ਇਹ ਆਪਣਾ ਰੂਪ ਨਹੀਂ ਬਦਲ ਸਕਦਾ। ਫਿਲਮਾਂ ਅਤੇ ਟੀ.ਵੀ. ਸੀਰੀਅਲਾਂ ਦਾ ਇੱਕ ਹੋਰ ਪ੍ਰਸਿੱਧ ਵਿਸ਼ਾ ਭੂਤਾਂ ਅਤੇ ਪੁਨਰ ਜਨਮ ਬਾਰੇ ਹੈ, ਪਰ ਵਿਗਿਆਨ ਭੂਤਾਂ ਦੀ ਹੋਂਦ ਅਤੇ ਪੁਨਰ ਜਨਮ ਦੇ ਸਿਧਾਂਤ ਵਿੱਚ ਵਿਸ਼ਵਾਸ ਨਹੀਂ ਕਰਦਾ ਹੈ। ਦੂਜਾ ਪਹਿਲੂ ਹੈ ਕਿ ਪੈਸੇ, ਸੋਨਾ ਅਤੇ ਹੋਰ ਮਹਿੰਗੀਆਂ ਵਸਤੂਆਂ ਦੇ ਰੂਪ ਵਿੱਚ ਭੇਟਾ ਲੈਣ ਲਈ ਅੰਧ-ਵਿਸ਼ਵਾਸ ਅਤੇ ਭਰਮ ਫੈਲਾਉਣ ਵਿੱਚ ਕੁਝ ਲਾਲਚੀ ਤਾਂਤਰਿਕਾਂ



ਤੇ ਧਾਰਮਿਕ ਵਿਅਕਤੀਆਂ ਨੇ ਵੀ ਵੱਡੀ ਭੂਮਿਕਾ ਨਿਭਾਈ ਹੈ। ਇੱਕ ਤਾਂਤਰਿਕ ਤੁਹਾਨੂੰ ਇੱਕ ਨਿੰਬੂ ਦੇਵੇਗਾ ਤੇ ਤੁਹਾਨੂੰ ਰਾਤ ਨੂੰ ਆਪਣੇ ਸਿਰਹਾਣੇ ਹੇਠਾਂ ਰੱਖਣ ਲਈ ਕਹੇਗਾ ਅਤੇ ਸਵੇਰੇ ਕੱਟਣ ਲਈ ਕਹੇਗਾ, ਜੇ ਕੱਟਣ 'ਤੇ ਲਾਲ ਹੋ ਗਿਆ ਤਾਂ ਉਹ ਕਹੇਗਾ ਤੁਹਾਡੇ ਘਰ ਵਿੱਚ ਭੂਤ ਰਹਿੰਦੇ ਹਨ। ਅਸਲ ਵਿੱਚ ਲਾਲ ਤਰਲ ਪਹਿਲਾਂ ਹੀ ਸੂਈ ਦੁਆਰਾ ਨਿੰਬੂ ਵਿੱਚ ਪਾ ਦਿੱਤਾ ਗਿਆ ਸੀ। ਕੋਈ ਧਾਰਮਿਕ ਵਿਅਕਤੀ ਪਿੰਡ ਵਿੱਚ ਇਹ ਅਫਵਾਹ ਫੈਲਾਏਗਾ ਕਿ ਰੱਬ ਦੀ ਮੂਰਤੀ ਇੱਕ ਨਿਸ਼ਚਿਤ ਸਥਾਨ ਤੋਂ ਬਾਹਰ ਆਵੇਗੀ। ਅਸਲੀਅਤ ਇਹ ਹੈ ਕਿ ਉਹ ਮੂਰਤੀ ਨੂੰ ਪਹਿਲਾਂ ਹੀ ਪਾਣੀ ਵਿੱਚ ਭਿੱਜੇ ਹੋਏ ਛੋਲਿਆਂ ਦੇ ਬੀਜਾਂ ਉੱਤੇ ਦੱਬ ਦੇਵੇਗਾ ਅਤੇ ਛੋਲਿਆਂ ਦੇ ਫੁਲਣ ਦੀ ਫੋਰਸ ਨਾਲ ਮੂਰਤੀ ਅਨਪੜ੍ਹ ਪੇਂਡੂਆਂ ਦੇ ਸਾਹਮਣੇ ਮਿੱਟੀ ਵਿੱਚੋਂ ਬਾਹਰ ਆ ਜਾਵੇਗੀ। ਇੱਕ ਤਾਂਤਰਿਕ ਪਾਣੀ ਵਿੱਚ ਸੁਆਹ ਸੁੱਟੇਗਾ ਅਤੇ ਪਾਣੀ ਅੱਗ ਫੜ ਲਵੇਗਾ। ਉਹ ਅਜਿਹਾ ਇਹ ਸਾਬਤ ਕਰਨ ਲਈ ਕਰੇਗਾ ਕਿ ਉਸ ਕੋਲ ਅਲੌਕਿਕ ਸ਼ਕਤੀ ਹੈ, ਪਰ ਅਸਲੀਅਤ ਇਹ ਹੈ ਕਿ ਉਹ ਸੋਡੀਅਮ ਤੱਤ ਦੇ ਟੁਕੜਿਆਂ ਨਾਲ ਮਿਲੀ ਸੁਆਹ ਸੁੱਟੇਗਾ ਜੋ ਪਾਣੀ ਦੇ ਸੰਪਰਕ ਵਿੱਚ ਆਉਣ 'ਤੇ ਅੱਗ ਫੜ ਲੈਂਦਾ ਹੈ। ਇਨ੍ਹਾਂ ਵਿਅਕਤੀਆਂ ਦੁਆਰਾ ਆਪਣੇ ਨਿੱਜੀ ਲਾਭ ਲਈ ਹੋਰ ਵੀ ਕਈ ਭਰਮ ਭੁਲੇਖੇ ਫੈਲਾਏ ਜਾਂਦੇ ਹਨ, ਜਿਵੇਂ ਕਿ ਕੰਧ 'ਤੇ ਪਾਣੀ ਸੁੱਟਣ 'ਤੇ 'ਮੈਂ ਡੈਣ ਹਾਂ' ਵਾਕ ਦਿਖਾਈ ਦੇਣਾ। ਕਿਸੇ ਵਿਅਕਤੀ ਦੇ ਮੱਥੇ 'ਤੇ ਲਗਾਉਣ 'ਤੇ ਤਾਂਬੇ ਦੇ ਭਾਂਡੇ ਵਿੱਚ ਸੁਆਹ ਦਾ ਦਿਖਾਈ ਦੇਣਾ। ਅਸਲ ਵਿੱਚ ਕੰਧ 'ਤੇ ਵਾਕ 'ਮਿਥਾਈਲ ਆਰੇਂਜ' ਨਾਲ ਪਹਿਲਾਂ ਹੀ ਲਿਖਿਆ ਹੋਇਆ ਸੀ, ਇਸੇ ਤਰ੍ਹਾਂ ਬਰਤਨ ਵਿੱਚ ਮਰਕਿਊਰਿਕ ਕਲੋਰਾਈਡ ਦੀ ਪਰਤ ਪਹਿਲਾਂ ਹੀ ਸੀ।

ਸੰਸਾਰ ਵਿਗਿਆਨਕ ਚੀਜ਼ਾਂ ਨਾਲ ਬਣਿਆ ਹੈ, ਸਭ ਕੁਝ ਵਿਗਿਆਨਕ ਹੈ। ਮੈਂ ਹੇਠਾਂ ਕੁਝ ਵਿਗਿਆਨਕ ਵਰਤਾਰਿਆਂ ਦੀ ਸੂਚੀ ਦੇ ਰਿਹਾ ਹਾਂ, ਜੋ ਕਿ ਅਗਿਆਨਤਾ ਕਾਰਨ ਅੰਧ-ਵਿਸ਼ਵਾਸ ਦਾ ਰੂਪ ਧਾਰਨ ਕਰ ਗਏ ਹਨ। ਲੋਕਾਂ ਨੂੰ ਆਪਣਾ ਰਸਤਾ ਬਦਲਦੇ ਦੇਖਿਆ ਗਿਆ ਹੈ, ਕਿਉਂਕਿ ਇੱਕ ਕਾਲੀ ਬਿੱਲੀ ਨੇ ਉਨ੍ਹਾਂ ਦਾ ਰਸਤਾ ਕੱਟ ਦਿੱਤਾ ਹੈ। ਇਹ ਸਿਰਫ਼ ਇੱਕ ਵਹਿਮ ਹੈ। ਹਕੀਕਤ ਇਹ ਹੈ ਕਿ ਪੁਰਾਣੇ ਸਮਿਆਂ ਵਿੱਚ ਲੋਕ ਰਾਤ ਸਮੇਂ ਬੈਲ ਗੱਡੀਆਂ ਵਿੱਚ ਜੰਗਲਾਂ ਵਿੱਚੋਂ ਲੰਘਦੇ ਸਨ। ਬਲਦ ਬਿੱਲੀ ਦੀਆਂ ਚਮਕਦੀਆਂ ਅੱਖਾਂ ਤੋਂ ਘਬਰਾ ਜਾਂਦਾ ਸੀ ਅਤੇ ਅੱਗੇ ਵਧਣਾ ਬੰਦ ਕਰ ਦਿੰਦਾ ਸੀ। ਯਾਤਰੀ ਫਿਰ ਕਹਿੰਦੇ ਸਨ ਕਿ ਅੱਗੇ ਨਾ ਵਧੋ ਬਿੱਲੀ ਨੇ ਰਸਤਾ ਕੱਟ ਦਿੱਤਾ ਹੈ। ਇਹ ਅੰਧ-ਵਿਸ਼ਵਾਸ ਦਾ ਰੂਪ ਧਾਰ ਗਿਆ।

ਇਸੇ ਤਰ੍ਹਾਂ 13 ਨੰਬਰ ਨੂੰ ਬਹੁਤ ਸਾਰੇ ਲੋਕਾਂ ਦੇ ਦਿਲਾਂ ਅਤੇ ਦਿਮਾਗਾਂ ਵਿੱਚ ਅਸ਼ੁਭ ਅਤੇ ਸਭ ਤੋਂ ਵੱਡਾ ਡਰ ਮੰਨਿਆ ਜਾਂਦਾ ਹੈ। ਇਸ ਵਹਿਮ ਦੇ ਚਲਦਿਆਂ ਚੰਡੀਗੜ੍ਹ ਸ਼ਹਿਰ ਵਿੱਚ ਸੈਕਟਰ 13 ਨਹੀਂ ਹੈ, ਪਰ ਅਸਲ ਵਿੱਚ ਇਹ ਸਿਰਫ਼ ਇੱਕ ਵਹਿਮ ਹੈ, ਜਿਸ ਦਾ ਬਦਕਿਸਮਤੀ ਨਾਲ ਕੋਈ ਸਬੰਧ ਨਹੀਂ ਹੈ। ਈਸਾਈਆਂ ਅਨੁਸਾਰ ਯਿਸੂ ਨੂੰ ਧੋਖਾ ਦੇਣ ਵਾਲਾ ਚੇਲਾ ਮੇਜ਼ 'ਤੇ ਬੈਠਣ ਵਾਲਾ 13ਵਾਂ ਸੀ ਅਤੇ ਇਸ ਕਾਰਨ 13 ਨੰਬਰ ਇੱਕ ਤਰ੍ਹਾਂ ਦਾ ਸਰਾਪ ਬਣ ਗਿਆ। ਰਾਤ ਨੂੰ ਬੋਹੜ ਦੇ ਦਰੱਖਤ ਹੇਠਾਂ ਨਾ ਸੌਂਵੋ ਕਿਉਂਕਿ ਰਾਤ ਨੂੰ 'ਭੂਤ ਇਸ ਉੱਤੇ ਆਰਾਮ ਕਰਦੇ ਹਨ।' ਹਕੀਕਤ ਇਹ ਹੈ ਕਿ ਬਹੁਤ ਵੱਡਾ ਬੋਹੜ ਦਾ ਦਰੱਖਤ ਰਾਤ ਦੇ ਸਮੇਂ ਬਹੁਤ ਵੱਡੀ ਮਾਤਰਾ ਵਿੱਚ ਕਾਰਬਨ ਡਾਈਆਕਸਾਈਡ ਛੱਡਦਾ ਹੈ, ਜੋ ਇਸ ਦੇ ਹੇਠਾਂ ਸੌਂ ਰਹੇ ਵਿਅਕਤੀ ਦਾ ਦਮ ਘੁੱਟਣ ਲਈ ਕਾਫੀ ਹੁੰਦਾ ਹੈ। ਇਸ ਲਈ ਸਾਡੇ ਪੁਰਖਿਆਂ ਨੇ ਲੋਕਾਂ ਨੂੰ ਡਰਾਉਣ ਲਈ ਇਹ ਭੂਤ-ਪ੍ਰੇਤ ਕਹਾਣੀ ਰਚੀ ਅਤੇ ਇਸ ਨੇ ਅੰਧ-ਵਿਸ਼ਵਾਸ ਦਾ ਰੂਪ ਲੈ ਲਿਆ। ਕੁਝ ਲੋਕ ਇਹ ਮੰਨਦੇ ਹਨ ਕਿ ਪਿੱਪਲ ਦਾ ਦਰੱਖਤ ਦਿਨ-ਰਾਤ ਆਕਸੀਜਨ ਛੱਡਦਾ ਹੈ, ਪਰ ਇਹ ਸਿਰਫ ਇੱਕ ਗਲਤ ਵਿਸ਼ਵਾਸ ਹੈ, ਕਿਉਂਕਿ ਸਾਰੇ ਪੌਦੇ ਪ੍ਰਕਾਸ਼ ਸੰਸ਼ਲੇਸ਼ਣ ਦੁਆਰਾ ਦਿਨ ਵੇਲੇ ਪ੍ਰਕਾਸ਼ ਦੀ ਮੌਜੂਦਗੀ ਵਿੱਚ ਹੀ ਆਕਸੀਜਨ ਛੱਡਣ ਦੇ ਯੋਗ ਹੁੰਦੇ ਹਨ। ਇਹ ਵਿਸ਼ਵਾਸ ਸਾਡੇ ਪੁਰਵਜਾਂ ਦੁਆਰਾ ਫੈਲਾਇਆ ਗਿਆ ਸੀ, ਕਿਉਂਕਿ ਉਹ ਜਾਣਦੇ ਸਨ ਕਿ ਪਿੱਪਲ ਦੇ ਕਈ ਫਾਇਦੇ ਹਨ ਅਤੇ ਇਸ ਦੀ ਕਟਾਈ ਰੋਕਣੀ ਚਾਹੀਦੀ ਹੈ। 21 ਸਤੰਬਰ 1995 ਨੂੰ ਖ਼ਬਰ ਵਾਇਰਲ ਹੋਈ ਕਿ ਭਗਵਾਨ ਗਣੇਸ਼ ਦੀਆਂ ਕਈ ਮੂਰਤੀਆਂ ਨੇ ਪੂਰੀ ਦੁਨੀਆ ਵਿੱਚ 'ਦੁੱਧ ਪੀਣਾ' ਸ਼ੁਰੂ ਕਰ ਦਿੱਤਾ। ਬਾਅਦ ਵਿੱਚ ਭਾਰਤ ਦੇ ਵਿਗਿਆਨ ਅਤੇ ਤਕਨਾਲੋਜੀ ਮੰਤਰਾਲੇ ਦੇ ਵਿਗਿਆਨੀਆਂ ਨੇ ਇਸ ਘਟਨਾ ਬਾਰੇ ਸਪੱਸ਼ਟੀਕਰਨ ਦਿੱਤਾ ਅਤੇ ਕਿਹਾ ਕਿ ਦੁੱਧ ਦੀ ਸਤਹ ਤਣਾਅ ਤਰਲ ਨੂੰ ਖਿੱਚ ਰਿਹਾ ਹੈ।

ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਅੰਧ-ਵਿਸ਼ਵਾਸ ਸਾਡੇ ਸੱਭਿਆਚਾਰਕ ਪਿਛੋਕੜ ਅਤੇ ਵਿਸ਼ਵਾਸਾਂ ਤੋਂ ਆਉਂਦਾ ਹੈ, ਜੋ ਸਾਡੇ ਪੁਰਵਜਾਂ ਨੇ ਪਰਿਵਾਰ ਨੂੰ ਅੱਗੇ ਦਿੱਤਾ ਹੈ। ਵਿਗਿਆਨ ਉਸ ਨੂੰ ਨਹੀਂ ਬਦਲ ਸਕਦਾ, ਜੋ ਪੀੜ੍ਹੀ ਦਰ ਪੀੜ੍ਹੀ ਵਿਰਾਸਤ ਵਿੱਚ ਮਿਲਿਆ ਹੈ। ਜਦੋਂ ਸਾਡਾ ਦਿਮਾਗ ਕਿਸੇ ਚੀਜ਼ ਦੀ ਵਿਆਖਿਆ ਨਹੀਂ ਕਰ ਸਕਦਾ, ਅਸੀਂ ਉਸ ਨੂੰ ਅੰਧ-ਵਿਸ਼ਵਾਸ ਬਣਾ ਲੈਂਦੇ ਹਾਂ। ਵਿਗਿਆਨ ਅਤੇ ਅੰਧ-ਵਿਸ਼ਵਾਸ ਦੀ ਲੜਾਈ ਜਦੋਂ ਤੋਂ ਵਿਗਿਆਨ ਦੀ ਧਾਰਨਾ ਸ਼ੁਰੂ ਹੋਈ ਹੈ, ਉਦੋਂ ਤੋਂ ਜਾਰੀ ਹੈ ਅਤੇ ਹੁਣ ਤੋਂ ਕਈ ਸਾਲਾਂ ਤੱਕ ਜਾਰੀ ਰਹੇਗੀ, ਪਰ ਸਾਨੂੰ ਅੰਧ-ਵਿਸ਼ਵਾਸਾਂ ਅਤੇ ਭਰਮਾਂ ਦੀਆਂ ਵਿਗਿਆਨਕ ਵਿਆਖਿਆਵਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਤੇ ਅੰਨ੍ਹੇਵਾਹ ਇਨ੍ਹਾਂ ਦਾ ਪਾਲਣ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਭੂਤ, ਵਹਿਮਾਂ-ਭਰਮਾਂ, ਪਾਖੰਡਾਂ, ਧਾਰਮਿਕ ਕੱਟੜਤਾਵਾਂ ਨਾਲ ਕੋਈ ਦੇਸ਼ ਮਹਾਨ ਨਹੀਂ ਬਣ ਸਕਦਾ। ਬਿਹਤਰ ਸਿੱਖਿਆ ਅਤੇ ਵਿਗਿਆਨਕ ਤਰੱਕੀ ਨਾਲ ਹੀ ਦੇਸ਼ ਮਹਾਨ ਬਣ ਸਕਦਾ ਹੈ।

# ਮਾਂ ਬੋਲੀ ਹੈ ਗਹਿਣਾ



**ਕੌਮਾਂਤਰੀ ਮਾਂ ਬੋਲੀ ਦਿਵਸ ਨੂੰ ਸਮਰਪਿਤ**

***'ਕੌਮਾਂਤਰੀ ਮਾਂ ਬੋਲੀ ਦਿਵਸ' ਬੜੇ ਹੀ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਤੇ ਇਹ ਦਿਨ ਕੁੱਲ ਦੁਨੀਆਂ ਦੇ ਲੋਕਾਂ ਵੱਲੋਂ ਆਪਣੀ ਮਾਂ ਬੋਲੀ ਦਾ ਸਤਿਕਾਰ ਕਰਨ, ਉਸ ਦੀ ਰਾਖੀ ਕਰਨ ਅਤੇ ਅਲੋਪ ਹੋਣ ਵੱਲ ਵਧ ਰਹੀਆਂ ਬੋਲੀਆਂ ਨੂੰ ਬਚਾਉਣ ਪ੍ਰਤੀ ਜਾਗਰੂਕ ਹੋਣ ਦੇ ਪਵਿੱਤਰ ਕਾਜ ਨੂੰ ਸਮਰਪਿਤ ਕੀਤਾ ਜਾਂਦਾ ਹੈ।***

## ਬੋਲਦੇ ਪੰਨੇ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
**ਫੋਨ:+91-9781646008**



ਇਹ ਸੱਚ ਹੈ ਕਿ ਜਨਮ ਦੇਣ ਵਾਲੀ ਮਾਂ, ਰਿਜ਼ਕ ਦੇਣ ਵਾਲੀ ਜਨਮ ਭੂਮੀ ਅਤੇ ਦਿਲ ਦੀਆਂ ਗਹਿਰਾਈਆਂ 'ਚੋਂ ਨਿਕਲੇ ਜਜ਼ਬਾਤ ਨੂੰ ਜ਼ੁਬਾਨ ਦੇਣ ਵਾਲੀ ਮਾਂ ਬੋਲੀ ਦਾ ਕਰਜ਼ਾ ਨਾ ਤਾਂ ਅੱਜ ਤੱਕ ਕੋਈ ਲਾਹ ਸਕਿਆ ਹੈ ਤੇ ਨਾ ਹੀ ਕਦੇ ਲਾਹ ਸਕੇਗਾ। ਪੰਜਾਬੀ ਬੋਲੀ ਪੂਰੀ ਦੁਨੀਆਂ ਵਿੱਚ ਸਭ ਤੋਂ ਵੱਧ ਬੋਲੀਆਂ ਜਾਣ ਵਾਲੀਆਂ ਬੋਲੀਆਂ ਵਿੱਚੋਂ ਨੌਵੇਂ ਨੰਬਰ 'ਤੇ ਹੈ ਤੇ ਭਾਰਤ ਵਿੱਚ ਇਸਦਾ ਸਥਾਨ 11ਵਾਂ ਹੈ। ਭਾਰਤੀ ਉਪ-ਮਹਾਂਦੀਪ ਵਿੱਚ ਅਤੇ ਇੰਗਲੈਂਡ ਵਿੱਚ ਪੰਜਾਬੀ ਨੂੰ ਤੀਜਾ ਸਥਾਨ ਅਤੇ ਕੈਨੇਡਾ ਵਿੱਚ ਪੰਜਵਾਂ ਸਥਾਨ ਹਾਸਿਲ ਹੈ। ਖੋਜੀਆਂ ਦਾ ਕਹਿਣਾ ਹੈ ਕਿ ਪੰਜਾਬੀ ਦੀਆਂ ਜੜ੍ਹਾਂ ਪਹਿਲਾਂ ਪ੍ਰਾਕ੍ਰਿਤ ਅਤੇ ਫਿਰ ਪ੍ਰਾਕ੍ਰਿਤ ਦੇ ਹੀ ਇੱਕ ਅਪਭ੍ਰੰਸ਼ ਰੂਪ ਨਾਲ ਜਾ ਕੇ ਜੁੜਦੀਆਂ ਹਨ। ਸਤਵੀਂ ਤੋਂ ਦਸਵੀਂ ਸਦੀ ਤੱਕ ਇਹ ਪ੍ਰਾਕ੍ਰਿਤ ਭਾਸ਼ਾ ਦੇ ਅਪਭ੍ਰੰਸ਼ ਰੂਪ ਵਿੱਚ ਵਿਗਸੀ ਸੀ। ਨੌਵੀਂ ਤੋਂ ਚੌਦ੍ਹਵੀਂ ਸਦੀ ਤੱਕ ਨਾਥਾਂ-ਜੋਗੀਆਂ ਵੱਲੋਂ ਰਚੀਆਂ ਅਨੇਕਾਂ ਰਚਨਾਵਾਂ ਵਿੱਚ ਪੰਜਾਬੀ ਦੇ ਝਲਕਾਰੇ ਵੇਖਣ ਨੂੰ ਮਿਲਦੇ ਹਨ। ਕੁਝ ਵਿਦਵਾਨਾਂ ਦਾ ਮਤ ਹੈ ਕਿ ਪੰਜਾਬੀ ਦਾ ਸਰੂਪ 'ਸ਼ੌਰਸੈਨੀ ਅਪਭ੍ਰੰਸ਼' ਨਾਲ ਕਾਫੀ ਹੱਦ ਤੱਕ ਮਿਲਦਾ-ਜੁਲਦਾ ਹੈ। ਪੰਜਾਬੀ ਭਾਸ਼ਾ ਦਾ ਦੂਜੀਆਂ ਭਾਸ਼ਾਵਾਂ ਦੀਆਂ ਲਿਪੀਆਂ ਤੋਂ ਵਖਰੇਵਾਂ ਅਤੇ ਉੱਤਮਤਾ ਇਸ ਗੱਲ ਵਿੱਚ ਹੈ ਕਿ ਇਹ 'ਇੱਕ ਧੁਨੀ-ਇੱਕ ਚਿੰਨ੍ਹ' ਦੇ ਸਿਧਾਂਤ ਨੂੰ ਕੇਂਦਰ 'ਚ ਰੱਖ ਕੇ ਬਣਾਈ ਗਈ ਹੈ। ਮੁਢਲਾ ਪੰਜਾਬੀ ਸਾਹਿਤ ਸ਼ਾਹਮੁਖੀ ਲਿਪੀ ਵਿੱਚ ਰਚਿਆ ਮੰਨਿਆ ਜਾਂਦਾ ਹੈ। ਸਭ ਤੋਂ ਵਧੀਆ ਗੱਲ ਇਹ ਹੈ ਕਿ ਬਾਬਾ ਫ਼ਰੀਦ, ਬਾਬਾ ਬੁੱਲ੍ਹੇ ਸ਼ਾਹ ਅਤੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਮਨੋਵੇਗਾਂ ਤੇ ਮਨੋਭਾਵਾਂ ਨੂੰ ਪ੍ਰਗਟ ਕਰਨ ਲਈ ਉਸ ਵੇਲੇ ਪ੍ਰਚੱਲਿਤ ਅਤੇ ਮਾਨਤਾ ਪ੍ਰਾਪਤ ਸਰਕਾਰੀ ਭਾਸ਼ਾਵਾਂ ਦੀ ਥਾਂ ਪੰਜਾਬੀ ਦੀ ਹੀ ਚੋਣ ਕਰਕੇ ਇਸ ਨੂੰ ਵੱਡਾ ਤੇ ਆਦਰਯੋਗ ਸਥਾਨ ਬਖ਼ਸ਼ਿਆ ਸੀ। ਗੁਰੂ ਨਾਨਕ ਦੇਵ ਜੀ ਤੋਂ ਉਪਰੰਤ ਤਾਂ ਸਮੂਹ ਗੁਰੂ ਸਾਹਿਬਾਨ ਨੇ ਪੰਜਾਬੀ ਬੋਲੀ ਨੂੰ ਮਾਂ ਬੋਲੀ ਪ੍ਰਵਾਨ ਕਰਦਿਆਂ ਸਮੁੱਚੀ ਬਾਣੀ ਇਸੇ ਬੋਲੀ ਵਿੱਚ ਰਚ ਕੇ ਇਸ ਦੀ ਆਨ, ਬਾਨ ਤੇ ਸ਼ਾਨ ਨੂੰ ਚਾਰ ਚੰਨ ਲਗਾ ਦਿੱਤੇ। ਗੁਰੂ ਸਾਹਿਬਾਨ ਤੋਂ ਉਪਰੰਤ ਸੂਫ਼ੀ ਮਤ ਦੇ ਪੈਰੋਕਾਰਾਂ ਨੇ ਵੀ ਪੰਜਾਬੀ ਬੋਲੀ ਨੂੰ ਪਰਵਾਨ ਚੜ੍ਹਾਇਆ।

ਦਰਅਸਲ 21 ਫ਼ਰਵਰੀ ਦਾ ਦਿਨ ਹਰ ਸਾਲ ਦੁਨੀਆਂ ਭਰ ਵਿੱਚ 'ਕੌਮਾਂਤਰੀ ਮਾਂ ਬੋਲੀ ਦਿਵਸ' ਵਜੋਂ ਬੜੇ ਹੀ ਚਾਅ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਤੇ ਇਹ ਦਿਨ ਕੁੱਲ ਦੁਨੀਆਂ ਦੇ ਲੋਕਾਂ ਵੱਲੋਂ ਆਪਣੀ ਮਾਂ ਬੋਲੀ ਦਾ ਸਤਿਕਾਰ ਕਰਨ, ਉਸ ਦੀ ਰਾਖੀ ਕਰਨ ਅਤੇ ਅਲੋਪ ਹੋਣ ਵੱਲ ਵਧ ਰਹੀਆਂ ਬੋਲੀਆਂ ਨੂੰ ਬਚਾਉਣ ਪ੍ਰਤੀ ਜਾਗਰੂਕ ਹੋਣ ਦੇ ਪਵਿੱਤਰ ਕਾਜ ਨੂੰ ਸਮਰਪਿਤ ਕੀਤਾ ਜਾਂਦਾ ਹੈ। ਸੰਨ 1947 ਵਿੱਚ ਭਾਰਤ ਦੇ ਦੋ ਟੋਟੇ ਕਰਕੇ ਅੰਗਰੇਜ਼ ਹਾਕਮਾਂ ਨੇ ਭਾਰਤ ਮਾਂ ਦੇ ਸੀਨੇ 'ਤੇ ਵੰਡ ਦੀ ਲਕੀਰ ਖਿੱਚੀ ਸੀ ਤੇ ਉਦੋਂ ਜਿਹੜਾ ਮੁਲਕ 'ਪਾਕਿਸਤਾਨ' ਅਖਵਾਇਆ ਸੀ, ਉਸ ਦੇ ਦੋ ਮੁੱਖ ਭਾਗ ਸਨ- ਪੂਰਬੀ ਪਾਕਿਸਤਾਨ ਅਤੇ ਪੱਛਮੀ ਪਾਕਿਸਤਾਨ। ਪੂਰਬੀ ਪਾਕਿਸਤਾਨ ਵਾਲੇ ਖਿੱਤੇ ਵਿੱਚ ਬਹੁਗਿਣਤੀ ਬੰਗਾਲੀ ਬੋਲੀ ਬੋਲਣ ਵਾਲਿਆਂ ਦੀ ਸੀ, ਜਿਨ੍ਹਾਂ ਨੂੰ ਪਾਕਿਸਤਾਨੀ ਸਰਕਾਰ ਵੱਲੋਂ ਕੌਮੀ ਭਾਸ਼ਾ ਐਲਾਨੀ ਗਈ 'ਉਰਦੂ' ਭਾਸ਼ਾ ਪ੍ਰਵਾਨ ਨਹੀਂ ਸੀ। 23 ਫ਼ਰਵਰੀ 1948 ਨੂੰ ਪੂਰਬੀ ਪਾਕਿਸਤਾਨ ਦੀ ਤਰਜ਼ਮਾਨੀ ਕਰਦਿਆਂ ਧੀਰੇਂਦਰ ਨਾਥ ਦੱਤਾ ਨੇ ਪਾਕਿਸਤਾਨੀ ਸੰਸਦ ਵਿੱਚ ਬੰਗਾਲੀ ਨੂੰ ਕੌਮੀ ਭਾਸ਼ਾ ਐਲਾਨਣ ਦਾ ਪ੍ਰਸਤਾਵ ਪੇਸ਼ ਕੀਤਾ ਸੀ।

ਸੰਨ 1952 ਵਿੱਚ 21 ਫ਼ਰਵਰੀ ਦੇ ਦਿਨ ਬੰਗਾਲੀ ਭਾਸ਼ਾ ਦੇ ਹੱਕ ਵਿੱਚ ਕੱਢੀ ਗਈ ਇੱਕ ਵਿਸ਼ਾਲ ਰੈਲੀ ਨੂੰ ਕੁਚਲਣ ਲਈ ਸਰਕਾਰ ਨੇ ਗੋਲੀ ਚਲਾਉਣ ਦੇ ਹੁਕਮ ਦੇ ਦਿੱਤੇ, ਜਿਸ ਦੇ ਫ਼ਲਸਰੂਪ ਬੰਗਾਲੀ ਮਾਂ ਬੋਲੀ ਲਈ ਸੰਘਰਸ਼ ਕਰਦੇ ਸਪੂਤ ਅਬਦੁਲ ਸਲਾਮ, ਅਬੁਲ ਬਰਕਤ, ਰਫ਼ੀਕੂਦੀਨ ਅਹਿਮਦ, ਅਬਦੁੱਲ ਜੱਬਾਰ ਅਤੇ ਸ਼ਰੀਫ਼ੁਰ ਰਹਿਮਾਨ ਸ਼ਹੀਦ ਹੋ ਗਏ ਸਨ ਤੇ ਸੈਂਕੜੇ ਹੋਰ ਸੂਰਮੇ ਸੀਨੇ 'ਤੇ ਜ਼ਖ਼ਮ ਖਾ ਗਏ ਸਨ। ਇਸੇ ਸੰਘਰਸ਼ ਨੇ 'ਬੰਗਲਾਦੇਸ਼' ਦੀ ਨੀਂਹ ਰੱਖ ਦਿੱਤੀ ਸੀ, ਜੋ ਬਾਅਦ ਵਿੱਚ ਭਾਰਤੀ ਫ਼ੌਜ ਦੀ ਮਦਦ ਨਾਲ ਸੰਨ 1971 ਵਿੱਚ ਪਾਕਿਸਤਾਨ ਤੋਂ ਵੱਖ ਹੋ ਕੇ ਇੱਕ ਆਜ਼ਾਦ ਮੁਲਕ ਬਣ ਗਿਆ ਸੀ। ਉਨ੍ਹਾਂ ਸ਼ਹੀਦਾਂ ਦੀ ਯਾਦ ਢਾਕਾ ਵਿਖੇ 'ਸ਼ਹੀਦੀ ਮੀਨਾਰ' ਵੀ ਕਾਇਮ ਕੀਤਾ ਗਿਆ ਸੀ। 21 ਫ਼ਰਵਰੀ ਦੇ ਦਿਨ ਬੰਗਲਾਦੇਸ਼ ਵਿਖੇ ਅਤੇ ਭਾਰਤ 'ਚ ਸਥਿਤ ਪੱਛਮੀ ਬੰਗਾਲ ਵਿਖੇ ਬੰਗਾਲੀ ਭਾਸ਼ਾ ਲਈ ਜਾਨਾਂ ਵਾਰ ਦੇਣ ਵਾਲੇ ਉਕਤ ਸ਼ਹੀਦਾਂ ਨੂੰ ਸਲਾਮ ਕੀਤਾ ਜਾਂਦਾ ਹੈ ਤੇ ਮਾਂ ਬੋਲੀ ਦੀ ਪੱਤ ਰੱਖਣ ਲਈ ਕੀਤੀਆਂ ਉਨ੍ਹਾਂ ਦੀਆਂ ਕੁਰਬਾਨੀਆਂ ਦੀ ਯਾਦ ਵਿੱਚ ਵੱਖ-ਵੱਖ ਸਾਹਿਤਕ ਤੇ ਸੱਭਿਆਚਾਰਕ ਸਮਾਗਮ ਕਰਵਾਏ ਜਾਂਦੇ ਹਨ।

ਸੰਨ 1998 ਵਿੱਚ ਕਨੇਡਾ ਵਿੱਚ ਵੱਸਦੇ ਬੰਗਲਾਦੇਸ਼ੀ ਨੌਜਵਾਨਾਂ ਰਫ਼ੀਕੁੱਲ ਇਸਲਾਮ ਅਤੇ ਅਬਦੁੱਲ ਸਲਾਮ ਨੇ ਉਸ ਵੇਲੇ ਦੇ ਸੰਯੁਕਤ ਰਾਸ਼ਟਰ ਸੰਘ ਦੇ ਸਕੱਤਰ ਜਨਰਲ ਕੋਫ਼ੀ ਅੰਨਾਨ ਨੂੰ ਖ਼ਤ ਲਿਖ਼ ਕੇ 'ਕੌਮਾਂਤਰੀ ਮਾਤ ਭਾਸ਼ਾ ਦਿਵਸ' ਮਨਾਉਣ ਸਬੰਧੀ ਫ਼ੈਸਲਾ ਕਰਨ ਦੀ ਅਰਜ਼ ਕੀਤੀ ਸੀ ਤਾਂ ਜੋ ਅਲੋਪ ਹੋਣ ਵੱਲ ਵਧ ਰਹੀਆਂ ਬੋਲੀਆਂ ਨੂੰ ਇਸ ਧਰਤੀ ਤੋਂ ਮਿਟ ਜਾਣ ਤੋਂ ਪਹਿਲਾਂ ਬਚਾਇਆ ਜਾ ਸਕੇ ਤੇ ਉਨ੍ਹਾਂ ਦੀ ਸਾਂਭ-ਸੰਭਾਲ ਲਈ ਲੋੜੀਂਦੇ ਕਦਮ ਚੁੱਕੇ ਜਾ ਸਕਣ। ਬੰਗਲਾਦੇਸ਼ ਦੀ ਸੰਸਦ ਨੇ ਉਕਤ ਉੱਦਮ ਨੂੰ ਸਮਰਥਨ ਦੇਣ ਦੇ ਮਕਸਦ ਨਾਲ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਦੇ ਦਸ਼ਤਖ਼ਤਾਂ ਹੇਠ ਸੰਯੁਕਤ ਰਾਸ਼ਟਰ ਨੂੰ ਰਸਮੀ ਪ੍ਰਸਤਾਵ ਭੇਜਿਆ ਤੇ ਅਖ਼ੀਰ 17 ਨਵੰਬਰ 1999 ਨੂੰ ਯੂਨੈਸਕੋ ਦੀ 30ਵੀਂ ਆਮ ਸਭਾ ਨੇ ਸਰਬਸੰਮਤੀ ਨਾਲ 21 ਫ਼ਰਵਰੀ ਦੇ ਦਿਨ ਨੂੰ 'ਕੌਮਾਂਤਰੀ ਮਾਂ ਬੋਲੀ ਦਿਵਸ' ਵਜੋਂ ਮਨਾਉਣ ਦਾ ਪ੍ਰਸਤਾਵ ਪਾਸ ਕਰ ਦਿੱਤਾ ਸੀ। ਸੰਯੁਕਤ ਰਾਸ਼ਟਰ ਸੰਘ ਭਾਵ ਯੂ.ਐਨ.ਓ. ਦੀ ਆਮ ਸਭਾ ਨੇ ਸੰਨ 2002 ਵਿੱਚ ਇਸ ਪ੍ਰਸਤਾਵ ਨੂੰ ਮਾਨਤਾ ਦੇ ਦਿੱਤੀ ਸੀ ਤੇ ਸੰਨ 2007 ਵਿੱਚ ਇਸ ਨੂੰ ਲਾਗੂ ਵੀ ਕਰ ਦਿੱਤਾ ਸੀ।

ਬੜੇ ਹੀ ਦੁੱਖ ਅਤੇ ਪ੍ਰੇਸ਼ਾਨੀ ਦੀ ਗੱਲ ਹੈ ਕਿ ਦੁਨੀਆਂ ਦੀਆਂ ਕੁੱਲ ਬੋਲੀਆਂ ਦਾ 43 ਫ਼ੀਸਦੀ ਭਾਵ 6000 ਦੇ ਕਰੀਬ ਬੋਲੀਆਂ ਖ਼ਤਰੇ ਦੇ ਨਿਸ਼ਾਨ 'ਤੇ ਖੜੀਆਂ ਹਨ, ਪਰ ਨਾਲ ਹੀ ਇਸ ਗੱਲ ਦੀ ਥੋੜ੍ਹੀ ਜਿਹੀ ਤਸੱਲੀ ਵੀ ਹੈ ਕਿ ਵਿਸ਼ਵ ਪੱਧਰ 'ਤੇ ਬੋਲੀਆਂ ਦੀ ਰਾਖੀ ਅਤੇ ਸੰਭਾਲ ਲਈ ਵੱਖ-ਵੱਖ ਜਥੇਬੰਦੀਆਂ, ਸੰਸਥਾਵਾਂ ਅਤੇ ਸਰਕਾਰਾਂ ਯਤਨਸ਼ੀਲ ਹਨ। ਸੰਯੁਕਤ ਰਾਸ਼ਟਰ ਸੰਘ ਨੇ ਤਾਂ 2022-2032 ਦੇ ਦਹਾਕੇ ਨੂੰ 'ਲੋਕ ਬੋਲੀਆਂ ਦਾ ਦਹਾਕਾ' ਐਲਾਨ ਕੇ ਲੋਕ ਬੋਲੀਆਂ ਦੇ ਵਿਕਾਸ ਲਈ ਵਿਸ਼ੇਸ਼ ਯਤਨ ਕੀਤੇ ਜਾਣ ਦੀ ਮੁਹਿੰਮ ਵਿੱਢੀ ਹੈ। ਭਾਰਤ ਵਿੱਚ ਵੀ ਲੋਕ ਬੋਲੀਆਂ ਦੀ ਰਾਖੀ ਤੇ ਵਿਕਾਸ ਲਈ ਕਈ ਸਾਰੇ ਉੱਦਮ ਕੀਤੇ ਜਾ ਚੁੱਕੇ ਹਨ। ਭਾਰਤੀ ਸੰਵਿਧਾਨ ਦੇ ਆਰਟੀਕਲ-29 ਵਿੱਚ ਹਰੇਕ ਨਾਗਰਿਕ ਨੂੰ ਆਪਣੀ ਮਾਂ ਬੋਲੀ ਦੀ ਰਾਖੀ ਕਰਨ ਦਾ ਅਧਿਕਾਰ ਅਤੇ ਭਾਸ਼ਾ ਦੇ ਆਧਾਰ 'ਤੇ ਕਿਸੇ ਨਾਲ ਵਿਤਕਰਾ ਨਾ ਕਰਨ ਦਾ ਹੱਕ ਦਿੱਤਾ ਗਿਆ ਹੈ।

ਇਸੇ ਤਰ੍ਹਾਂ ਆਰਟੀਕਲ-120 ਰਾਹੀਂ ਸਮੂਹ ਸੰਸਦ ਮੈਂਬਰਾਂ ਨੂੰ ਸੰਸਦ ਵਿੱਚ ਆਪਣੀ ਮਾਂ ਬੋਲੀ ਵਿੱਚ ਆਪਣੀ ਗੱਲ ਕਹਿਣ ਦਾ ਹੱਕ ਦਿੱਤਾ ਗਿਆ ਹੈ। ਆਰਟੀਕਲ 305-ਏ ਜਿੱਥੇ ਪ੍ਰਾਇਮਰੀ ਜਮਾਤਾਂ ਵਿੱਚ ਪੜ੍ਹਾਈ ਦਾ ਮਾਧਿਅਮ ਮਾਤ ਭਾਸ਼ਾ ਰੱਖਣ ਦੀ ਵਕਾਲਤ ਕਰਦਾ ਹੈ, ਉੱਥੇ ਹੀ ਕੌਮੀ ਸਿੱਖਿਆ ਨੀਤੀ-2020 ਵਿੱਚ ਵੀ ਮਾਂ ਬੋਲੀ ਦੇ ਵਿਕਾਸ ਵੱਲ ਵੱਧ ਤੋਂ ਵੱਧ ਧਿਆਨ ਦੇਣ ਦੀ ਗੱਲ ਕੀਤੀ ਗਈ ਹੈ। ਇਹ ਨੀਤੀ ਤਾਂ ਪ੍ਰਾਇਮਰੀ ਤੋਂ ਵਧ ਕੇ ਅੱਠਵੀਂ ਜਾਂ ਇਸ ਤੋਂ ਵੀ ਵੱਧ ਭਾਵ ਜਿੱਥੋਂ ਤੱਕ ਵੀ ਸੰਭਵ ਹੋ ਸਕੇ ਪੜ੍ਹਾਈ ਦਾ ਮਾਧਿਅਮ ਮਾਤ ਭਾਸ਼ਾ ਰੱਖੇ ਜਾਣ ਦਾ ਸੁਝਾਅ ਦਿੱਤਾ ਗਿਆ ਹੈ। ਵਿਗਿਆਨਕ ਅਤੇ ਤਕਨੀਕੀ ਵਿਸ਼ਿਆਂ ਦੀ ਸ਼ਬਦਾਵਲੀ ਨੂੰ ਲੋਕ ਬੋਲੀਆਂ ਵਿੱਚ ਅਨੁਵਾਦਿਤ ਕਰਨ ਲਈ ਵਿਸ਼ੇਸ਼ ਕਮਿਸ਼ਨ ਦਾ ਗਠਨ ਵੀ ਕੀਤਾ ਗਿਆ ਹੈ।

ਮੈਸੂਰ ਵਿਖੇ ਸਥਿਤ 'ਸੈਂਟਰਲ ਇੰਸਟੀਚਿਊਟ ਆਫ਼ ਇੰਡੀਅਨ ਲੈਂਗੂਏਜਿਜ਼' ਵੱਲੋਂ ਵੀ 'ਕੌਮੀ ਅਨੁਵਾਦ ਮਿਸ਼ਨ' ਤਹਿਤ ਵੱਖ-ਵੱਖ ਯੂਨੀਵਰਸਿਟੀਆਂ ਅਤੇ ਕਾਲਜਾਂ ਦੀਆਂ ਕਿਤਾਬਾਂ ਦਾ ਲੋਕ ਬੋਲੀਆਂ ਵਿੱਚ ਅਨੁਵਾਦ ਕਰਨ ਦਾ ਵੱਡ-ਆਕਾਰੀ ਕਾਰਜ ਕੀਤਾ ਜਾ ਰਿਹਾ ਹੈ। ਇਸੇ ਪ੍ਰਕਾਰ ਅਲੋਪ ਹੋਣ ਦੇ ਮੁਹਾਣੇ 'ਤੇ ਖੜੀਆਂ ਬੋਲੀਆਂ ਦੀ ਰਾਖੀ ਲਈ ਇੱਕ ਵਿਸ਼ੇਸ਼ ਯੋਜਨਾ 'ਪ੍ਰੋਟੈਕਸ਼ਨ ਐਂਡ ਪ੍ਰੀਜ਼ਰਵੇਸ਼ਨ ਆਫ਼ ਐਨਡੇਂਜਰਡ ਲੈਂਗੂਏਜਿਜ਼ ਸਕੀਮ' ਵੀ ਸਰਕਾਰ ਵੱਲੋਂ ਅਰੰਭ ਕੀਤੀ ਗਈ ਹੈ। ਭਾਰਤ ਸਰਕਾਰ ਵੱਲੋਂ 'ਭਾਰਤਵਾਣੀ' ਪ੍ਰਾਜੈਕਟ ਅਤੇ ਗੂਗਲ ਵੱਲੋਂ 'ਨਵਲੇਖਾ' ਨਾਮਕ ਪ੍ਰਾਜੈਕਟ ਇਸੇ ਉਦੇਸ਼ ਨਾਲ ਸ਼ੁਰੂ ਕੀਤੇ ਗਏ ਹਨ।

ਵਿਸ਼ਵ ਪ੍ਰਸਿੱਧ ਵਿਦਵਾਨ ਜਾਰਜ ਬਰਨੌਂਡ ਸ਼ਾਅ ਨੇ ਵੀ ਕਿਹਾ ਸੀ, "ਸਾਨੂੰ ਆਪਣੀ ਮਾਂ ਬੋਲੀ ਦੀ ਖ਼ੂਬਸੂਰਤੀ ਉਸ ਵੇਲੇ ਸਮਝ ਆਉਂਦੀ ਹੈ, ਜਦੋਂ ਅਸੀਂ ਕਿਸੇ ਬੇਗਾਨੇ ਮੁਲਕ ਦੀ ਧਰਤ 'ਤੇ ਹੁੰਦੇ ਹਾਂ।" ਭਾਸ਼ਾ-ਵਿਗਿਆਨੀ ਅਤੇ ਮਨੋ-ਵਿਗਿਆਨੀ ਇਸ ਗੱਲ 'ਤੇ ਇੱਕ ਮਤ ਹਨ ਕਿ ਕੋਈ ਵੀ ਸੰਕਲਪ ਜਾਂ ਵਿਸ਼ਾ ਜੇਕਰ ਕਿਸੇ ਬੱਚੇ ਨੇ ਚੰਗੀ ਤਰ੍ਹਾਂ ਸਿੱਖਣਾ ਹੋਵੇ ਤਾਂ ਉਸੇ ਬੋਲੀ 'ਚ ਸਿੱਖਿਆ ਤੇ ਸਮਝਿਆ ਜਾ ਸਕਦਾ ਹੈ, ਜਿਸ ਬੋਲੀ ਨੂੰ ਬੱਚੇ ਨੇ ਆਪਣੇ ਬਚਪਨ 'ਚ ਸਿੱਖਿਆ ਹੁੰਦਾ ਹੈ। ਉੱਘਾ ਸਾਹਿਤਕਾਰ ਤੇ ਅਦਾਕਾਰ ਬਲਰਾਜ ਸਾਹਨੀ ਜਦੋਂ ਗੁਰੂਦੇਵ ਰਵਿੰਦਰਨਾਥ ਟੈਗੋਰ ਕੋਲ ਗਿਆ ਸੀ ਤਾਂ ਉਨ੍ਹਾਂ ਨੇ ਉਸ ਨੂੰ ਆਪਣੀ ਮਾਂ ਬੋਲੀ 'ਚ ਸਾਹਿਤ ਰਚਣ ਦੀ ਤਾਕੀਦ ਕੀਤੀ ਸੀ ਤੇ ਫਿਰ ਬਲਰਾਜ ਨੇ ਜੋ ਰਚਨਾਵਾਂ ਮਾਂ ਬੋਲੀ 'ਚ ਰਚੀਆਂ ਸਨ, ਉਹ ਬਹੁਤ ਮਕਬੂਲ ਹੋਈਆਂ ਸਨ। ਗੁਰੂਦੇਵ ਟੈਗੋਰ ਦੀ ਨੋਬਲ ਇਨਾਮ ਪ੍ਰਾਪਤ ਕਾਵਿ-ਪੁਸਤਕ 'ਗੀਤਾਂਜਲੀ' ਵੀ ਉਨ੍ਹਾਂ ਦੀ ਮਾਂ ਬੋਲੀ ਬੰਗਾਲੀ ਵਿੱਚ ਹੀ ਸੀ, ਜਿਸ ਦਾ ਬਾਅਦ ਵਿੱਚ ਅੰਗਰੇਜ਼ੀ ਭਾਸ਼ਾ ਵਿੱਚ ਅਨੁਵਾਦ ਕੀਤਾ ਗਿਆ ਸੀ। ਵਿਸ਼ਵ ਪ੍ਰਸਿੱਧ ਲੇਖਕ ਰਸੂਲ ਹਮਜ਼ਾਤੋਵ ਨੇ ਜੀਵਨ ਵਿੱਚ ਮਾਂ ਬੋਲੀ ਦਾ ਮਹੱਤਵ ਬਿਆਨ ਕਰਦਿਆਂ ਲਿਖਿਆ ਸੀ ਕਿ ਜੇ ਕਿਸੇ ਸ਼ਖ਼ਸ ਨੂੰ ਸਭ ਤੋਂ ਵੱਡੀ ਬਦਦੁਆ ਦੇਣੀ ਹੋਵੇ ਤਾਂ ਆਖ਼ ਦਿੱਤਾ ਜਾਂਦਾ ਹੈ, "ਜਾਹ... ਤੈਨੂੰ ਤੇਰੀ ਮਾਂ ਬੋਲੀ ਭੁੱਲ ਜਾਵੇ।"

ਅੱਜ ਸਾਡੀ ਮਾਂ ਬੋਲੀ ਪੰਜਾਬੀ ਦੀ ਹਾਲਤ ਕੋਈ ਬਹੁਤੀ ਵਧੀਆ ਨਹੀਂ ਹੈ। ਪੰਜਾਬ ਤੋਂ ਬਾਹਰ ਵੱਸਦੇ ਪੰਜਾਬੀਆਂ ਨੂੰ ਪੰਜਾਬੀ ਨਾਲ ਜਿੰਨਾ ਪ੍ਰੇਮ ਹੈ, ਓਨਾ ਪੰਜਾਬ ਦੀ ਮਿੱਟੀ 'ਤੇ ਵੱਸਦੇ ਨੌਜਵਾਨਾਂ ਤੇ ਬੱਚਿਆਂ ਅੰਦਰ ਨਹੀਂ ਹੈ। ਇੱਥੇ ਲੋਕ ਹਿੰਦੀ ਜਾਂ ਅੰਗਰੇਜ਼ੀ 'ਚ ਗੱਲ ਕਰਨਾ ਆਪਣਾ 'ਸਟੇਟਸ' ਸਮਝਦੇ ਹਨ ਤੇ ਪੰਜਾਬੀ 'ਚ ਗੱਲ ਕਰਨਾ ਉਨ੍ਹਾਂ ਨੂੰ ਹੀਣ ਭਾਵਨਾ ਭਰਿਆ ਲੱਗਦਾ ਹੈ। ਪੰਜਾਬ ਦੀ ਹੱਦ ਅੰਦਰ ਸਥਿਤ ਅਸੰਖਾਂ ਵਿੱਦਿਅਕ ਅਦਾਰਿਆਂ ਤੇ ਖ਼ਾਸ ਕਰਕੇ ਛੋਟੇ ਬੱਚਿਆਂ ਨਾਲ ਜੁੜੇ ਵਿੱਦਿਅਕ ਅਦਾਰਿਆਂ ਅੰਦਰ ਪ੍ਰਬੰਧਕਾਂ ਵੱਲੋਂ ਅਦਾਰੇ ਦੀ ਹੱਦ ਅੰਦਰ ਅਧਿਆਪਕਾਂ ਅਤੇ ਬੱਚਿਆਂ ਵੱਲੋਂ ਪੰਜਾਬੀ ਬੋਲੇ ਜਾਣ ਦੀ ਮਨਾਹੀ ਹੈ। ਪੰਜਾਬੀ ਲੋਕ ਆਪਣੇ ਬੱਚਿਆਂ ਦੇ ਮੂੰਹੋਂ ਫ਼ਰਾਟੇਦਾਰ ਅੰਗਰੇਜ਼ੀ ਨਿੱਕਲਦੀ ਵੇਖ ਕੇ ਮਾਣ ਨਾਲ ਫੁੱਲ ਜਾਂਦੇ ਹਨ। ਇਹ ਪ੍ਰਵਿਰਤੀ, ਇਹ ਭਾਵਨਾ ਅਤੇ ਇਹ ਸੋਚ ਠੀਕ ਨਹੀਂ ਹੈ। ਅੰਗਰੇਜ਼ੀ ਸਿੱਖਣਾ ਜਾਂ ਬੋਲਣਾ ਸਮੇਂ ਦੀ ਲੋੜ ਹੈ ਤੇ ਕੋਈ ਮਾੜੀ ਗੱਲ ਵੀ ਨਹੀਂ ਹੈ, ਪਰ ਪੰਜਾਬੀ ਦੇ ਵਿਹੜੇ ਅੰਗਰੇਜ਼ੀ ਜਾਂ ਕਿਸੇ ਹੋਰ ਬੋਲੀ ਦੇ ਫੁੱਲ ਖਿੜਾਉਣ ਦੀ ਹਰਕਤ ਬਿਲਕੁਲ ਵੀ ਜਾਇਜ਼ ਨਹੀਂ ਹੈ। ਪੰਜਾਬੀ ਦੇ ਸਿਰਮੌਰ ਕਵੀ ਫ਼ਿਰੋਜ਼ਦੀਨ ਸ਼ਰਫ਼ ਨੇ ਅਜੋਕੇ ਸੰਦਰਭ ਵਿੱਚ ਕਿੰਨਾ ਸਹੀ ਕਿਹਾ ਸੀ,

ਪੁੱਛੀ ਸ਼ਰਫ਼ ਨਾ ਜਿਨ੍ਹਾਂ ਨੇ ਬਾਤ ਮੇਰੀ
ਵੇ ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ।

### ਪੰਜ-ਆਬਾਂ ਦੀ ਰਾਣੀ

ਮਾਂ ਬੋਲੀ ਪੰਜਾਬੀ ਕਿਉਂ ਹੈ ਦਿੱਤੀ ਭਲਾ ਵਿਸਾਰ ਅਸੀਂ?
ਮਾਂ ਬੋਲੀ ਪੰਜਾਬੀ ਨੂੰ ਕਿਉਂ ਕਰਦੇ ਨਹੀਂ ਹਾਂ ਪਿਆਰ ਅਸੀਂ?

ਗੁਰੂ ਨਾਨਕ, ਅੰਗਦ, ਅਮਰਦਾਸ, ਗੁਰੂ ਰਾਮਦਾਸ ਦੀ ਬਾਣੀ
ਗੁਰੂ ਅਰਜਨ, ਤੇਗ ਬਹਾਦਰ ਤੇ ਗੁਰੂ ਗੋਬਿੰਦ ਵੀ ਇਹ ਜਾਣੀ।
ਦਿੱਤਾ ਮਾਣ ਪੰਜਾਬੀ ਨੂੰ ਸੀ ਸ਼ੇਖ਼ ਫ਼ਰੀਦ ਨੇ ਡਾਹਢਾ
ਭੱਟਾਂ ਗਾ ਸਵੱਈਏ ਇਸ ਵਿੱਚ, ਮਾਣ ਵਧਾਇਆ ਸਾਡਾ।

ਪ੍ਰੀਤਲੜੀ, ਬਲਰਾਜ, ਗਾਰਗੀ, ਦੁੱਗਲ ਇਸ ਅਪਨਾਇਆ
ਅੰਮ੍ਰਿਤਾ, ਸ਼ਿਵ ਤੇ ਵਾਰਿਸ ਨੇ ਵੀ ਘੁੱਟ ਸੀਨੇ ਨਾਲ ਲਾਇਆ।
ਬੁੱਟਰ, ਪਾਸ਼ ਤੇ ਪਾਤਰ ਦੀ ਜਦ ਆਈ ਮਿੱਤਰੋ ਵਾਰੀ
ਮਾਂ ਬੋਲੀ ਪੰਜਾਬੀ ਦੀ ਇਨ੍ਹਾਂ ਝੋਲੀ ਭਰ'ਤੀ ਸਾਰੀ।

ਵਿਰਕ, ਸੁਜਾਨ, ਟਿਵਾਣਾ, ਸੇਖੋਂ ਕੀਤੀ ਸੇਵ ਨਿਆਰੀ
ਚੰਦਨ, ਸਾਥੀ, ਅਫ਼ਜ਼ਲ ਨੇ ਵੀ ਭਰ'ਤੀ ਫੁੱਲ ਕਿਆਰੀ।
ਯਮਲਾ, ਆਸਾ, ਜੱਗਾ, ਮਾਣਕ, ਰੱਜ-ਰੱਜ ਇਸ ਨੂੰ ਗਾਇਆ
ਬਾਵਾ, ਬੀਬਾ, ਕੌਰ ਸੁਰਿੰਦਰ ਇਸ ਦਾ ਰਾਹ ਰੁਸ਼ਨਾਇਆ।

ਆਈ ਸਦੀ ਇੱਕੀਵੀਂ ਜਦ ਫਿਰ, ਨ੍ਹੇਰੀ ਐਸੀ ਝੁੱਲੀ
ਨਵੀਂ ਜਵਾਨੀ 'ਗਿਟਪਿਟ' ਕਰਦੀ, ਮਾਂ ਬੋਲੀ ਨੂੰ ਭੁੱਲੀ।
ਮਾਂ-ਬੋਲੀ ਹੈ ਇੱਜ਼ਤ ਸਾਡੀ, ਮਾਂ ਬੋਲੀ ਹੈ ਗਹਿਣਾ
ਭੁੱਲ ਗਏ ਜੇਕਰ ਮਾਂ ਬੋਲੀ ਨੂੰ, ਸਾਡਾ ਕੱਖ ਨਹੀਂ ਰਹਿਣਾ।

ਜਿਊਂਦੀ ਕੌਮ ਹੈ ਜਗ 'ਤੇ ਓਹੀ, ਮਾਂ ਬੋਲੀ ਜੋ ਪਿਆਰੇ
ਬਣ ਜਾਏ ਭੀੜ ਜੇ ਮਾਂ ਬੋਲੀ 'ਤੇ ਜਾਨ ਵੀ ਇਸ ਤੋਂ ਵਾਰੇ।
ਮਾਂ ਬੋਲੀ ਦਾ ਮਾਣ ਸਦਾ ਹੀ ਦਿਲ ਤੋਂ ਕਰਦੇ ਰਹੀਏ
ਰਹੀਏ ਭਾਵੇਂ ਮੁਲਕ ਬਿਗਾਨੇ, ਇਸ ਨੂੰ ਛੱਡ ਨਾ ਦੇਈਏ।

ਆਓ ਸਾਰੇ ਰਲ ਕੇ ਅੱਜ ਇਹ, ਕਰੀਏ ਜ਼ਰਾ ਤਿਆਰੀ
ਮਾਂ ਬੋਲੀ ਜਿੰਦਜਾਨ ਹੈ ਸਾਡੀ, ਸਭ ਤੋਂ ਵੱਧ ਪਿਆਰੀ।
ਪੰਜ-ਆਬਾਂ ਦੀ ਰਾਣੀ ਨੂੰ ਆਓ ਸਭ ਸਤਿਕਾਰ ਦੁਆਈਏ
'ਘਰ-ਬਾਹਰ' ਅਪਨਾ ਕੇ ਇਸ ਨੂੰ ਇਸਦੀ ਸ਼ਾਨ ਵਧਾਈਏ।

# AVANTE'

## BANQUETS & CONFERENCE CENTER






## CATERED WEDDING PACKAGE

***INCLUDES THE FOLLOWING:***

6 Hour Venue Rental *Time Extensions are Available
Custom Wedding Cake
Elegant White Linen & Napkins with Floor Length Tablecloth
Champagne Chiavari Chairs
Silk Floral Centerpieces with 12" Mirror
Private Bridal Suite Featuring a Makeup Table & Private Restroom 4
4 Hours Open Bar with Premium Alcohol (with Alcohol Package)
Wine Service Through-out Dinner (with Alcohol Included)
Includes All White Plate-ware, Upgraded Silver Flatware and Glassware
Room Floor-plan Coordinator *Complimentary Parking*
Beautiful Landscape with Carriage, Perfect for Photo Opportunities
20% Service Charge and 8% Sales Tax will be added to All Services



## ADDITIONAL UPGRADES

**LUXURIOUS WHITE LEATHER GUEST OF HONOR CHAIRS**
Choose our plush chairs to help you stand out. And make you feel even more special on your beautiful wedding day.

**CHAMPAGNE TOAST FOR EVERYONE**
Let your guests help to celebrate YOU on YOUR day while raising a glass in your honor.

**DRAPERY:** Beautiful, flowing white drapery to use behind your head table.
**UPLIGHTING:** Includes 6 multicolor LED up lights (Multiple Sets Available)

**SWEET TABLE PACKAGES**
TRADITIONAL and DELUXE

**DISPLAYS:**
ANTIPASTO DISPLAY
MEDITERRANEAN DISPLAY
SEAFOOD TOWER DISPLAY
CALAMARI PLATTER

**Late Night Eats Packages**

**1050 Northwest Hwy,
Fox River Grove, IL 60021**

**(847) 287-1006**

Office@AvanteBanquets.com
www.AvanteBanquets.com